# ਪੱਛਮੀ ਪੰਜਾਬ ਵਿੱਚ ਕੁਝ ਦਿਨ



ਸੁਵਰਨ ਸਿੰਘ ਵਿਰਕ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ

ਸਤਿਕਾਰ ਭੇਂਟ

ਵੱਲੋਂ

ਸ. ਦਰਸ਼ਨ ਸਿੰਘ ਚਿਤ੍ਰ

ਸ੍ਰੀ ਭੈਣੀ ਸਾਹਿਬ

21.8.2012

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿਚ ਕੁਝ ਦਿਨ

(ਸਫ਼ਰਨਾਮਾ)

ਸੁਵਰਨ ਸਿੰਘ ਵਿਰਕ

ਤਸਵੀਰ ਪ੍ਰਕਾਸ਼ਨ, ਸਿਰਸਾ

Sri Satguru Jagjit Singh Ji eLibrary NamdhariElibrary@gmail.com

# *Pachhmi Punjab Vich kujh Din*

**by : Suwarn Singh Virk**
**Vill & P.O. Kariwala-125075**
**Distt. Sirsa (Haryana)**
**Ph. 01698-274562(R)**
**M. 099963-71716**

**Rs. – 150/-**
**2012**

***Printed and Bound in India***
***Published by:***
***TASVEER PARKASHAN, SIRSA (Haryana)***
**E-mail: panniwalia@gmail.com**
**Printer: R.K. Offset Prosses, Delhi**

**All rights reserved:**
This book is sold subject to the condition that it shall not, by way of trade orotherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced stored in or introduced in to a retrieval system, or transmitted in any form or by any means (electronic, mechanical, photo copying, or otherwise), without the prior written permission of both the copyright owner and the publisher of this book.

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਪੂਰਬੀ ਤੇ ਪੱਛਮੀ ਪੰਜਾਬ ਦੇ ਸਾਹਿਤਕ
ਹਲਕਿਆਂ 'ਚ ਪੁਲ ਬਣਨ ਵਾਲੇ ਮਰਹੂਮ
ਸਾਥੀ ਚੰਨਣ ਸਿੰਘ ਵਿਰਕ ਕਰੀਵਾਲਾ ਦੇ ਨਾਂ

Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿਚ ਕੁਝ ਦਿਨ

(ਸਫ਼ਰਨਾਮਾ)

Sri Satguru Jagjit Singh Ji eLibrary NamdhariElibrary@gmail.com

## ਦੁਵੱਲੀ ਪੱਕੀ-ਪੀਡੀ ਸਾਂਝ ਦੀਆਂ ਦੁਆਵਾਂ ਕਰਦੀ ਇਬਾਰਤ
# ਪੱਛਮੀ ਪੰਜਾਬ ਵਿਚ ਕੁਝ ਦਿਨ

ਕਾਮਰੇਡ ਸੁਵਰਨ ਸਿੰਘ ਵਿਰਕ ਆਪਣੇ ਵਿਦਿਆਰਥੀ ਜੀਵਨ ਤੋਂ ਲੈ ਕੇ ਅੱਜ ਤੱਕ ਭਾਰਤੀ ਕਮਿਊਨਿਸਟ ਪਾਰਟੀ ਦੇ ਇਕ ਸਰਗ਼ਰਮ ਰੁਕਨ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਸ ਸਿਆਸੀ ਸਰਗ਼ਰਮੀ ਦੇ ਨਾਲ-ਨਾਲ ਉਹਨਾਂ ਦੇ ਸਮਾਜਕ-ਸਾਹਿਤਕ ਸਰੋਕਾਰਾਂ ਦਾ ਦਾਇਰਾ ਵੀ ਬੜਾ ਵਸੀਹ ਹੈ। ਸਮਾਜ ਦੇ ਵਿਭਿੰਨ ਖੇਤਰਾਂ ਅੰਦਰ ਉਹਨਾਂ ਦੀ ਵਿਸ਼ੇਸ਼ ਦਿਲਚਸਪੀ, ਸਾਰਥਕ ਅਤੇ ਸਿਹਤਮੰਦ ਦਖ਼ਲਅੰਦਾਜ਼ੀ ਨੇ ਉਹਨਾਂ ਦੀ ਸ਼ਖ਼ਸੀਅਤ ਦੇ ਨਿਖ਼ਾਰ ਵਿਚ ਅਹਿਮ ਅਤੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਟਕਸਾਲੀ ਨਾਮਧਾਰੀ ਪਰਿਵਾਰ ਦੀ ਗੁੜ੍ਹਤੀ, ਸਾਹਿਤ ਅਤੇ ਕਾਨੂੰਨ ਦੀ ਪੜ੍ਹਾਈ, ਅਗਾਂਹਵਧੂ-ਖੱਬੇਪੱਖੀ ਵਿਦਿਆਰਥੀ/ਨੌਜਵਾਨ ਜਥੇਬੰਦੀਆਂ ਅਤੇ ਮਜ਼ਦੂਰ-ਕਿਸਾਨ ਸੰਘਰਸ਼ਾਂ ਦੇ ਨਾਲ- ਨਾਲ ਪਾਰਟੀ ਸਫ਼ਾਂ ਅੰਦਰ ਭਰਪੂਰ ਸਰਗ਼ਰਮੀ, ਮਾਰਕਸਵਾਦ ਦੀ ਸਿਧਾਂਤਕ ਸੂਝ, ਸਿਹਤਮੰਦ ਸਿਆਸੀ-ਸਮਾਜੀ-ਸਾਹਿਤਕ- ਸਾਂਸਕ੍ਰਿਤਕ ਸਰੋਕਾਰਾਂ ਪ੍ਰਤੀ ਪ੍ਰਤੀਬੱਧਤਾ; ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਦੇ ਨਾਲ-ਨਾਲ ਸਾਬਕਾ ਸੋਵੀਅਤ ਰੂਸ ਅਤੇ ਪਾਕਿਸਤਾਨ ਆਦਿ ਮੁਲਕਾਂ ਦੀ ਫ਼ੇਰੀ, ਕੁਝ ਅਜਿਹੇ ਵੇਰਵੇ ਹਨ ਜਿਨ੍ਹਾਂ ਨੇ ਕਾਮਰੇਡ ਸੁਵਰਨ ਸਿੰਘ ਵਿਰਕ ਦੇ ਜੀਵਨ-ਅਨੁਭਵ ਨੂੰ ਵਧੇਰੇ ਸੂਖ਼ਮ, ਜ਼ਹੀਨ, ਗਹਿਨ, ਤੀਖਣ ਅਤੇ ਵਿਸ਼ਾਲ ਬਣਾਇਆ ਹੈ। ਸਮਾਜ ਦੇ ਵਿਭਿੰਨ ਖੇਤਰਾਂ ਅੰਦਰ ਅਥਾਹ ਘਾਲਣਾ ਉਹਨਾਂ ਨੂੰ ਇਕ ਵਿਅਕਤੀ-ਵਿਸ਼ੇਸ਼ ਤੋਂ ਪਾਰ ਇਕ ਸੰਸਥਾ ਦੇ ਰੂਪ ਵਿਚ ਸਥਾਪਤ ਕਰਨ ਦੇ ਸਮਰੱਥ ਹੈ।

ਕਾ. ਵਿਰਕ ਦੀ ਨਿੱਜੀ ਲਾਈਬ੍ਰੇਰੀ ਉਹਨਾਂ ਦੇ ਲਾਸਾਨੀ ਸੁਹਿਰਦ ਪਾਠਕ ਹੋਣ ਦਾ ਪ੍ਰਮਾਣ ਦੇਂਦੀ ਹੈ। ਸਾਹਿਤ, ਖ਼ਾਸ ਕਰ ਪੰਜਾਬੀ ਸਾਹਿਤ ਬਾਰੇ ਕਾਮਰੇਡ ਵਿਰਕ ਦੀ ਜਾਣਕਾਰੀ ਹੈਰਾਨੀਜਨਕ ਹੈ। ਸਾਹਿਤਕ/ਕਾਵਿਕ ਹਵਾਲਿਆਂ ਬਾਰੇ ਉਹਨਾਂ ਦੀ ਯਾਦ-ਸਮਰੱਥਾ ਲੋਹਾ ਮਨਵਾਉਂਦੀ ਹੈ। ਸਿੱਖ ਇਤਿਹਾਸ ਅਤੇ ਵਿਸ਼ੇਸ਼ ਤੌਰ 'ਤੇ ਨਾਮਧਾਰੀ/ਕੂਕਾ ਲਹਿਰ ਦੇ ਇਤਿਹਾਸ ਤੇ ਸਾਹਿਤ ਵਿਚ ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਰਹੀ ਹੈ। ਨਾਮਧਾਰੀ ਲਹਿਰ ਨਾਲ ਸੰਬੰਧਤ ਪੱਤਰ/ ਪੱਤਰਿਕਾਵਾਂ ਦੇ ਨਾਲ-ਨਾਲ ਹੋਰਨਾਂ ਸਾਹਿਤਕ ਪੱਤਰ/ ਪੱਤਰਿਕਾਵਾਂ ਅੰਦਰ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਨਿਰੰਤਰ ਪ੍ਰਕਾਸ਼ਿਤ ਹੁੰਦੀਆਂ/ਹੋ ਰਹੀਆਂ ਹਨ। 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਨਾਂ ਦੇ ਵੱਡ-ਆਕਾਰੀ ਗ੍ਰੰਥ ਦੀ ਸਿਰਜਣਾ ਉਹਨਾਂ ਦੀ ਏਸੇ ਰੁਚੀ ਦਾ ਪ੍ਰਮਾਣ ਹੈ। ਕਾਵਿ ਅਤੇ ਵਾਰਤਕ ਦੇ ਖੇਤਰ ਵਿਚ ਸਿਰਜਣਾ ਕਰਨ ਵਾਲੇ ਉਹ ਪੰਜਾਬੀ ਦੇ ਬਹੁ-ਵਿਧ ਲੇਖਕ ਹਨ। ਸਮੀਖਿਆ ਦੇ ਖੇਤਰ ਵਿਚ ਵੀ ਉਹਨਾਂ ਨੇ ਪੂਰੀ ਸ਼ਿੱਦਤ ਅਤੇ ਸੰਜੀਦਗੀ ਨਾਲ ਇਕ ਪ੍ਰਗਤੀਵਾਦੀ ਸਮੀਖਿਅਕ ਵਜੋਂ ਆਪਣੇ ਹਸਤਾਖ਼ਰ ਕਾਇਮ ਕੀਤੇ ਹਨ। ਉਹਨਾਂ ਨੂੰ ਜੇਕਰ ਪੰਜਾਬੀ ਸਾਹਿਤ-ਇਤਿਹਾਸ ਦਾ



Sri Satguru Jagjit Singh Ji eLibrary NamdhariElibrary@gmail.com

ਤੁਰਦਾ-ਫਿਰਦਾ ਇਨਸਾਈਕਲੋਪੀਡੀਆ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ। ਚਿੰਤਨ/ਮਨਨ/ਪੜ੍ਹਨ/ਲਿਖਣ ਦੀ ਲੰਮੇਰੀ ਸਿਰੜ-ਸਾਧਨਾ ਉਹਨਾਂ ਦੇ ਸੰਜੀਦਾ ਸ਼ਬਦ ਸਾਧਕ ਹੋਣ ਦੇ ਸੰਕਲਪ ਨੂੰ ਪੁਸ਼ਟ ਕਰਦੀ ਹੈ।

'ਪੱਛਮੀ ਪੰਜਾਬ ਵਿਚ ਕੁਝ ਦਿਨ' (ਸਫ਼ਰਨਾਮਾ) ਕਾ. ਸੁਵਰਨ ਸਿੰਘ ਵਿਰਕ ਵੱਲੋਂ ਇਕ ਸਿੱਖ ਜਥੇ ਦੇ ਮੈਂਬਰ ਵਜੋਂ 30 ਅਕਤੂਬਰ, 1998 ਤੋਂ 8 ਨਵੰਬਰ, 1998 ਤੱਕ ਕੀਤੀ ਨੌਂ ਦਿਨਾਂ ਦੀ ਪੱਛਮੀ ਪੰਜਾਬ (ਪਾਕਿਸਤਾਨ) ਦੀ ਯਾਤਰਾ ਦਾ ਬਿਰਤਾਂਤ ਹੈ। ਮਹਿਜ ਨੌਂ ਦਿਨਾਂ ਦੀ ਯਾਤਰਾ ਦੇ ਆਧਾਰ 'ਤੇ ਇਸ ਬਿਰਤਾਂਤ ਵਿਚ ਜੋ ਕੁਝ ਅਤੇ ਜਿਸ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ ਉਸਦੇ ਵੇਰਵੇ ਅਸੀਮ ਅਤੇ ਦਿਲਟੁੰਬਵੇਂ ਹਨ। ਸ਼ੈਲੀ ਬੇਹੱਦ ਰੌਚਕ ਹੋ ਨਿਬੜੀ ਹੈ ਅਤੇ ਵਿਸ਼ਲੇਸ਼ਣ ਹੈਰਾਨੀਜਨਕ। ਪੱਛਮੀ ਪੰਜਾਬ ਵਿਚ ਵਿਚਰਨ ਕਰਦਿਆਂ ਕਾ. ਸੁਵਰਨ ਸਿੰਘ ਵਿਰਕ ਨੇ ਉਥੋਂ ਦੇ ਲੋਕ-ਜੀਵਨ ਅਤੇ ਲੋਕ-ਵਿਹਾਰ ਨੂੰ ਬਹੁਤ ਹੀ ਡੂੰਘੀ ਅਤੇ ਬਾਰੀਕੀ ਨਾਲ ਨਿਰਖਿਆ-ਪਰਖਿਆ ਹੀ ਨਹੀਂ ਸਗੋਂ ਉਸਨੂੰ ਥਾਂ-ਪੁਰ-ਥਾਂ ਪੂਰਬੀ ਪੰਜਾਬ ਦੇ ਲੋਕ ਜੀਵਨ ਅਤੇ ਲੋਕ ਵਿਹਾਰ ਦੇ ਨਾਲ-ਨਾਲ ਤੁਲਨਾਇਆ ਵੀ ਹੈ। ਦੋਹਾਂ ਮੁਲਕਾਂ ਦੇ ਧਾਰਮਿਕ- ਆਰਥਿਕ-ਸਮਾਜਕ- ਸਾਹਿਤਕ- ਸਾਂਸਕ੍ਰਿਤਕ ਅਤੇ ਸਿਆਸੀ ਹਾਲਾਤਾਂ ਦਾ ਵਿਸਥਾਰ ਵਿਚ ਜਾਇਜ਼ਾ ਲੈਂਦਿਆਂ ਜਿੱਥੇ ਇਸ ਰਾਹੀਂ ਦੇਸ਼ ਦੀ ਵੰਡ ਦੇ ਸੰਤਾਪ ਤੋਂ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਸਬਕ ਸਿੱਖਣ ਦੀ ਅਪੀਲ ਕੀਤੀ ਗਈ ਹੈ ਉਥੇ ਬੀਤੇ ਸਮੇਂ ਤੋਂ ਉਪਰ ਉੱਠ ਕੇ ਦੁਵੱਲੀ ਸਾਂਝ ਨੂੰ ਈਮਾਨਦਾਰੀ ਨਾਲ ਹੋਰ ਵਧੇਰੇ ਪੱਕਿਆਂ ਪੀਡਿਆਂ ਕਰਨ ਲਈ ਪ੍ਰੇਰਿਤ ਵੀ ਕੀਤਾ ਗਿਆ ਹੈ। ਇਸ ਸਫ਼ਰਨਾਮੇ ਵਿਚ ਜਿਸ ਸ਼ੈਲੀ ਰਾਹੀਂ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਦੇ ਤਾਣੇ-ਪੇਟੇ ਦੀ ਉਣਤੀ-ਬੁਣਤੀ ਕੀਤੀ ਗਈ ਹੈ ਉਸ ਨਾਲ ਇਹ ਦੋਹਾਂ ਮੁਲਕਾਂ ਵਿਚਕਾਰ ਇਕ ਦੋਸਤੀ ਦੇ ਪੁਲ ਦਾ ਕੰਮ ਕਰੇਗਾ। ਇਸ ਸੰਬੰਧ ਵਿਚ ਲੇਖਕ ਵੱਲੋਂ ਕੀਤੀ ਇਸ ਦੁਆ ਦਾ ਜਿਕਰ ਕਰਨਾ ਢੁਕਵਾਂ ਪ੍ਰਤੀਤ ਹੁੰਦਾ ਹੈ ਕਿ,"ਅਸੀਂ ਤੇ ਦੁਆ ਹੀ ਕਰ ਸਕਦੇ ਹਾਂ ਕਿ ਪੰਜਾਬਣ ਮਾਂ ਦੇ ਦੋਵੇਂ ਪੁੱਤਰ ਬਰਫ਼ ਮਕਾਨਾਂ ਦੀ ਕੈਦ ਵਿਚੋਂ ਛੇਤੀ ਰਿਹਾਅ ਹੋ ਜਾਣ ਅਤੇ ਆਪਣੀ ਸਾਂਝ ਦੀਆਂ ਤੰਦਾਂ ਨੂੰ ਪੀਡਿਆਂ ਕਰਨ ਦੀ ਖੇਡ ਖੇਡਣੀ ਸ਼ੁਰੂ ਕਰਨ।"

ਇਸ ਸਫ਼ਰਨਾਮੇ ਵਿਚ ਕਾ. ਵਿਰਕ ਨੇ ਦੋਹਾਂ ਮੁਲਕਾਂ ਦੇ ਵੱਖ ਹੋਣ ਉਪਰੰਤ ਸਮਾਜਕ ਵਿਕਾਸ ਦੇ ਸਭਨਾਂ ਪੱਖਾਂ ਦੇ ਪੱਧਰਾਂ ਦਾ ਜੋ ਤੁਲਨਾਤਮਕ ਅਧਿਐਨ/ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ, ਉਹ ਕਮਾਲ ਦਾ ਹੈ। ਦੋਹਾਂ ਮੁਲਕਾਂ ਦੇ ਆਮ ਲੋਕ-ਵਿਹਾਰ ਦੀ ਜਾਣਕਾਰੀ ਵੀ ਵਿਸ਼ੇਸ਼ ਧਿਆਨ ਖਿੱਚਦੀ ਹੈ। ਖੇਤੀਬਾੜੀ ਦੇ ਪੱਧਰ ਅਤੇ ਤਕਨੀਕ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਦਿਆਂ ਪਾਕਿਸਤਾਨੀ ਖੇਤੀਬਾੜੀ ਦੇ ਪਛੜੇਵੇਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਬੜੇ ਸੂਖ਼ਮ ਢੰਗ ਨਾਲ ਕੀਤੀ ਗਈ ਹੈ। ਇਸ ਤਰ੍ਹਾਂ 'ਪੱਛਮੀ ਪੰਜਾਬ ਵਿਚ



Sri Satguru Jagjit Singh Ji eLibrary NamdhariElibrary@gmail.com

ਕੁਝ ਦਿਨ' ਨਾਂ ਦੀ ਇਹ ਕਿਰਤ ਮਹਿਜ ਸਫ਼ਰਨਾਮਾ ਨਾ ਰਹਿ ਕੇ ਇਕ ਅਹਿਮ ਦਸਤਾਵੇਜ ਦਾ ਦਰਜਾ ਧਾਰਣ ਕਰ ਗਈ ਹੈ ਜਿਸ ਵਿਚ ਜਿੱਥੇ ਦੋਹਾਂ ਮੁਲਕਾਂ ਦੇ ਲੋਕਾਂ ਦੀਆਂ ਹਾਂ-ਮੁਖੀ ਕਦਰਾਂ-ਕੀਮਤਾਂ/ਜੀਵਨ ਜਾਚ ਨੂੰ ਬੜੇ ਮਾਨ ਨਾਲ ਵਡਿਆਇਆ ਗਿਆ ਹੈ ਉਥੇ ਜੀਵਨ-ਜਾਚ ਦੇ ਕਈਆਂ ਪੱਖਾਂ ਉਪਰ ਆਏ ਨਿਘਾਰ ਉਪਰ ਬੇਬਾਕੀ ਨਾਲ ਕਾਟਾ ਫੇਰਿਆ ਗਿਆ ਹੈ। ਇਸ ਤਰ੍ਹਾਂ ਇਸ ਸਫ਼ਰਨਾਮੇ ਵਿਚ ਜਿੱਥੇ ਸਿਹਤਮੰਦ ਮਨੁੱਖੀ ਮੁੱਲਾਂ/ਵਰਤਾਰਿਆਂ ਦੇ ਸਦ-ਜੀਵੀ ਰਹਿਣ ਦੇ ਜੈਕਾਰੇ ਗੂੰਜਦੇ ਹਨ ਉਥੇ ਨਾਂਹ-ਮੁਖੀ/ਗ਼ੈਰ-ਮਨੁੱਖੀ ਵਰਤਾਰਿਆਂ ਦੇ ਛੇਤੀ ਫ਼ੌਤ/ਨੇਸਤਨਾਬੂਦ ਹੋ ਜਾਣ ਬਦ-ਅਸੀਸਾਂ ਵੀ ਵਿਦਮਾਨ ਹਨ। ਇਸ ਸਫ਼ਰਨਾਮੇ ਵਿਚ ਦੇਸ਼ ਭਗਤ ਨਾਇਕਾਂ/ਸੂਰਬੀਰ ਯੋਧਿਆਂ ਦੇ ਨਾਲ-ਨਾਲ ਸਿੱਖ/ਨਾਮਧਾਰੀ/ਕੂਕੇ ਨਾਇਕਾਂ/ ਜਰਨੈਲਾਂ ਦਾ ਵੀ ਭਰਵਾਂ ਜੱਸ ਗਾਇਨ ਮਿਲਦਾ ਹੈ।

ਆਪਣੀ ਗੱਲ ਨੂੰ ਅੱਗੇ ਤੋਰਨ, ਆਪਣੇ ਮਤ ਦੀ ਪੁਸ਼ਟੀ ਕਰਨ, ਕੋਈ ਮਿਸਾਲ ਦੇਣ ਜਾਂ ਕਿਸੇ ਹਵਾਲੇ ਦੇ ਪ੍ਰਮਾਣ ਲਈ ਸਾਹਿਤ/ਇਤਿਹਾਸ ਦੀਆਂ ਮਿਸਾਲਾਂ ਢੇਰ ਵੀ ਹਨ ਅਤੇ ਬੇਮਿਸਾਲ ਵੀ। ਇਤਿਹਾਸਕ ਮਿਸਾਲਾਂ ਨੇ ਜਿੱਥੇ ਇਸ ਰਚਨਾ ਨੂੰ ਇਕ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ ਉਥੇ ਇਸ ਵਿਚ ਬੜੀ ਤਰਕ- ਭਰਪੂਰ ਵਿਧੀ ਨਾਲ ਇਤਿਹਾਸ-ਮਿਥਿਹਾਸ ਵਿਚ ਨਿਖੇੜ ਅਤੇ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਬੜੀ ਬੇਬਾਕੀ ਨਾਲ ਨਿਸ਼ਾਨਦੇਹੀ ਕੀਤੀ ਗਈ ਹੈ। ਕਿਸੇ ਵੀ ਸਥਾਨਕ ਵੇਰਵੇ/ਵਰਤਾਰੇ ਬਾਰੇ ਜਾਣਕਾਰੀ ਦੇਂਦਿਆਂ ਉਸਨੂੰ ਕੌਮੀ/ਕੌਮਾਂਤਰੀ ਪ੍ਰਸੰਗਾਂ/ ਸੰਦਰਭਾਂ ਨਾਲ ਜੋੜ ਦੇਣਾ ਅਤੇ ਕਿਸੇ ਕੌਮਾਂਤਰੀ/ ਕੌਮੀ ਵੇਰਵੇ/ ਵਰਤਾਰੇ ਦੀ ਗੱਲ ਕਰਦਿਆਂ ਉਸਦੇ ਸਥਾਨਕ ਪੱਧਰ ਤੇ ਪਏ/ਪੈਂਦੇ ਪ੍ਰਭਾਵ ਦੀ ਨਜ਼ਰਸਾਨੀ ਕਰ ਜਾਣਾ ਕਾਮਰੇਡ ਵਿਰਕ ਦੀ ਸ਼ੈਲੀ ਦਾ ਮੀਰੀ ਗੁਣ ਹੈ। ਇਸ ਸਹਿਜ ਪੇਸ਼ਕਾਰੀ ਵਿਚੋਂ ਹਵਾਲਿਆਂ ਦੀਆਂ ਪਰਤ-ਦਰ-ਪਰਤ ਪਰਤਾਂ ਉਘੜਦੀਆਂ ਆਉਂਦੀਆਂ ਹਨ ਅਤੇ ਫਿਰ ਇਕ ਬਝਵੇਂ ਪ੍ਰਭਾਵ ਦਾ ਸਬੱਬ ਬਣਦੀਆਂ ਹਨ। ਜੇਕਰ ਏਥੇ ਅਜਿਹੇ ਵੇਰਵਿਆਂ ਦੀਆਂ; ਸ਼ੈਲੀ ਦੇ ਰੌਚਿਕ ਪੱਖ ਦੀਆਂ; ਬਿਰਤਾਂਤ ਦੇ ਬਿਆਨੀਆਂ ਢੰਗ ਦੀਆਂ; ਸਫ਼ਰਨਾਮੇ ਵਿਚਲੇ ਪਾਤਰਾਂ, ਉਹਨਾਂ ਦੇ ਨਾਵਾਂ, ਥਾਵਾਂ, ਜਾਤਾਂ, ਗੋਤਾਂ, ਪਿਛੋਕੜ ਦੀਆਂ ਅਤੇ ਇਤਿਹਾਸਕ-ਮਿਥਿਹਾਸਕ ਸੰਦਰਭਾਂ ਦੀਆਂ ਮਿਸਾਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਜਾਣ ਤਾਂ ਖਿਲਾਰਾ ਲੋੜ ਤੋਂ ਵਧੇਰੇ ਖਿੱਲਰ ਜਾਣ ਦੀਆਂ ਸੰਭਾਵਨਾਵਾਂ ਨਜ਼ਰੀ ਪੈਂਦੀਆਂ ਹਨ। ਸਫ਼ਰਨਾਮੇ ਵਿਚ ਦਰਜ ਸਾਹਿਤਕਾਰਾਂ/ਸਾਹਿਤਕ ਸੰਦਰਭਾਂ/ਸਾਹਿਤਕ ਹਵਾਲਿਆਂ/ ਕਾਵਿ-ਟੂਕਾਂ ਦਾ ਜ਼ਿਕਰ ਵੀ ਬਹੁਤ ਵਿਸਥਾਰ ਦੀ ਮੰਗ ਕਰਦਾ ਹੈ। ਇਸ ਸਭ ਤੋਂ ਬਚਣਾ ਇਸ ਲਈ ਵੀ ਜਰੂਰੀ ਹੈ ਕਿ ਇਹ ਇਕ ਤਰ੍ਹਾਂ ਨਾਲ ਬਿਆਨ ਦਾ ਦੁਹਰਾਉ ਹੀ ਹੋਵੇਗਾ ਕਿਉਂਕਿ ਇਸ ਸਫ਼ਰਨਾਮੇ ਦਾ ਪਾਠ ਕਰਦਿਆਂ ਸੁਹਿਰਦ ਪਾਠਕ ਖੁਦ ਹੀ ਆਪਣੇ ਆਪ ਨੂੰ, ਇਕ ਗਹਿਨ ਅਤੇ ਵਿਸ਼ਾਲ ਅਨੁਭਵ ਰਾਹੀਂ ਸਿਰਜਿਤ, ਇਕ ਵਿਸ਼ਾਲ ਧਰਾਤਲ



Sri Satguru Jagjit Singh Ji eLibrary NamdhariElibrary@gmail.com

ਉਪਰ ਵਿਚਰਨ ਕਰਦਿਆਂ ਮਹਿਸੂਸ ਕਰਨਗੇ। ਇਹ ਉਹ ਧਰਾਤਲ ਵੀ ਹੈ ਜਿਸ ਨਾਲ ਕਾ. ਵਿਰਕ ਦੇ ਪੁਰਖਿਆਂ ਦੀਆਂ ਸਿੰਮ੍ਰਤੀਆਂ ਜੁੜੀਆਂ ਹੋਈਆਂ ਹਨ ਅਤੇ ਇਹ ਸਭ ਲਹੂ-ਮਿੱਟੀ ਦੀ ਸਾਂਝ ਵਿਚੋਂ ਪੈਦਾ ਹੋਈਆਂ ਭਾਵਨਾਵਾਂ ਦਾ ਪ੍ਰਤੀਫ਼ਲ ਵੀ ਹੈ। ਇਤਿਹਾਸਕ ਦੇ ਨਾਲ-ਨਾਲ ਇਹ ਸਫ਼ਰਨਾਮਾ ਸਮਾਜਕ ਅਤੇ ਸਾਹਿਤਕ ਦਸਤਾਵੇਜ ਵੀ ਹੋ ਨਿਬੜਨ ਦੇ ਸਮਰੱਥ ਹੈ।

ਹੋਰਨਾਂ ਸਭਨਾਂ ਸਮਾਜਕ ਵਰਤਾਰਿਆਂ ਦੇ ਨਾਲ- ਨਾਲ ਕਾ. ਸੁਰਵਨ ਸਿੰਘ ਵਿਰਕ ਦੀ ਸੁਹਿਰਦ ਲੇਖਣੀ ਦਾ ਜੋ ਸਭ ਤੋਂ ਵੱਡਾ ਫ਼ਿਕਰ ਇਸ ਸਫ਼ਰਨਾਮੇ ਵਿਚ ਪ੍ਰਤੀਤ ਹੁੰਦਾ ਹੈ ਉਹ ਹੈ ਦੋਹਾਂ ਮੁਲਕਾਂ ਦੇ ਲੋਕਾਂ ਦੀ ਆਪਸੀ ਸਾਂਝ ਭਿਆਲੀ। ਇਹੀ ਵਜ੍ਹਾ ਹੈ ਕਿ ਸੰਕੀਰਣਤਾ ਦੀਆਂ ਤੰਗ ਵਲਗਣਾ ਤੋਂ ਉਪਰ ਉੱਠ ਕੇ ਆਪਸੀ ਸਾਂਝ-ਭਿਆਲੀ ਨੂੰ ਹੋਰ ਵਧੇਰੇ ਸ਼ਿੱਦਤ, ਸੰਜੀਦਗੀ, ਪੁਖ਼ਤਗੀ, ਗੰਭੀਰਤਾ, ਬੇਬਾਕੀ ਅਤੇ ਈਮਾਨਦਾਰੀ ਨਾਲ ਪੀਡਿਆਂ ਕਰਨ ਦਾ ਹੋਕਾ ਇਸ ਸਫ਼ਰਨਾਮੇ ਦਾ ਵੱਡਾ ਹਾਸਿਲ ਹੈ। ਲੇਖਕ ਦੀ ਇਹ ਦਿਲੀ-ਇੱਛਾ ਜਰੂਰ ਰੰਗ ਲਿਆਵੇਗੀ, ਅਜਿਹਾ ਵਿਸ਼ਵਾਸ ਬੱਝਦਾ ਹੈ। ਪੱਛਮੀ ਪੰਜਾਬ ਦੇ ਨਾਲ-ਨਾਲ ਪੂਰਬੀ ਪੰਜਾਬ ਦੇ ਲੋਕ-ਜੀਵਨ ਅਤੇ ਲੋਕ-ਵਿਹਾਰ ਨੂੰ ਸੁਹਜ ਭਰਪੂਰ ਲੋਕ-ਭਾਸ਼ਾ ਵਿਚ ਚਿਤਰਦਾ ਇਹ ਸਫ਼ਰਨਾਮਾ ਦੋਹਾਂ ਮੁਲਕਾਂ ਦੇ ਸਮਾਜ-ਸਭਿਆਚਾਰ ਦੀ ਜੀਊਂਦੀ ਜਾਗਦੀ ਤਸਵੀਰ ਹੈ। ਪਾਕਿਸਤਾਨ ਬਾਰੇ ਹੋਰ ਵੀ ਕਾਫ਼ੀ ਭਾਵਪੂਰਤ, ਰੌਚਿਕ ਸੰਵੇਦਨਾ ਭਰਪੂਰ ਅਤੇ ਵਿਚਾਰ-ਉਤੇਜਕ ਸਫ਼ਰਨਾਮੇ ਰਚੇ ਲਿਖੇ ਹਨ ਪਰੰਤੂ ਇਹ ਸੰਖੇਪ ਅਤੇ ਅਤਿ ਪ੍ਰਭਾਵਸ਼ਾਲੀ ਰਚਨਾ ਇਹਨਾਂ ਸਫ਼ਰਨਾਮਿਆਂ ਵਿਚ ਆਪਣਾ ਮਿਆਰੀ ਸਥਾਨ ਹਾਸਿਲ ਕਰੇਗੀ, ਸੁਹਿਰਦ ਪਾਠਕ ਆਪਣੀ ਸਹਿਮਤੀ ਪ੍ਰਗਟਾਅ ਕੇ ਉਕਤ ਮਤ ਦੀ ਪੁਸ਼ਟੀ ਕਰਨਗੇ।

ਇਸ ਸਫ਼ਰਨਾਮੇ ਬਾਰੇ 'ਆਦਿ ਸ਼ਬਦ' ਲਿਖਣ ਦਾ ਜਿੰਮਾ ਸੌਂਪ ਕੇ ਕਾ. ਸੁਵਰਨ ਸਿੰਘ ਵਿਰਕ ਨੇ ਮੇਰੇ ਪ੍ਰਤੀ ਜੋ ਵਿਸ਼ਵਾਸ ਵਿਅਕਤ ਕੀਤਾ ਹੈ, ਇਸ ਲਈ ਮੈਂ ਉਹਨਾਂ ਦਾ ਸਦੀਵੀ ਅਹਿਸਾਨਮੰਦ ਰਹਾਂਗਾ। ਮੇਰੇ ਪ੍ਰਤੀ ਇਹ ਉਹਨਾਂ ਦਾ ਵੱਡਾ ਨਜ਼ਰਾਨਾ ਹੈ। ਸਮਾਜਕ ਵਿਸੰਗਤੀਆਂ ਨੂੰ ਬੇਬਾਕੀ, ਬੇਕਿਰਕੀ ਨਾਲ ਬੇਪਰਦ ਕਰਦੀ ਅਤੇ ਇਨਸਾਫ਼, ਬਰਾਬਰੀ ਤੇ ਭਾਈਚਾਰਕ ਸਾਂਝ ਦਾ ਹੋਕਾ ਦੇਣ ਵਾਲੀ ਇਹ ਬੇਖ਼ੌਫ਼ ਕਲਮ ਏਸੇ ਜ਼ੋਰ ਚੱਲਦੀ ਰਹੇ, ਮੇਰੀ ਦਿਲ ਲੋਚਾ ਹੈ। ਆਮੀਨ!

**ਡਾ. ਹਰਵਿੰਦਰ ਸਿੰਘ 'ਸਿਰਸਾ'**
ਪੰਜਾਬੀ ਵਿਭਾਗ, ਚੋਧਰੀ ਮਨੀ ਰਾਮ ਭੋਰੜ ਸਰਕਾਰੀ ਕਾਲਜ
ਮਿੱਠੀ ਸੁਰੇਰਾਂ (ਐਲਨਾਬਾਦ) ਸਿਰਸਾ



Sri Satguru Jagjit Singh Ji eLibrary NamdhariElibrary@gmail.com

# ਸਵੈ-ਕਥਨ

**"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥**
**ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥"** (ਸੂਹੀ ਮਹਲਾ ਪਹਿਲਾ, 767)

ਇਹ ਆਪਣੀ ਗੰਠੜੀ ਫੋਲਣ ਦਾ ਉਪਰਾਲਾ ਹੀ ਹੈ, ਕੋਈ 14 ਕੁ ਵਰ੍ਹੇ ਪਹਿਲੇ ਕੀਤੀ ਦੂਜੀ ਪਾਕਿਸਤਾਨ ਯਾਤਰਾ ਦਾ ਇਹ ਸੰਖੇਪ ਜਿਹਾ ਵਰਣਨ। ਪਹਿਲਾਂ ਮੈਂ ਆਪਣੇ ਵਿਦਿਆਰਥੀ ਜੀਵਨ ਸਮੇਂ ਆਦਿ ਗੁਰੂ ਬਾਬਾ ਨਾਨਕ ਜੀ ਦੇ ਪੰਜ ਸੌ ਸਾਲਾ ਪਰਕਾਸ਼ ਪੁਰਬ ਸਮੇਂ, ਪ੍ਰੋ. ਹਰਦਿਆਲ ਸਿੰਘ ਹੋਰਾਂ ਦੀ ਕ੍ਰਿਪਾ ਸਦਕਾ, 1969 ਵਿਚ ਕੁਝ ਦਿਨਾਂ ਦੀ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ ਸੀ। ਪ੍ਰੋ. ਸਾਹਿਬ ਜੋ ਲੰਮਾਂ ਸਮਾਂ ਨੈਸ਼ਨਲ ਕਾਲਜ, ਸਿਰਸਾ ਵਿਖੇ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਸਨ, ਆਪਣੇ ਸਹਾਇਕ ਦੇ ਤੌਰ 'ਤੇ ਮੈਨੂੰ ਨਾਲ ਲੈ ਜਾਣਾ ਚਾਹੁੰਦੇ ਸਨ ਪਰ ਉਹਨਾਂ ਦਾ ਪਾਸਪੋਰਟ/ਵੀਜ਼ਾ ਆਦਿ ਹਰਿਆਣਾ ਦੀ ਬੰਸੀ ਲਾਲ ਸਰਕਾਰ ਦੀ ਮਿਹਰਬਾਨੀ ਸਦਕਾ ਨਾ ਬਣਿਆ ਪਰ ਮੈਂ ਜਾ ਆਇਆ। ਪ੍ਰੋਫੈਸਰ ਸਾਹਿਬ ਸਮਾਜ ਭਲਾਈ ਵਿਚਾਰਾਂ ਦੇ ਸਨ ਅਤੇ ਗੁਰੂ ਘਰ ਦੇ ਵੀ ਵੱਡੇ ਸ਼ਰਧਾਲੂ ਸਨ। ਉਹਨਾਂ ਦਾ ਆਪਣੇ ਵਿਦਿਆਰਥੀਆਂ ਨੂੰ ਆਖਿਰ ਇਹ ਕਹਿਣਾ ਹੁੰਦਾ ਸੀ ਕਿ ਭਾਰਤ ਵਿਚ ਸਮਾਜਵਾਦ, ਭਗਤੀ ਅੰਦੋਲਨ ਅਤੇ ਗੁਰਬਾਣੀ ਦੀ ਮਾਰਫ਼ਤ ਹੀ ਲਿਆਂਦਾ ਜਾ ਸਕਦਾ ਹੈ। ਖ਼ੈਰ ਮੇਰੀ ਦੂਜੀ ਫੇਰੀ ਪਹਿਲੀ ਨਾਲੋਂ ਕੁਝ ਵਿਸਥਾਰ ਵਾਲੀ ਸੀ। ਇਸ ਦੇ ਅਨੁਭਵ ਆਪਣੇ ਢੰਗ ਨਾਲ ਮੈਂ ਕੋਈ 13 ਕੁ ਸਾਲ ਪਹਿਲਾਂ ਲਿਖ ਲਏ ਸਨ।

ਪਾਕਿਸਤਾਨ ਪ੍ਰਤੀ ਜਾਂ ਇਸ ਦੇ ਪੰਜਾਬ ਵਾਲੇ ਖਿੱਤੇ ਪ੍ਰਤੀ ਇਕ ਹੇਜ ਜਿਹਾ ਤਾਂ ਪੁਰਖਿਆਂ ਦੀ ਭੂਮੀ ਕਰਕੇ ਬਣਿਆ ਹੀ ਰਹਿੰਦਾ ਹੈ। ਇਹੋ ਜਿਹਾ ਭੂ ਹੇਰਵਾ ਇਧਰਲੇ ਪੰਜਾਬ ਵਿਚੋਂ ਉਧਰ ਜਾਣ ਵਾਲੇ ਪੰਜਾਬੀਆਂ ਨੇ ਵੀ ਭੁਗਤਿਆ ਹੈ। ਸ਼ੇਖਾਵਟੀ (ਰਾਜਸਥਾਨ) ਵਿਚੋਂ ਉਧਰ ਗਿਆ ਵਿਸ਼ਵ ਵਿਖਿਆਤ ਗ਼ਜ਼ਲ ਗਾਇਕ ਮਹਿੰਦੀ ਹਸਨ ਜੋ ਹੁਣੇ ਜਿਹੇ ਗੁਜ਼ਰਿਆ ਹੈ, ਜਨਮ ਭੂਮੀ ਦੀ ਆਖਰੀ ਵੇਰਜ਼ਿਅਰਤ ਨਾ ਕਰਨ ਦਾ ਵਿਯੋਗ ਵੀ ਨਾਲ ਹੀ ਲੈ ਗਿਆ। ਡਾ. ਜਮਾਲ-ਉਦ-ਦੀਨ ਜਮਾਲ ਹੁਸ਼ਿਆਰਪੁਰੀ ਇਸ ਹੇਰਵੇ ਨੂੰ ਇਕ ਗ਼ਜ਼ਲ ਦੇ ਖ਼ੂਬਸੂਰਤ ਸ਼ੇਅਰ ਵਿਚ ਇਉਂ ਬਿਆਨ ਕਰਦੇ ਹਨ :-

"ਸੁਣਿਆ ਤਿਰੇ ਬਹਿਸ਼ਤ ਵਿਚ ਕੋਈ ਕਮੀ ਨਹੀਂ
ਰੱਬਾ! ਕੀ ਉਥੇ ਹੈ ਨੇ ਦਸੂਹਾ ਮੁਕੇਰੀਆਂ?"

ਸਹਾਰੀ (ਜ਼ਿਲ੍ਹਾ ਲਹੌਰ ਹੁਣ ਕਸੂਰ) ਦੇ ਕਾਮਰੇਡ ਚੰਨਣ ਸਿੰਘ ਵਿਰਕ ਵਲਦ ਧਾਰਾ ਸਿੰਘ ਉਰਫ ਫੂਲਾ ਸਿੰਘ, ਵੰਡ ਤੋਂ ਬਾਅਦ ਸਾਡੇ ਪਿੰਡ ਕਰੀਵਾਲਾ ਵਿਚ 8-9 ਸਾਲ ਦੀ ਉਮਰੇ ਆ ਵੱਸੇ ਸਨ। ਪਿਛਲੇ ਪਿੰਡਾਂ ਨਾਲ ਮੋਹ, ਉਹਨਾਂ ਨੂੰ ਉਰਦੂ ਭਾਸ਼ਾ ਦੇ ਆਪਣੇ



Sri Satguru Jagjit Singh Ji eLibrary NamdhariElibrary@gmail.com

ਯਤਨਾਂ ਨਾਲ ਹਾਸਲ ਕੀਤੇ ਗਿਆਨ ਤੱਕ ਲੈ ਗਿਆ। ਹਿੰਦ ਪਾਕ ਦੇ ਸਾਰੇ ਚੋਣਵੇਂ ਉਰਦੂ ਅਤੇ ਪੰਜਾਬੀ ਅਦੀਬਾਂ ਨਾਲ ਉਹਨਾਂ ਦੀ ਡੂੰਘੀ ਸਾਂਝ ਸੀ। ਉਹਨਾਂ ਲਈ ਪਾਕਿਸਤਾਨੀ ਮਿੱਤਰਾਂ ਵੱਲੋਂ ਢੇਰ ਸਾਹਿਤ (ਸ਼ਾਹਮੁਖੀ ਵਿਚ) ਡਾਕ ਰਾਹੀਂ ਇਧਰ ਆਉਂਦਾ। ਉਹ ਉਹਨਾਂ ਸੱਜਣਾਂ ਦੀ ਫੁਰਮਾਇਸ਼ ਤੇ ਕਿਸੇ ਉਰਦੂ ਰਸਾਲੇ ਪੁਸਤਕ ਲਈ ਲਖਨਊ/ਹੈਦਰਾਬਾਦ ਤੱਕ ਪੁੱਜ ਜਾਂਦੇ ਅਤੇ ਉਹਨਾਂ ਨੂੰ ਪਾਰਸਲ ਕਰਕੇ ਮੁੜਦੇ। ਉਹ ਕੁਰਅਤਲੈਨ ਹੈਦਰ ਨੂੰ ਮਿਲਣ ਇਕ ਵੇਰ ਦਿੱਲੀ ਤੋਂ ਬੰਬਈ ਹਵਾਈ ਰਸਤੇ ਪੁੱਜ ਗਏ ਸਨ। ਉਹਨਾਂ ਦੀ ਆਰਥਿਕ ਸਥਿਤੀ ਕਦੇ ਵੀ ਉਹਨਾਂ ਦੇ ਸਾਹਿਤਕ ਸ਼ੌਕ ਅਤੇ ਹਿੰਦ ਪਾਕ ਦੋਸਤੀ ਦੇ ਰਾਹ ਦਾ ਰੋੜਾ ਨਹੀਂ ਬਣੀ। ਉਹ ਸੀ.ਪੀ.ਆਈ. ਬ੍ਰਾਂਚ ਕਰੀਵਾਲਾ ਦੇ 1972 ਵਿਚ ਮੋਢੀ ਮੈਂਬਰ ਬਣੇ ਅਤੇ ਮਈ 2011 ਵਿਚ ਆਪਣੀ ਵਫਾਤ ਤੱਕ ਲਾਲ ਝੰਡੇ ਦੇ ਵਫਾਦਾਰ ਰਹੇ। ਇਸ ਲਈ ਮੈਂ ਇਹ ਰਚਨਾ ਉਸ ਵਿਛੜੇ ਸੱਜਣ ਨੂੰ ਭੇਂਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਲੇਖਕ "ਸ਼੍ਰੋਮਣੀ ਸਾਹਿਤਕ ਪੱਤਰਕਾਰ" ਸ੍ਰ. ਜਗਦੀਸ਼ ਸਿੰਘ ਵਰਿਆਮ ਸੰਪਾਦਕ ਵਰਿਆਮ (ਮਾਸਿਕ) ਜਲੰਧਰ ਦਾ, ਇਸ ਗੱਲੇ ਧੰਨਵਾਦੀ ਹੈ ਕਿ ਉਹਨਾਂ ਨੇ ਇਸ ਰਚਨਾ ਨੂੰ ਬੜੀ ਰੀਝ ਨਾਲ ਆਪਣੇ ਮਾਸਿਕ ਪੱਤਰ ਦੇ ਅੰਕਾਂ ਵਿਚ ਖੁੱਲ੍ਹੀ ਜਗ੍ਹਾ ਦਿੱਤੀ। ਮੇਰੇ ਜਿਹੇ, ਲਿਖਣ ਕਾਰਜ ਵਿਚ ਖੜੋਤ ਦੀ ਦਸ਼ਾ ਵਿਚ ਪੁੱਜੇ ਨੂੰ, ਮੁੜ ਕਲਮ ਪਕੜਾਉਣ ਦਾ ਸਿਹਰਾ, ਵੱਡੇ ਭਰਾ ਵਰਿਆਮ ਨੂੰ ਜਾਂਦਾ ਹੈ।

ਇਸ ਸਫਰ ਨਾਮੇ ਨੂੰ ਪੁਸਤਕ ਰੂਪ ਦੇਣ ਲਈ ਸਾਥੋਂ ਵਿੱਛੜੇ ਪਰਸਿੱਧ ਪ੍ਰਗਤੀਸ਼ੀਲ ਪੰਜਾਬੀ ਕਵੀ, ਬਹੁਤ ਪੁਰਾਣੇ ਮਿੱਤਰ ਹਰਿਭਜਨ ਸਿੰਘ ਰੈਣੂ ਅਤੇ ਪ੍ਰੋ. ਸੁਖਦੇਵ ਸਿੰਘ ਸਿਰਸਾ ਵੀ ਲੇਖਕ ਨੂੰ ਲਗਾਤਾਰ ਟੁੰਬਦੇ ਰਹੇ। ਮੇਰੇ ਅਜ਼ੀਜ਼ ਪ੍ਰੋ. ਹਰਵਿੰਦਰ ਸਿੰਘ ਸਿਰਸਾ ਨੇ ਤਾਂ ਵਰਿਆਮ ਵਿਚ ਛਪਣ ਤੋਂ ਫੌਰਨ ਬਾਅਦ, ਇਸ ਨੂੰ ਹੋਰ ਵਿਸਥਾਰ ਦੇਣ ਲਈ ਕਿਹਾ ਪਰ ਮੈਂ ਆਪਣੇ ਦੂਜੇ ਸਾਹਿਤਕ, ਸਮਾਜੀ ਅਤੇ ਸਿਆਸੀ ਰੁਝੇਵਿਆਂ ਕਾਰਨ, ਅਹਿਜਾ ਕਰ ਨਾ ਸਕਿਆ। ਹੁਣ ਵੀ ਉਹ ਉਹ ਸਾਲ ਭਰ ਤੋਂ ਮੇਰੇ ਖਰੜੇ ਨਾਲ ਦਸਤਪੰਜਾ ਲੈਂਦੇ ਰਹੇ ਹਨ। ਵਿਚੇ ਵਿੱਚ ਬੀਮਾਰੀ ਦੇ ਬਿਸਤਰੇ 'ਤੇ ਪਏ ਸ਼੍ਰੀ ਰੈਣੂ ਨਾਲ ਵੀ ਚਰਚਾ ਕਰਦੇ ਰਹਿੰਦੇ ਸਨ। ਡਾ. ਹਰਵਿੰਦਰ ਸਿੰਘ ਹੋਰਾਂ ਨੇ ਨਾਂ ਸਿਰਫ ਨਿੱਠ ਕੇ ਇਸ ਸਫ਼ਰਨਾਮੇ ਦੀ ਪਾਠਕਾਂ ਨਾਲ ਜਾਣ ਪਹਿਚਾਣ ਕਰਵਾਉਣ ਦਾ ਵੱਡਮੁੱਲਾ ਕਾਰਜ ਕੀਤਾ ਸਗੋਂ ਇਸ ਦੀਆਂ ਟਾਈਪ ਕਾਪੀਆਂ ਨੂੰ ਵੀ ਅੰਤਿਮ ਸੁਧਾਈ ਤੱਕ ਪਤਾ ਨਹੀਂ ਕਿੰਨੀ ਵੇਰ ਪੜ੍ਹਿਆ ਹੋਵੇਗਾ। ਸੋ ਪਰੂਫ ਰੀਡਿੰਗ ਜਿਹੇ ਵੱਡੇ ਤਰੱਦਦ ਦਾ ਕੰਮ ਵੀ ਉਹਨਾਂ ਨੂੰ ਆਪਣੇ ਸਾਹਿਤਕ, ਸਮਾਜਿਕ ਅਤੇ ਅਕਾਦਮਿਕ ਰੁਝੇਵਿਆਂ ਭਰਪੂਰ ਜੀਵਨ ਵਿਚੋਂ, ਕਾਫੀ ਵਕਤ ਕੱਢ ਕੇ ਕਰਨਾ ਪਿਆ। ਇਸ ਨੌਜਵਾਨ ਦੀ ਨਰੋਈ ਸੋਚ ਵਾਲੇ ਚਿੰਤਕ ਸਮੀਖਿਅਕ ਤੋਂ ਸਾਨੂੰ ਹਰਿਆਣਾ ਵਿਚ ਆਪਣੀ ਭਾਸ਼ਾ ਦੀ ਅਜੋਕੀ ਸਥਿਤੀ ਨੂੰ ਸੁਧਾਰਨ ਲਈ ਵੱਡੀਆਂ ਆਸਾਂ ਹਨ। ਮੈਂ ਡਾ. ਹਰਵਿੰਦਰ



Sri Satguru Jagjit Singh Ji eLibrary NamdhariElibrary@gmail.com

ਸਿੰਘ ਅਤੇ ਡਾ. ਸ਼ੇਰ ਚੰਦ ਬਾਜੇਕਾਂ ਨੂੰ ਉਹਨਾਂ ਦੋਹਾਂ ਦੇ ਉਸਤਾਦ ਡਾ. ਸੁਖਦੇਵ ਸਿੰਘ ਸਿਰਸਾ (ਜਿਹਨਾਂ ਦੇ ਸਿਰਸਾ ਵਿਚ ਅਠਾਰਾਂ ਸਾਲਾ ਕਿਆਮ ਨੇ, ਇਹ ਸ਼ਹਿਰ ਉਹਨਾਂ ਦੇ ਨਾਂ ਨਾਲ ਸਦਾ ਲਈ ਜੋੜ ਦਿੱਤਾ ਹੈ) ਦੇ ਯੋਗ ਉਤਰਾ ਅਧਿਕਾਰੀ ਹੋਣ ਦੀ ਕਾਮਨਾ ਕਰਦਾ ਹਾਂ।

ਇਸ ਦਾ ਪਹਿਲਾ ਕੰਪਿਊਟਰ ਖਰੜਾ ਕੱਢਣ ਲਈ, ਪੱਤਰਕਾਰ ਦੋਸਤ ਪ੍ਰਭੂ ਦਿਆਲ (ਬਾਜੇਕਾਂ) ਅਤੇ ਤਸਵੀਰ ਪ੍ਰਕਾਸ਼ਨ, ਸਿਰਸਾ ਦੁਆਰਾ ਇਸ ਨੂੰ ਬੜੀ ਰੀਝ ਨਾਲ ਪੁਸਤਕ ਰੂਪ ਦੇਣ ਲਈ, ਲੇਖਕ ਆਪਣੇ ਸੁਹਿਰਦ ਸੱਜਣ ਪੱਤਰਕਾਰ ਭੁਪਿੰਦਰ ਸਿੰਘ ਪੰਨੀਵਾਲੀਆ ਪ੍ਰਤੀ ਵੀ ਹਾਰਦਿਕ ਆਭਾਰ ਪ੍ਰਗਟ ਕਰਦਾ ਹੈ।

ਮਿਤੀ : 25 ਜੂਨ, 2012

**ਸੁਵਰਨ ਸਿੰਘ ਵਿਰਕ**
ਕਰੀਵਾਲਾ (ਸਿਰਸਾ)



Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿਚ ਕੁਝ ਦਿਨ

ਸਾਡੇ ਇਲਾਕੇ ਵਿੱਚ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਹਿਤ ਜਾਣ ਵਾਲੇ ਜਥਿਆਂ ਵਿੱਚ ਸ਼ਾਮਲ ਹੋਣ ਲਈ ਵੀਜ਼ਾ ਲੁਆਉਣ ਦਾ ਕੰਮ ਸ਼੍ਰੀ ਗੁਰਦਿਆਲ ਸਿੰਘ ਮੌਜੀ ਰਾਣੀਆਂ ਵਾਲੇ ਕਰਦੇ ਹਨ। ਪਿਛਲੇ ਦੋ ਤਿੰਨ ਸਾਲਾਂ ਤੋਂ ਉਨ੍ਹਾਂ ਦੀ ਇੱਛਾ ਸੀ ਕਿ ਮੈਂ ਕਿਸੇ ਜਥੇ ਵਾਲੇ ਯਾਤਰੂਆਂ ਵਿੱਚ ਸ਼ਾਮਲ ਹੋ ਕੇ ਪਾਕਿਸਤਾਨ ਦਾ ਦੌਰਾ ਕਰ ਆਵਾਂ। ਕੁਝ ਪਰਿਵਾਰਿਕ ਵਿਹਾਰਾਂ ਕਰਕੇ ਇਕ-ਦੋ ਵੇਰ ਐਨ ਵੀਜ਼ਾ ਲੱਗਣ ਦੇ ਨੇੜੇ ਮੈਂ ਆਪਣਾ ਨਾਂ ਉਨ੍ਹਾਂ ਦੀ ਲਿਸਟ ਵਿੱਚੋਂ ਕਟਵਾ ਲੈਂਦਾ ਸੀ। ਕੁਝ ਇਸ ਕਰਕੇ ਕਿ ਮੈਨੂੰ ਪਾਕਿਸਤਾਨ ਦੀ ਯਾਤਰਾ ਕੀਤਿਆਂ ਪੂਰੇ 29 ਵਰ੍ਹੇ ਹੋ ਗਏ ਸਨ (ਨੈਸ਼ਨਲ ਕਾਲਜ, ਸਿਰਸਾ ਵਿੱਚ ਬੀ.ਏ. ਦੇ ਵਿਦਿਆਰਥੀ ਹੁੰਦਿਆਂ ਬਾਬੇ ਨਾਨਕ ਦੇ ਪੰਜ ਸੌ ਸਾਲਾ ਜਨਮ ਪੁਰਬ 'ਤੇ ਗਿਆ ਸਾਂ, ਪਰ ਉਦੋਂ ਸਿਰਫ਼ ਨਨਕਾਣਾ ਸਾਹਿਬ ਹੀ ਜਾਣ ਦਿੰਦੇ ਸਨ ਉਹ ਵੀ 4-5 ਦਿਨਾਂ ਵਾਸਤੇ) ਪਰ ਹੁਣ ਤੇ ਗੁਰਧਾਮਾਂ ਦੀ ਯਾਤਰਾ ਦੇ ਬਹਾਨੇ ਸਾਰਾ ਪੱਛਮੀ ਪੰਜਾਬ, ਇਕ ਸਿਰੇ ਤੋਂ ਤਕਰੀਬਨ ਦੂਜੇ ਸਿਰੇ ਤੱਕ ਵੇਖਿਆ ਜਾਣਾ ਸੀ। ਇਹ ਲੋਭ ਵੀ ਸੀ ਅਤੇ ਥੋੜ੍ਹੀ ਜੇਹੀ ਮਨਸ਼ਾ ਇਹ ਵੀ ਸੀ ਪਈ ਜੋ ਜੀਅ ਕਰੜਾ ਕਰਕੇ ਇਕ ਵੇਰ ਅੱਠ-ਦਸ ਹਜ਼ਾਰ ਤੇ ਹੱਥ ਸਾਫ਼ ਕਰ ਆਵਾਂ ਤਾਂ ਫਿਰ ਮੌਜੀ ਜੀ ਵੀ ਤਾਂ ਘੱਟੋ-ਘੱਟ ਹੋਰ ਪੰਜ ਸਾਲ ਮੈਨੂੰ ਵੀਜ਼ਾ ਮੁੜ ਲੁਆਉਣ ਦੀ ਸਿਫ਼ਾਰਸ਼ ਨਹੀਂ ਕਰਨਗੇ। ਇਸੇ ਲਈ ਮੈਂ ਇਸ ਵੇਰ ਮੌਜੀ ਜੀ ਨੂੰ ਪਹਿਚਾਣ ਪੱਤਰ ਅਤੇ ਰਾਸ਼ਨ ਕਾਰਡ ਦੀਆਂ ਫੋਟੋ ਕਾਪੀਆਂ ਥਮ੍ਹਾ ਦਿੱਤੀਆਂ ਅਤੇ ਪਿੰਡ ਦੇ ਦੋ ਭਲੇ ਪੁਰਖਾਂ ਦੀ ਆਪਣੇ ਆਚਰਣ ਬਾਬਤ ਤਸਦੀਕ ਪੁਲੀਸ ਚੌਕੀ ਕਰੀਵਾਲਾ ਵਿੱਚ ਪੁਆ ਦਿੱਤੀ। ਮੌਜੀ ਹੋਰਾਂ ਹਫ਼ਤਾ ਕੁ ਪਹਿਲਾਂ ਵੀਜ਼ਾ ਲੱਗਣ ਦੀ ਪੱਕੀ ਸੰਭਾਵਨਾ ਬਾਰੇ ਦੱਸ ਕੇ ਕੁਝ ਦੇਸੀ ਸਿੱਕਾ ਮੈਥੋਂ ਲੈ ਲਿਆ ਜਿਹਦੇ ਬਦਲੇ ਉਨ੍ਹਾਂ ਮੈਨੂੰ ਡੇਢ ਸੌ ਅਮਰੀਕੀ ਡਾਲਰ ਲਿਆ ਦਿੱਤੇ ਦਿੱਲੀਓਂ, ਅਤੇ ਜਾਣ ਵਾਲੀ ਰਾਤ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਪਾਕਿਸਤਾਨੀ ਦੂਤਾਵਾਸ ਦੀ ਵੀਜ਼ਾ ਲੱਗੀ ਹੋਈ ਪਾਸਪੋਰਟ ਦੀ ਕਾਪੀ ਲਿਆ ਫੜਾਈ ਜੀਹਦੇ ਮੁਤਾਬਕ ਅਸੀਂ ਹਸਨ ਅਬਦਾਲ, ਨਨਕਾਣਾ ਸਾਹਿਬ ਅਤੇ ਲਾਹੌਰ ਵਿੱਚ 30 ਅਕਤੂਬਰ 1998 ਈ. ਤੋਂ 8 ਨਵੰਬਰ 1998 ਈ.ਰਹਿ ਸਕਦੇ ਸਾਂ।

ਤੇ ਲਓ ਜੀ ਸਾਡਾ ਯਾਤਰਾ ਬ੍ਰਿਤਾਂਤ 29 ਅਕਤੂਬਰ '98 ਦੀ ਸਵੇਰ ਤੋਂ ਸ਼ੁਰੂ ਹੋ ਜਾਂਦਾ ਹੈ। ਕਰਨੈਲ ਸਿੰਘ ਅਸਪਾਲ (ਜੋ ਅੱਗੇ ਵੀ ਸਾਢੇ 4 ਸਾਲ ਪਹਿਲਾਂ ਪਾਕਿਸਤਾਨ ਦੀ ਯਾਤਰਾ ਕਰ ਆਇਆ ਹੈ ਪਰ ਨਵਾਂ ਪਾਸਪੋਰਟ ਹੋਣ ਕਾਰਨ ਛੇ ਮਹੀਨਿਆਂ ਦਾ ਅੜਿੱਕਾ ਨਹੀਂ ਪਿਆ ਕਿਉਂ ਜੁ ਆਮ ਯਾਤਰੂ ਪੰਜ ਵਰ੍ਹਿਆਂ ਤੋਂ ਪਹਿਲਾਂ ਨਹੀਂ ਜਾ ਸਕਦਾ), ਲਖਬੀਰ ਸਿੰਘ ਝੱਬਰ ਅਤੇ ਮੈਂ ਪਿੰਡੋਂ ਜੀਪ 'ਤੇ ਢੁੱਡੀਆਂ ਵਾਲੀ ਦੇ ਬੱਸ ਅੱਡੇ ਪੁੱਜੇ। ਸਮਾਂ ਅਤੇ



Sri Satguru Jagjit Singh Ji eLibrary NamdhariElibrary@gmail.com

ਵਲ਼ਾ ਬਚਾਉਣ ਲਈ ਜੀਵਨ ਨਗਰ ਵਾਲਾ ਰਾਹ ਛੱਡਿਆ। ਇਥੋਂ ਬੱਸ ਦੁਆਰਾ ਮੰਡੀ ਡੱਬਵਾਲੀ, ਫਿਰ ਬਠਿੰਡਾ ਅਤੇ ਬਠਿੰਡਾ ਤੋਂ ਸਿੱਧੀ ਅੰਮ੍ਰਿਤਸਰ ਦੀ ਬੱਸ। ਸ਼ਾਮੀਂ ਜਹੇ ਪੁੱਜੇ ਗਏ। ਲਖਬੀਰ ਦਾ ਚਚੇਰਾ ਭਾਈ ਮਹਿੰਗਾ ਸਿੰਘ ਝੱਬਰ ਅਤੇ ਜੱਗਮਲੇਰਾ, ਹਰੀਪੁਰਾ, ਜੀਵਨ ਨਗਰ, ਰਾਣੀਆਂ, ਦਮਦਮਾ, ਨਕੌੜਾ, ਅੰਮ੍ਰਿਤਸਰ ਕਲਾਂ, ਬੁੱਢੀ ਮਾੜੀ, ਐਲਨਾਬਾਦ ਆਦਿ ਸਾਡੇ ਜ਼ਿਲ੍ਹੇ ਸਿਰਸੇ ਦੇ ਪਿੰਡਾਂ ਕਸਬਿਆਂ ਦੇ ਕੋਈ 50 ਕੁ ਦੇ ਕਰੀਬ ਯਾਤਰੀ ਸ਼ਾਮ ਤੱਕ ਨਾਮਧਾਰੀ ਸ਼ਹੀਦੀ ਸਮਾਰਕ, ਰਾਮ ਬਾਗ, ਅੰਮ੍ਰਿਤਸਰ ਵਿਖੇ ਪੁੱਜ ਚੁੱਕੇ ਸਨ। 1871 ਈ. ਵਿੱਚ ਕੌਮੀ ਅਣਖ ਅਤੇ ਦੇਸ਼ ਆਜ਼ਾਦੀ ਲਈ ਜੂਝਣ ਵਾਲੇ ਚਾਰ ਮਹਾਨ ਕੂਕਾ ਸੂਰਬੀਰਾਂ, ਲਹਿਣਾ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਅਤੇ ਫ਼ਤਹਿ ਸਿੰਘ ਹੋਰਾਂ ਦੇ ਸ਼ਹੀਦੀ ਅਸਥਾਨ ਦੀ ਅਸਾਂ ਜ਼ਿਆਰਤ ਕੀਤੀ।* ਰਾਤ ਅੰਮ੍ਰਿਤਸਰ ਵਿਖੇ ਹੀ ਬਿਰਾਜਦੇ ਆਪਣੇ ਮਿੱਤਰ ਸ. ਗੁਰਦੇਵ ਸਿੰਘ ਔਲਖ (ਨੈਸ਼ਨਲ ਕਾਲਿਜ ਸਿਰਸਾ ਦੇ ਦਿਨਾਂ ਵਿੱਚ ਗੁਰਦੇਵ ਸਿੰਘ 'ਮਹਿਰਮ' ਹੁੰਦੇ ਸਨ) ਪਾਸ ਬਿਤਾਈ। ਉਂਝ ਅੱਜ ਕੱਲ੍ਹ ਬਾਬਾ ਹਜ਼ਾਰਾ ਸਿੰਘ ਘੁਮਾਣਾਂ ਵਾਲਿਆਂ ਨਾਲ ਬ੍ਰਹਮ ਅਵਸਥਾ ਵਿੱਚ ਲਿਵ ਲਾਈ ਰਖਦੇ ਹਨ। ਮੇਰੇ ਵਾਂਗੂੰ ਵਕਾਲਤ ਨਾ ਕਰਨ ਵਾਲੇ ਵਕੀਲ ਹਨ। ਚਿਰ ਬਾਦ ਮਿਲੇ ਸਾਂ, ਰਾਤ ਲੰਗਰ ਪਾਣੀ ਤੋਂ ਬਾਦ ਬਚਨ ਬਿਲਾਸਾਂ ਵਿੱਚ ਲੰਘੀ।

ਸਵੇਰੇ 'ਮਹਿਰਮ' ਜੀ ਤੋਂ ਆਗਿਆ ਲੈ ਕੇ ਜਿਉਂ ਹੀ ਮੇਰਾ ਰਿਕਸ਼ਾ ਸ਼ਹੀਦੀ ਸਮਾਰਕ ਦੇ ਨੇੜੇ ਪੁੱਜਾ, ਕਰਨੈਲ ਸਿੰਘ ਅਸਪਾਲ ਦਾ ਰਿਕਸ਼ਾ ਜਾਂਦਾ ਦਿੱਸਿਆ। ਮੇਰੇ ਸਾਮਾਨ, ਇਕ ਵੱਡੇ ਬੈਗ ਦੇ ਉਹ ਰਖਵਾਲੇ ਸਨ। ਸਾਮਾਨ ਉਨ੍ਹਾਂ ਰੱਖ ਲਿਆ ਸੀ ਅਤੇ ਹੁਣ ਮੇਰਾ ਰਿਕਸ਼ਾ ਵੀ ਰੇਲਵੇ ਸਟੇਸ਼ਨ ਨੂੰ ਮੁੜ ਪਿਆ। ਸਟੇਸ਼ਨ 'ਤੇ ਸੰਗਤਾਂ ਦੀ ਵਾਹਵਾ ਭੀੜ ਸੀ ਅਤੇ ਹਰ ਗਰੁੱਪ ਵਿੱਚੋਂ ਇਕ-ਇਕ, ਦੋ-ਦੋ ਜਣੇ ਟਿਕਟ ਖਿੜਕੀਆਂ ਮੂਹਰੇ ਲੱਗੀਆਂ ਕਤਾਰਾਂ ਵਿੱਚ ਖੜ੍ਹੇ ਸਨ। ਤਕਰੀਬਨ ਦੋ ਕੁ ਘੰਟੇ ਇਸੇ ਭੀੜ, ਸ਼ੋਰ-ਸ਼ਰਾਬੇ ਅਤੇ ਉਤਸੁਕਤਾ ਭਰੇ ਮਾਹੌਲ ਵਿੱਚ ਬਿਤਾਉਣ ਬਾਦ ਪਹਿਲੀ ਗੱਡੀ ਦੀ ਆਮਦ ਹੋਈ। ਪਾਕਿਸਤਾਨ ਰੇਲਵੇ ਦੀ ਹਰੇ ਰੰਗ ਵਾਲੇ ਡੱਬਿਆਂ ਨਾਲ ਸਜਾਈ ਹੋਈ ਜਾਂ ਘਸਾਈ ਹੋਈ ਕਹਿ ਦਿਆਂ ਲੰਮੀ ਸਾਰੀ ਰੇਲ ਗੱਡੀ। ਸਾਡੀਆਂ ਭਾਰਤੀ ਰੇਲਾਂ ਦੇ ਮੁਕਾਬਲੇ ਵਿੱਚ ਕੁਝ-ਕੁਝ ਜਿਆਦਾ ਪੁਰਾਤਨਤਾ ਦੇ ਨੇੜੇ ਵਾਲੀ ਗੱਡੀ, ਕਿਤੇ ਕਿਤੇ ਡੱਬਿਆਂ ਨੂੰ ਕੀਤੀ ਤਾਜ਼ਾ ਪੇਂਟ, ਮੁਸਾਫ਼ਰਾਂ ਦੇ ਕਪੜਿਆਂ ਉੱਤੇ ਮਾਡਰਨ ਆਰਟ ਦੇ ਨਮੂਨੇ ਪੇਸ਼ ਕਰ ਰਹੀ ਸੀ। ਰੇਲ ਗੱਡੀ, ਰੇਲ ਦੇ ਸਟੇਸ਼ਨ ਦਾ ਪੰਜਾਬੀ ਜਨ-ਜੀਵਨ 'ਤੇ ਕਿੰਨਾ ਡੂੰਘਾ ਅਸਰ ਹੈ। ਗੱਡੀ ਆਉਂਦਿਆਂ ਹੀ

* ਪਹਿਲਾਂ ਇਸ ਬਾਰੇ ਉਪਰੋਕਤ ਚਾਰ ਸ਼ਹੀਦਾਂ ਦੀ ਯਾਦਗਾਰ ਹੋਣ ਵਾਲੀ ਧਾਰਨਾ ਪ੍ਰਚਲਿਤ ਸੀ। ਹਕੀਕਤ ਇਹ ਹੈ ਕਿ ਉਪਰੋਕਤ ਸਾਕੇ ਦਾ ਮਫ਼ਰੂਰ ਭਾਈ ਝੰਡਾ ਸਿੰਘ ਠੱਠਾ ਵੀ ਪਕੜੇ ਜਾਣ ਤੇ ਅਗਸਤ 1873 ਵਿੱਚ ਰਾਮਬਾਗ ਵਾਲੇ ਬੋਹੜ ਨਾਲ ਫਾਂਸੀ ਦਿੱਤਾ ਗਿਆ ਸੀ।



Sri Satguru Jagjit Singh Ji eLibrary NamdhariElibrary@gmail.com

ਮੇਰੇ ਮੂੰਹੋਂ ਆਪ-ਮੁਹਾਰੇ ਇਹ ਬੋਲ ਫੁੱਟ ਨਿਕਲੇ:

**ਗੱਡੀ ਆਈ ਹੋਈ ਆ 'ਟੇਸ਼ਨ 'ਤੇ,**
**ਪਰ੍ਹਾਂ ਹਟ ਵੇ ਬਾਬੂ ! ਸਾਨੂੰ ਮਾਹੀਆ ਵੇਖਣ ਦੇ।**

ਤੇ ਫਿਰ ਯਾਦ ਆਈਆਂ ਉਹ ਕੋਲੇ ਨਾਲ ਚੱਲਣ ਵਾਲੀਆਂ ਗੱਡੀਆਂ, ਜਿਨ੍ਹਾਂ ਦੇ ਧੂੰਏਂ ਨੂੰ ਵੀ ਸਾਡਾ ਲੋਕ ਸਾਹਿਤ ਅਮਰ ਕਰ ਗਿਆ ਹੈ:

**ਗੱਡੀਆਂ ਦੇ ਕਾਲੇ ਧੂੰ-**
**ਰੱਬ ਤੈਨੂੰ ਹੁਸਨ ਦਿੱਤਾ, ਹਾਇ ਮਾਰ ਨਾ ਯਾਰਾਂ ਨੂੰ।**

ਤੇ ਯਾਦ ਆਏ ਉਹ ਬਿਰਹੋਂ ਕੁੱਠੇ ਪੁਰਾਤਨ ਨਾਮਧਾਰੀ ਜਿਨ੍ਹਾਂ ਲਈ ਰੇਲ ਗੱਡੀ 1872 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ ਵਿਛੋੜੇ ਦੀ ਵਾਹਕ ਬਣੀ, ਉਹ ਗਾਉਂਦੇ ਸਨ :-

**ਟੁੱਟ ਜਾਏਂ ਰੇਲ ਗੱਡੀਏ, ਸਾਡੇ ਗੁਰਾਂ ਦਾ ਵਿਛੋੜਾ ਪਾਇਆ।**

ਸਟੇਸ਼ਨ 'ਤੇ ਪੁੱਜੇ ਹਰ ਯਾਤਰੀ ਦੀ ਇਹੋ ਇੱਛਾ ਹੁੰਦੀ ਕਿ ਉਹ ਪਹਿਲੀ ਗੱਡੀ ਵਿੱਚ ਹੀ ਚੜ੍ਹੇ, ਪਰ ਤਕਰੀਬਨ ਤਿੰਨ ਹਜ਼ਾਰ ਮੁਸਾਫ਼ਰਾਂ ਦਾ ਇਹ ਜਥਾ ਇਕੋ ਗੱਡੀ ਵਿੱਚ ਸਮਾ ਨਹੀਂ ਸਕਦਾ, ਇਸ ਲਈ ਪਾਕਿਸਤਾਨ ਸਰਕਾਰ, ਹਰ ਵਰ੍ਹੇ ਕੱਤਕ ਪੁੰਨਿਆ ਦੇ, ਨਨਕਾਣਾ ਸਾਹਿਬ ਮਨਾਏ ਜਾਣ ਵਾਲੇ ਗੁਰਪੁਰਬ ਦੇ ਸਬੰਧ ਵਿੱਚ ਆਉਣ ਵਾਲੇ ਸਿੱਖਾਂ ਲਈ, ਤਿੰਨ ਗੱਡੀਆਂ ਭੇਜਦੀ ਹੈ, ਤਾਂ ਕਿ ਤਿੰਨਾਂ ਗੱਡੀਆਂ ਵਿੱਚ ਤਕਰੀਬਨ ਇਕੋ ਜਿਹੇ ਯਾਤਰੀ ਸਫ਼ਰ ਕਰ ਸਕਣ ਅਤੇ ਭੀੜ ਨਾ ਹੋਵੇ। ਪਰ ਦੁਰ-ਵਿਵਸਥਾ ਇਹ ਹੈ ਕਿ ਟਿਕਟਾਂ ਜਦੋਂ ਦਿੱਤੀਆਂ ਜਾਂਦੀਆਂ ਹਨ ਤਾਂ ਸੀਟ ਅਤੇ ਗੱਡੀ ਨੰਬਰ ਨਹੀਂ ਦਿੱਤਾ ਜਾਂਦਾ। ਇਸ ਲਈ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪਹਿਲੀ ਗੱਡੀ 'ਤੇ ਚੜ੍ਹਨ ਲਈ ਕਾਫ਼ੀ ਧੱਕਮ-ਪੇਲ ਹੁੰਦੀ ਹੈ। ਕਿਉਂਕਿ ਪਹਿਲਾਂ ਗੱਡੀ 'ਤੇ ਚੜ੍ਹੇ ਸਮਝਦੇ ਹਨ ਕਿ ਉਹ ਗੁਰਦੁਆਰੇ ਪੰਜਾ ਸਾਹਿਬ ਪੁੱਜ ਕੇ ਪਹਿਲਾਂ ਕਮਰਾ ਮੱਲ ਸਕਣਗੇ। ਇਹ ਮੱਲਾਂ ਮਾਰਨ ਦਾ ਜੋਸ਼ ਹੀ, ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਉਨ੍ਹਾਂ ਦੀਆਂ ਅੱਡੀਆਂ ਨਹੀਂ ਲੱਗਣ ਦਿੰਦਾ, ਜਿਥੋਂ ਪੰਜਾ ਸਾਹਿਬ ਤਕਰੀਬਨ ਪੰਜ ਸੌ ਕਿਲੋਮੀਟਰ ਦੇ ਫ਼ਾਸਲੇ 'ਤੇ ਵੱਸਿਆ ਹੈ। ਆਉਣ ਜਾਣ ਦੀ ਅੰਮ੍ਰਿਤਸਰ ਤੋਂ ਵਾਪਸੀ ਟਿਕਟ ਦੇ ਪੈਸੇ ਮਸਾਂ 248 ਰੁਪਏ (ਭਾਰਤੀ ਸਿੱਕੇ ਵਿੱਚ) ਵਸੂਲੇ ਗਏ। ਪਾਕਿਸਤਾਨੀ ਸਿੱਕੇ ਦੀ ਘੱਟ ਕਦਰ ਵੀ ਜੋੜ ਲਈਏ ਤਾਂ ਵੀ ਐਨੇ ਸਫ਼ਰ ਦਾ ਕਿਰਾਇਆ ਸਾਡੀਆਂ, ਰੇਲਾਂ ਦੇ ਕਿਰਾਏ ਤੋਂ ਰਤਾ ਘੱਟ ਹੀ ਬਹੇਗਾ।

ਅਟਾਰੀ ਰੇਲਵੇ ਸਟੇਸ਼ਨ 'ਤੇ ਫਿਰ ਸਾਰੇ ਮੁਸਾਫ਼ਰਾਂ ਸਮੇਤ ਗੱਡੀ ਤੋਂ ਹੇਠਾਂ ਉਤਰੇ। ਏਥੇ ਅੰਮ੍ਰਿਤਸਰੋਂ ਸੁਬਹਾ 9 ਕੁ ਵਜੇ ਚੱਲ ਕੇ ਸਾਡੀ ਪਹਿਲੀ ਗੱਡੀ ਸਾਢੇ ਕੁ 9 ਵਜੇ ਤੱਕ



Sri Satguru Jagjit Singh Ji eLibrary NamdhariElibrary@gmail.com

ਪੁੱਜ ਜਾਂਦੀ ਹੈ। ਫਿਰ ਇਮੀਗਰੇਸ਼ਨ ਦਾ ਫ਼ਾਰਮ ਭਰਕੇ ਪਾਸਪੋਰਟ 'ਤੇ ਉਨ੍ਹਾਂ ਦੀ ਮੋਹਰ ਲੁਆਈ ਜਾਂਦੀ ਹੈ। ਮੈਨੂੰ ਵੀ ਇਸ ਖੱਜਲ-ਖੁਆਰੀ ਵਿੱਚੋਂ ਲੰਘਣਾ ਪਿਆ। ਭਾਵੇਂ ਕਿ ਮੇਰੇ ਪਾਸਪੋਰਟ 'ਤੇ ਵਕੀਲ ਹੋਣ ਦੇ ਨਾਤੇ ਇਹ ਦਰਜ ਸੀ ਕਿ ਇਮੀਗਰੇਸ਼ਨ ਸਰਟੀਫਿਕੇਟ ਦੀ ਲੋੜ ਨਹੀਂ, ਪਰ ਇਹ ਮੇਰੇ ਧਿਆਨ ਵਿੱਚ ਹੀ ਨਾ ਆਇਆ ਤੇ ਮੈਂ ਵੀ ਇਹ ਪ੍ਰਕ੍ਰਿਆ ਪੂਰੀ ਕਰ ਛੱਡੀ। ਹੁਣ ਕਸਟਮ ਵਾਲਿਆਂ ਦੇ ਹਵਾਲੇ ਹੋਏ। ਉਨ੍ਹਾਂ ਸ੍ਰੀ ਚੰਨਣ ਸਿੰਘ ਵਿਰਕ* ਕਰੀਵਾਲਾ ਵੱਲੋਂ ਭੇਜੇ ਪਾਕਿਸਤਾਨੀ ਪੰਜਾਬੀ ਪਿਆਰੇ ਅਤੇ ਲੇਖਕ ਸ੍ਰੀ ਇਲੀਆਸ ਘੁੰਮਣ ਦੇ ਨਾਂ ਰਿਸਾਲਿਆਂ ਦਾ ਇਕ ਵੱਡਾ ਬੰਡਲ ਵੇਖ ਕੇ ਕਿਹਾ ਕਿ ਇਸ ਨੂੰ ਕਪੜਿਆਂ ਹੇਠਾਂ ਕਰ ਲਵੋ ਕਿਉਂਕਿ ਦੋਹਾਂ ਦੇਸ਼ਾਂ ਵਿਚਾਲੇ ਕਿਤਾਬਾਂ ਰਿਸਾਲਿਆਂ ਦੇ ਅਦਾਨ-ਪ੍ਰਦਾਨ 'ਤੇ ਮਨਾਹੀ ਹੈ। ਪਾਕਿਸਤਾਨ ਵਾਲੇ ਤੁਹਾਨੂੰ ਰੋਕ ਸਕਦੇ ਹਨ। ਸਾਡੇ ਇਕ ਪੰਜਾਬ ਪੁਲੀਸ ਦੇ ਇੰਸਪੈਕਟਰ ਨੇ ਇਹ ਸਿਆਣਾ ਸੁਆਲ ਮੇਰੇ 'ਤੇ ਜ਼ਰੂਰ ਠੋਕ ਦਿੱਤਾ ਕਿ ਇਲੀਆਸ ਘੁੰਮਣ ਤਾਂ ਪੰਜਾਬੀ ਦਾ ਲਿਖਾਰੀ ਹੈ, ਇਹ ਉਰਦੂ ਦੇ ਰਸਾਲੇ ਉਸ ਕੀ ਕਰਨੇ ਹਨ ? ਉਧਰ ਪਾਕਿਸਤਾਨ ਵਿੱਚ ਹੀ ਬਥੇਰਾ ਉਰਦੂ ਛਪਦਾ ਰਹਿੰਦਾ ਹੈ। ਖੈਰ, ਬਾਰਾਂ ਕੁ ਵਜੇ ਸਾਰੀਆਂ ਜ਼ਰੂਰੀ ਕਾਨੂੰਨੀ ਕਾਰਵਾਈਆਂ ਤੋਂ ਮੁਕਤ ਹੋ ਕੇ ਮੈਂ ਤੇ ਕਰਨੈਲ ਸਿੰਘ ਅਸਪਾਲ, ਫਿਰ ਇਕ ਭੀੜ ਭਰੇ ਡੱਬੇ ਵਿੱਚ ਦਾਖਲ ਹੋਏ, ਜਿਥੇ ਦਿੱਲੀ ਦੇ ਕੁਝ ਵਿਉਪਾਰੀ ਸਿੰਘਾਂ ਨੇ ਦੋ ਤਿੰਨ ਲੰਮਿਆਂ ਫੱਟਿਆਂ 'ਤੇ ਆਪਣਾ ਸਮਾਨ ਟਿਕਾਇਆ ਹੋਇਆ ਸੀ ਤੇ ਤਿੰਨ ਚਾਰ ਜਣਿਆਂ ਨੇ, ਅੱਠ ਤੋਂ ਵੱਧ ਸੀਟਾਂ ਘੇਰੀਆਂ ਹੋਈਆਂ ਸਨ। ਜਦੋਂ ਅਸੀਂ ਥੋੜ੍ਹਾ ਉਨ੍ਹਾਂ ਨੂੰ ਸਰਕਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਕਿਹਾ, 'ਵੇਖਦੇ ਨਹੀਂ ਸਿੰਘ ਸਾਹਿਬ ਇਹਨਾਂ ਸੀਟ 'ਤੇ ਤਾਂ ਅਸੀਂ ਯਾਤਰਾ ਕਰ ਰਹੇ ਹਾਂ।' ਮੈਥੋਂ ਰਿਹਾ ਨਾ ਗਿਆ, ਮੈਂ ਕਹਿ ਦਿੱਤਾ, 'ਯਾਤਰਾ ਤੁਸੀਂ ਤਾਂ ਕਰਦੇ ਹੀ ਹੋ, ਪਰ ਤੁਹਾਥੋਂ ਵਧ ਯਾਤਰਾ ਤੁਹਾਡਾ ਸਮਾਨ ਕਰ ਰਿਹਾ ਹੈ। ਬਹਿਣ ਵਾਲੀਆਂ ਸੀਟਾਂ 'ਤੇ ਤੁਸੀਂ ਸਾਮਾਨ ਨੂੰ ਯਾਤਰਾ ਕਰਵਾਉਣ ਦਾ ਅਧਿਕਾਰ ਨਹੀਂ ਰੱਖਦੇ।' ਇਕ ਜਣੇ ਨੂੰ ਬਹਿਣ ਦੀ ਆਗਿਆ ਮਿਲ ਗਈ।

ਠੀਕ ਬਾਰਾਂ ਕੁ ਵਜੇ ਦੁਪਹਿਰ 30 ਅਕਤੂਬਰ ਨੂੰ, ਅਸੀਂ ਅਟਾਰੀ ਰੇਲਵੇ ਸਟੇਸ਼ਨ ਤੋਂ ਚੱਲ ਕੇ, ਭਾਰਤ-ਪਾਕ ਸੀਮਾ ਪਾਰ ਕੀਤੀ ਅਤੇ ਹਿੰਦ-ਪਾਕ ਸਰਹੱਦ ਤੋਂ ਅੱਧਾ ਕੁ ਕਿਲੋਮੀਟਰ ਦੀ ਵਿੱਥ 'ਤੇ ਬਣੇ ਪਾਕਿਸਤਾਨ ਦੇ ਰੇਲਵੇ ਸਟੇਸ਼ਨ ਵਾਘਾ, ਜਿਸ ਨੂੰ ਵਾਘਾ ਬਾਰਡਰ ਅਤੇ ਔਕਾਫ਼ (ਅਸੀਂ ਜਿਸ ਨੂੰ 'ਵਕਫ਼' ਆਖਦੇ ਹਾਂ) ਦੇ ਅਧਿਕਾਰੀ ਯਾਤਰੂ ਜਥੇ ਦੇ ਲੀਡਰ ਸ.ਬਲਬੀਰ ਸਿੰਘ ਪੰਨੂ ਨਸ਼ਿਹਰਾ ਪੰਨੂਆਂ**, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

* ਪੂਰਬੀ ਤੇ ਪੱਛਮੀ ਪੰਜਾਬੀ ਅਦੀਬਾਂ ਅਤੇ ਆਮ ਲੋਕਾਂ ਵਿਚਾਲੇ ਇਕ ਮਹੱਤਵਪੂਰਨ ਕੜੀ ਕਾਮਰੇਡ ਚੰਨਣ ਸਿੰਘ ਵਿਰਕ ਆਪਣੇ ਪਿੰਡ ਕਰੀਵਾਲਾ ਵਿਖੇ ਮਈ 2011 ਵਿਚ ਪੂਰੇ ਹੋ ਗਏ।

** ਇਸ ਯਾਤਰਾ ਤੋਂ ਕੁੱਝ ਵਰ੍ਹੇ ਬਾਅਦ, ਪੰਨੂ ਸਾਹਿਬ ਉੱਤਰਾਂਚਲ ਵਿਚ ਸੜਕ ਹਾਦਸੇ ਵਿਚ ਚਲ ਵੱਸੇ ਸਨ।



Sri Satguru Jagjit Singh Ji eLibrary NamdhariElibrary@gmail.com

ਕਮੇਟੀ ਦੇ ਜਨਰਲ ਸਕੱਤਰ ਵੀ ਹਨ, ਤੇ ਦੋ ਤਿੰਨ ਡਿਪਟੀ ਲੀਡਰਾਂ ਨੂੰ ਗਲਾਂ ਵਿਚ ਹਾਰ ਪਾ ਕੇ ਲੈ ਗਏ ਅਤੇ ਆਮ ਲੋਕ ਲਾਈਨਾਂ ਵਿੱਚ ਲਗ ਕੇ ਆਪਣੇ ਪਾਸਪੋਰਟ ਜਮ੍ਹਾ ਕਰਵਾਉਣ ਲਗ ਪਏ, ਜਿਸ ਦੇ ਬਦਲੇ ਇਕ ਪਰਮਿਟ ਸਾਨੂੰ ਦਿੱਤਾ ਗਿਆ। ਹੁਣ ਇਹ ਛੋਟੀ ਜਹੀ ਕਾਗ਼ਜ਼ ਦੀ ਸਲਿੱਪ ਹੀ ਬਾਕੀ ਦਸਾਂ ਦਿਨ ਲਈ
ਸਾਡੇ ਪਾਸ ਇਕ ਮਹੱਤਵਪੂਰਨ ਦਸਤਾਵੇਜ ਸੀ, ਕਿਉਂ ਜੁ ਅੱਗੇ ਗੁਰਦੁਆਰਿਆਂ ਵਿੱਚ ਕਮਰੇ ਦੀ ਅਲਾਟਮੈਂਟ ਵੀ ਇਸੇ ਪਰਚੀ ਦੇ ਆਧਾਰ 'ਤੇ ਹੀ ਹੋਣੀ ਸੀ।

ਇਥੇ ਵਾਘਾ ਬਾਰਡਰ 'ਤੇ 'ਔਕਾਫ਼' ਵਾਲਿਆਂ ਵੱਲੋਂ ਜੋ ਚਾਹ-ਲੰਗਰ ਆਦਿ ਦਾ ਪ੍ਰਬੰਧ ਸੀ ਉਹ ਤਕਰੀਬਨ ਪਹਿਲੇ ਇਕ ਘੰਟੇ ਬਾਦ ਹੀ ਦਰਹਮ-ਬਰਹਮ ਹੋ ਗਿਆ ਸੀ। ਪੁੱਛਣ 'ਤੇ ਕੁਝ ਸੱਜਣਾਂ ਇਹ ਵੀ ਦੱਸਿਆ ਕਿ ਜਿਵੇਂ ਆਪਣੇ ਯਾਤਰੀ, ਪਹਿਲਾਂ ਹਾਬੜ ਕੇ ਪਹਿਲੀ ਰੇਲ ਗੱਡੀ ਨੂੰ ਪੈ ਗਏ ਸਨ ਜਿਹਦੇ ਵਿੱਚ ਤਕਰੀਬਨ ਸਤਾਰਾਂ ਸੌ ਮੁਸਾਫ਼ਰ, ਇਕ ਹਜ਼ਾਰ ਦੀਆਂ ਸੀਟਾਂ 'ਤੇ ਜਾ ਫਸੇ ਸਨ...ਦੂਜੀ ਗੱਡੀ ਤੇ ਰਹਿੰਦੇ ਸਾਰੇ ਚੜ੍ਹਾ ਕੇ ਬਾਰਾਂ ਤੇਰਾਂ ਸੌ, ਪਾਕਿਸਤਾਨ ਰੇਲਵੇ ਨੇ ਤੀਜੀ ਰੇਲ ਗੱਡੀ ਖਾਲੀ ਸਮਝ ਕੇ ਰੱਦ ਕਰ ਦਿੱਤੀ ਸੀ। ਜੇ ਸੀਟ ਨੰਬਰ ਦੇ ਕੇ ਤਿੰਨੇ ਗੱਡੀਆਂ ਤੋਰੀਆਂ ਜਾਣ ਤਾਂ ਸਫ਼ਰ ਵਿੱਚ ਕੋਈ ਪਰੇਸ਼ਾਨੀ ਨਾ ਆਏ। ਇਸ ਤਰ੍ਹਾਂ ਹੀ ਹੁਣ ਹਾਬੜੇ ਹੋਏ ਯਾਤਰੀ ਕੜਾਹ ਅਤੇ ਛੋਲੇ ਪੂਰੀਆਂ ਨੂੰ ਪੈ ਗਏ ਸਨ ਅਤੇ ਕਈਆਂ ਨੇ ਰਾਤ ਦਾ ਖਾਣਾ ਵੀ ਇਥੋਂ ਹੀ ਬੰਨ੍ਹ ਲਿਆ ਸੀ। ਇਸ ਲਈ ਲੇਟ ਆਉਣ ਵਾਲਿਆਂ ਨੂੰ ਸਬਰ ਸੰਤੋਖ ਤੋਂ ਹੀ ਕੰਮ ਲੈਣਾ ਪਿਆ। ਭਾਰਤੀ ਸੌ ਦਮੜੇ ਬਦਲੇ ਪਾਕਿਸਤਾਨ ਦੇ 126 ਰੁਪਏ ਮਿਲੇ ਅਤੇ ਕਰੰਸੀ ਵੀ ਪਾਕਿਸਤਾਨ ਬੈਂਕ ਵਾਲਿਆਂ ਡਾਲਰਾਂ ਦੇ ਬਦਲੇ ਆਪਣੇ ਦੇਸ਼ ਦੀ ਦੇ ਦਿੱਤੀ। ਬੈਂਕ ਨਾਲੋਂ ਨਿੱਜੀ ਵਿਅਕਤੀਆਂ ਨੇ ਬਾਅਦ ਵਿੱਚ ਡਾਲਰ ਵੀ ਮਹਿੰਗੇ ਖ਼ਰੀਦੇ ਅਤੇ ਭਾਰਤੀ ਸੈਂਕੜੇ ਦੀ ਕੀਮਤ ਵੀ ਬਲੈਕ ਵਿੱਚ 136 ਰੁਪਏ ਤੋਂ ਵਧ ਕੇ 150 ਰੁਪਏ ਤੱਕ ਪੁੱਜ ਗਈ। ਇਸ ਲਈ ਕੁਝ ਵਿਅਕਤੀ ਬਾਅਦ ਵਿੱਚ ਇਹ ਅਫ਼ਸੋਸ ਕਰਦੇ ਵੀ ਵੇਖੇ ਗਏ ਕਿ ਉਨ੍ਹਾਂ ਡਾਲਰ ਜਾਂ ਭਾਰਤੀ ਰੁਪਏ ਬੈਂਕ ਵਿਚੋਂ ਸਸਤੀ ਦਰ 'ਤੇ ਕਾਹਨੂੰ ਬਦਲੇ। ਗੁਰੂ ਘਰ ਦੀ ਯਾਤਰਾ ਲਈ ਆਏ ਸਿੱਖ ਵੀ ਤਾਂ ਅਕਸਰ ਆਮ ਦੁਨੀਆਦਾਰ ਹੀ ਹੁੰਦੇ ਹਨ ਜੋ ਥੋਹੜੇ ਹਾਨ-ਲਾਭ ਤੋਂ ਆਪਣੇ ਮਨ ਦੀ ਅਵਸਥਾ ਬਦਲ ਲੈਂਦੇ ਹਨ। ਜਿਵੇਂ ਕਿ ਸਾਨੂੰ ਡਰਾਇਆ ਗਿਆ ਸੀ ਇਸ ਤੋਂ ਉਲਟ ਪਾਕਿਸਤਾਨੀ ਕਸਟਮ ਅਧਿਕਾਰੀਆਂ ਨੇ ਨਾ ਕੋਈ ਸਾਮਾਨ ਦੀ ਫੋਲਾ-ਫਾਲੀ ਕੀਤੀ, ਸਗੋਂ ਸਾਮਾਨ ਦੇ ਰੇਲ ਡੱਬਿਆਂ ਵਿੱਚ ਪਏ ਪਏ 'ਤੇ ਹੀ, ਸਰਸਰੀ ਝਾਤ ਮਾਰ ਕੇ ਤਕਰੀਬਨ ਦੋ ਕੁ ਘੰਟਿਆਂ ਵਿੱਚ ਸਾਨੂੰ ਫ਼ਾਰਗ ਕਰ ਦਿੱਤਾ।

ਹੁਣ ਗੱਡੀ ਚੱਲਣ ਲਈ ਤਿਆਰ ਸੀ। ਸੀਟਾਂ ਦੀ ਕਮੀ ਕਾਰਨ ਮੈਂ ਤੇ ਅਸਪਾਲ ਨੇ ਫਿਰ ਮਨ ਬਣਾਇਆ ਕਿ ਦੂਜੀ ਗੱਡੀ ਜੋ ਹੁਣ ਅਟਾਰੀ ਤੋਂ ਚੱਲ ਕੇ ਇਥੇ ਆਉਣ ਵਾਲੀ ਹੈ, ਉਸ ਵਿੱਚ ਚੜ੍ਹਿਆ ਜਾਵੇ। ਪਰ ਜਦੋਂ ਅਸੀਂ ਮੌਜੂਦ ਪਾਕਿਸਤਾਨੀ ਅਧਿਕਾਰੀਆਂ ਤੋਂ ਇਹ



Sri Satguru Jagjit Singh Ji eLibrary NamdhariElibrary@gmail.com

ਛੋਟੀ ਜਹੀ ਰਿਆਇਤ ਮੰਗਣੀ ਚਾਹੀ ਤਾਂ ਉਨ੍ਹਾਂ ਕਿਹਾ ਕਿ ਤੁਹਾਡੀ ਗੱਡੀ ਦੀ ਸਹੀ ਗਿਣਤੀ ਅੱਗੇ ਫੈਕਸ ਕਰ ਦਿੱਤੀ ਹੈ, ਤੁਸੀਂ ਇਸੇ 'ਤੇ ਹੀ ਜਾਓ। ਜੇ ਦੂਜੀ 'ਤੇ ਜਾਣਾ ਸੀ ਤਾਂ ਫਿਰ ਅਟਾਰੀਓਂ ਹੀ ਦੂਜੀ 'ਤੇ ਆਉਂਦੇ। ਉਹ ਇਕ ਅੱਧ ਘੰਟਾ ਦੋ ਸਿੱਖ ਮੁਸਾਫ਼ਰਾਂ ਦੀ ਸੁਰੱਖਿਆ ਦੀ ਸਿਰਦਰਦੀ ਤੋਂ ਵੀ ਬਚਣਾ ਚਾਹੁੰਦੇ ਸਨ। ਸੋ ਅਸੀਂ ਲੱਕ ਬੰਨ੍ਹ ਕੇ ਇਕ ਭੀੜ ਭਰੇ ਡੱਬੇ ਵਿੱਚ ਸਾਮਾਨ ਸਮੇਤ ਜਾ ਧਮਕੇ, ਜਿਸ ਵਿੱਚ ਸਿਰਸਾ ਜ਼ਿਲ੍ਹੇ ਦੇ ਕੁਝ ਵਿਅਕਤੀ ਸਾਥੋਂ ਪਹਿਲਾਂ ਫਸੇ ਬੈਠੇ ਸਨ। ਪਿੰਡ ਜਗਜੀਤ ਨਗਰ (ਹਰੀਪੁਰਾ) ਨਿਵਾਸੀ ਪ੍ਰਸਿੱਧ ਪੰਜਾਬੀ ਕਵੀ ਲਖਵਿੰਦਰ ਸਿੰਘ ਬਾਜਵੇ ਦੇ ਭਤੀਜੇ ਨਰਾਇਣ ਸਿੰਘ ਬਾਜਵਾ ਨੇ ਆਪਣੀ ਸੀਟ ਸਾਨੂੰ ਛੱਡ ਦਿੱਤੀ ਅਤੇ ਆਪ ਕਿਸੇ ਦੀ ਗਠੜੀ 'ਤੇ ਬਹਿ ਕੇ ਸਾਰਾ ਸਫ਼ਰ ਕੱਟਿਆ। ਅਸਪਾਲ ਨੂੰ ਵੀ ਮਾੜੀ ਮੋਟੀ ਥਾਂ ਮਿਲ ਗਈ।

ਲਾਹੌਰ ਦੇ ਪਲੇਟ ਫਾਰਮ 'ਤੇ ਸਾਡੀ ਗੱਡੀ ਵਾਘੇ ਤੋਂ ਚੱਲ ਕੇ ਢਾਈ ਕੁ ਵਜੇ ਦੇ ਲਗਭਗ ਪੁੱਜ ਗਈ ਸੀ। ਵਾਘਾ ਬਾਰਡਰ ਲੰਘਦਿਆਂ ਹੀ ਖੇਤੀਬਾੜੀ ਦਾ ਜੋ ਦ੍ਰਿਸ਼ ਜਾਂ ਪਿੰਡਾਂ ਪਹਿਆਂ ਅਤੇ ਖਾਲੀ ਖੇਤ ਆਦਿ ਵਾਹਵਾ ਸੰਖਿਆ ਵਿੱਚ ਜੋ ਸਨ, ਇਨ੍ਹਾਂ ਨੂੰ ਵਿਹੰਦਿਆਂ ਹੀ ਵਾਹੀ ਵਿੱਚ ਉਨ੍ਹਾਂ ਦਾ ਸਾਡੇ ਤੋਂ ਪਛੜੇ ਹੋਣਾ ਨਜ਼ਰ ਆਉਂਦਾ ਸੀ। ਸਿਰਫ਼ ਬਰਸੀਮ ਦੀ ਫ਼ਸਲ ਵਿੱਚ ਉਹ ਸਾਡੇ ਤੋਂ ਅੱਗੇ ਜਾਪਦੇ ਸਨ। ਸਾਡੇ ਜ਼ਿਆਦਾ ਕਿਸਾਨਾਂ ਨੇ ਏਧਰ ਬਰਸੀਮ ਦਸ ਬਾਰਾਂ ਕੱਤੇ ਦੇ ਕਰੀਬ ਜਾਂ ਇਸ ਤੋਂ ਬਾਅਦ ਬੀਜਿਆ ਸੀ ਜੋ ਅਜੇ ਹੱਥ ਲਾਉਣ ਜੋਗਾ ਨਹੀਂ ਸੀ ਹੋਇਆ। ਇਧਰ ਬਰਸੀਮ ਨੂੰ ਕਿਸਾਨਾਂ ਨੇ ਟੱਕ ਧਰ ਲਏ ਸਨ। ਇਕ ਕਾਰਨ ਸ਼ਾਇਦ ਅਕਤੂਬਰ ਮਹੀਨੇ ਦੀਆਂ ਬੇਮੌਸਮੀ ਬਾਰਸ਼ਾਂ ਜੋ ਸਾਡੇ ਵੱਲ ਵਾਹਵਾ ਹੋਈਆਂ ਸਨ, ਉਨ੍ਹਾਂ ਤੋਂ ਏਧਰਲੇ ਕਿਸਾਨਾਂ ਦਾ ਬਚਿਆ ਰਹਿਣਾ ਸੀ। ਸਾਡੇ ਪਿੰਡਾਂ ਦੇ ਨੇੜੇ ਹੁਣ ਸ਼ਾਮਲਾਟ ਥਾਂਵਾਂ ਨਹੀਂ ਰਹਿ ਗਈਆਂ, ਏਧਰ ਅਜੇ ਵੀ ਹਰ ਪਿੰਡ ਦੇ ਨੇੜੇ ਦਸ-ਦਸ ਵੀਹ-ਵੀਹ ਕਿੱਲਿਆਂ ਤੋਂ ਵਧ ਝਾੜ ਬੂਟ ਵਾਲੀ ਸ਼ਾਮਲਾਟ ਵੇਖੀ ਜਾ ਸਕਦੀ ਸੀ। ਇਸ ਤਰਾਂ ਚਰਾਂਦਾਂ ਵੀ ਏਧਰ ਆਮ ਸਨ। ਜਿਧਰ ਡੰਗਰ ਪਸ਼ੂ ਖੁਲ੍ਹੇ ਚਰ ਫਿਰ ਸਕਦੇ ਸਨ। ਸਾਡੇ ਤਾਂ ਵਰ੍ਹੇ ਵਿੱਚ ਪੰਜ ਸਤ ਦਿਨ, ਜਿਨਾਂ ਚਿਰ ਲੋਕ ਝੋਨੇ ਦੇ ਵੱਢ ਨੂੰ ਵਾਹੁੰਦੇ ਨਹੀਂ, ਸਿਰਫ਼ ਮਾਲ ਡੰਗਰ ਖੇਤਾਂ ਵਿੱਚ ਮਾੜਾ ਮੋਟਾ ਟੁਰ ਫਿਰ ਕੇ ਆਪਣੇ ਪੈਰ ਸਿੱਧੇ ਕਰ ਸਕਦਾ ਹੈ। ਖੁੱਲ੍ਹੀਆਂ ਚਰਾਂਦਾਂ ਵਿੱਚ ਚਰਨ ਵਾਲੇ ਪਸ਼ੂਆਂ ਦੇ ਦੁੱਧ ਘਿਓ ਦਾ ਰੁਤਬਾ ਅੱਠੇ ਪਹਿਰੇ ਕਿੱਲੇ ਬੱਝਿਆਂ ਡੰਗਰਾਂ ਦੇ ਦੁੱਧ ਘਿਓ ਤੋਂ ਕਿਤੇ ਵਧ ਹੁੰਦਾ ਹੈ। ਪਿੰਡ ਤਾਂ ਕੱਚੇ ਹੋਣੇ ਹੀ ਸਨ, ਸ਼ਹਿਰ ਲਾਹੌਰ ਦੀਆਂ ਕੰਧਾਂ 'ਤੇ ਵੀ ਪਲਸਤਰ ਜਾਂ ਸੱਜਰੇ ਹੋਏ ਸੀਮਿੰਟ ਦੀ ਅਣਹੋਂਦ ਰੜਕਦੀ ਸੀ। ਤਕਰੀਬਨ ਏਧਰ ਦੇ ਸਾਰੇ ਹੀ ਪਿੰਡਾਂ ਦੇ ਕਿਸਾਨਾਂ ਦੇ ਘਰਾਂ ਵਿੱਚ ਬੱਝੀਆਂ ਖੋਤੀਆਂ ਦੱਸਦੀਆਂ ਸਨ ਕਿ ਪੱਠੇ ਗੱਡਿਆਂ ਜਾਂ ਰੇਹੜੀਆਂ ਦੀ ਬਜਾਏ ਇਹਨਾਂ 'ਤੇ ਹੀ ਢੋਏ ਜਾਂਦੇ ਹਨ। ਝੋਨਾ ਬਾਸਮਤੀ ਦੀ ਫ਼ਸਲ ਸਾਥੋਂ ਪਿਛੇਤੀ ਸੀ ਅਤੇ ਅਜੇ ਕਈ ਦਿਨਾਂ



Sri Satguru Jagjit Singh Ji eLibrary NamdhariElibrary@gmail.com

ਵਿੱਚ ਵੱਢੀ ਜਾਣੀ ਸੀ, ਜਦੋਂ ਕਿ ਸਾਡੇ ਵੱਲੋ ਜੇ ਇਸ ਵਰ੍ਹੇ ਵਾਲੀ ਡੀ.ਏ.ਪੀ. ਦੀ ਥੁੜ ਨਾ ਆਵੇ ਤਾਂ ਜਿਆਦਾ ਝੋਨੇ ਬਾਸਮਤੀ ਦੇ ਵੱਢ, ਕੱਤੇ ਦੇ ਮਹੀਨੇ ਵਿੱਚ ਹੀ ਬੀਜ ਲਏ ਜਾਂਦੇ ਹਨ। ਇਹਨਾਂ ਦੀਆਂ ਕਣਕਾਂ ਦੀ ਬਿਜਾਈ ਲਗਦਾ ਸੀ ਕਿ ਸਾਰਾ ਮੱਘਰ ਲੈ ਜਾਏਗੀ। ਟਰੈਕਟਰ ਦੋ ਚਾਰ ਪਿੰਡਾਂ ਵਿੱਚ ਇਕ ਅੱਧਾ ਹੀ ਦਿਸਦਾ ਸੀ। ਪੱਕੀਆਂ ਹਵੇਲੀਆਂ ਵੀ ਹਰੇਕ ਪਿੰਡ ਵਿੱਚ ਇਕ ਦੋ, ਜ਼ਿਆਦਾ ਘਰ ਕੱਚੇ ਹੀ। ਬਿਜਲੀ ਦੇ ਬਿੱਲ ਬਹੁਤ ਜ਼ਿਆਦਾ ਹਨ। ਅੰਦਾਜ਼ਨ ਦਸ ਹਾਰਸ ਪਾਵਰ ਦੀ ਇਕ ਮੋਟਰ ਦਾ ਵਰ੍ਹੇ ਦਾ ਖਰਚਾ ਚਾਲੀ ਪੰਜਾਹ ਹਜ਼ਾਰ ਰੁਪਏ ਤੋਂ ਘੱਟ ਨਹੀਂ ਸੀ। ਇਸ ਲਈ ਮੋਟਰ ਉਹ ਹੀ ਲੁਆਉਂਦਾ ਸੀ ਜਿਸ ਦਾ ਇਕੱਠਾ 50-60 ਕਿੱਲਿਆਂ ਦਾ ਘੱਟੋ-ਘੱਟ ਇਕ ਥਾਂ 'ਤੇ ਟੱਕ ਸੀ। ਆਮ ਕਿਸਾਨਾਂ ਨੇ ਆਪਣੇ ਬੋਰਾਂ 'ਤੇ ਇੰਜਨ ਹੀ ਰੱਖੇ ਸਨ। ਵੈਸੇ ਨਹਿਰੀ ਪਾਣੀ ਸਾਡੇ ਤੋਂ (ਖਾਸ ਕਰਕੇ ਹਰਿਆਣੇ ਵਾਲਿਆਂ ਤੋਂ) ਵੱਧ ਜਾਪਦਾ ਸੀ।

ਪਹਿਲੀ ਗੱਡੀ ਲਈ ਤਰੱਦਦ ਕਰਨ ਦਾ ਸਾਡਾ ਮਕਸਦ ਦਿਨੇ-ਦਿਨੇ ਇਸ ਭੂ-ਭਾਗ ਦੇ ਦਰਸ਼ਨ ਕਰਨ ਦਾ ਸੀ, ਕਿਉਂਕਿ ਦੂਜੀਆਂ ਗੱਡੀਆਂ ਕਈ ਵੇਰ ਲਾਹੌਰ ਤੋਂ ਹੀ ਹਨੇਰਾ ਪਾ ਕੇ ਚੱਲਦੀਆਂ ਹਨ। ਅਸੀਂ ਆਪਣੇ ਇਸ ਮਕਸਦ ਵਿੱਚ ਸਫ਼ਲ ਹੋਏ। ਕਿਉਂ ਜੁ 1969 ਵਿੱਚ ਤਾਂ ਕਸੂਰ ਤੋਂ ਹੀ ਸਾਡੀ ਗੱਡੀ, ਉਦੋਂ ਹੁਸੈਨੀਵਾਲਾ ਬਾਰਡਰ ਹੁੰਦਾ ਸੀ, ਹਨੇਰੇ ਹੋਏ ਟੁਰਦੀ ਸੀ। ਫਿਰ ਵੇਖਣਾ ਕੀ ਸੀ। ਐਤਕੀਂ ਇਸ ਪਹਿਲੀ ਗੱਡੀ ਨੇ ਤਕਰੀਬਨ ਅੱਧੇ ਘੰਟੇ ਬਾਦ ਹੀ ਲਾਹੌਰ ਜੰਕਸ਼ਨ ਨੂੰ ਅਲਵਿਦਾ ਆਖੀ। ਕੋਈ ਪੰਦਰਾਂ ਕੁ ਮਿੰਟਾਂ ਬਾਦ ਸ਼ਹਿਰ ਲਾਹੌਰ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਬਾਦ ਅਸੀਂ ਵੇਦਾਂ ਵੇਲੇ ਦੀ ਪਰੂਸ਼ਣੀ ਅਤੇ ਹੁਣ ਦੇ ਰਾਵੀ ਦਰਿਆ ਉੱਤੋਂ ਦੀ ਲੰਘ ਰਹੇ ਸਾਂ। ਰਾਵੀ ਦੇ ਵਿਸ਼ਾਲ ਪੱਤਣਾਂ ਨੂੰ ਵਿੰਹਦਿਆਂ ਹੀ ਚੇਤਿਆਂ ਵਿੱਚ ਪ੍ਰੋ.ਮੋਹਨ ਸਿੰਘ ਹੋਰਾਂ ਦੇ 'ਸਾਵੇ ਪੱਤਰ' ਲਹਿਰਾਉਣ ਲੱਗ ਪਏ, ਜਿਨ੍ਹਾਂ ਨੇ ਆਪਣੀ ਇਸ ਇਕੋ ਸਤਰ ਨਾਲ ਰਾਵੀ ਅਤੇ ਇਹਦੇ ਕੰਢੇ ਵੱਸੇ ਸ਼ਹਿਰ ਲਾਹੌਰ ਦੀਆਂ ਵਸਨੀਕਣਾਂ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਸੀ:-

ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ
ਅੱਗ ਲਾਉਣ ਲਹੌਰਨਾਂ ਚੱਲੀਆਂ ਨੇ।

ਰਾਵੀ ਟੱਪਦਿਆਂ ਹੀ ਸ਼ਾਹਦਰਾ ਆ ਜਾਂਦਾ ਹੈ। ਇਥੇ ਮੁਗਲ ਕਾਲੀਨ ਬਾਗ ਅਤੇ ਸ਼ਾਹੀ ਮਕਬਰੇ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਰਾਵੀ ਦੇ ਇਸ ਕੰਢੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਸਾਡੇ ਪਿਛਲੇ ਜ਼ਿਲ੍ਹੇ ਸ਼ੇਖੂਪੁਰ ਦੀ ਹੱਦ। ਸ਼ਾਇਦ ਦਰਿਆ ਦੀ ਭੂਗੋਲਿਕ ਸੀਮਾ ਦੇ ਮੁਤਾਬਿਕ ਜ਼ਿਲ੍ਹਿਆਂ ਦੀ ਹੱਦਬੰਦੀ ਕੀਤੀ ਗਈ ਸੀ। ਅਸੀਂ ਸਮਝਦੇ ਸਾਂ ਕਿ ਹੁਣ ਆਵਾਜਾਈ ਦੇ ਸਾਧਨ ਵਿਕਸਿਤ ਹੋ ਗਏ ਹਨ, ਸ਼ਾਇਦ ਹੁਣ ਸ਼ਾਹਦਰੇ ਨੂੰ ਜ਼ਿਲ੍ਹਾ ਲਾਹੌਰ ਵਿੱਚ ਸ਼ਾਮਲ ਕਰ ਲਿਆ ਹੋਵੇ ਪਰ ਪੁੱਛਿਆਂ ਪਤਾ ਲੱਗਾ ਕਿ ਨਹੀਂ ਸ਼ੇਖ਼ੂਪੁਰੇ ਜ਼ਿਲ੍ਹੇ ਵਿੱਚ ਹੀ ਹੈ। ਜੋ ਇਥੋਂ



Sri Satguru Jagjit Singh Ji eLibrary NamdhariElibrary@gmail.com

ਘੱਟੋ-ਘੱਟ 35-40 ਕਿਲੋਮੀਟਰ ਹੋਵੇਗਾ ਜਦੋਂਕਿ ਲਾਹੌਰ ਤਾਂ ਬਿਲਕੁਲ ਇਹਦੇ ਨੱਕ ਉੱਤੇ ਹੀ ਹੈ। ਅੱਜ ਵਾਲੀ ਗੱਡੀ ਨੇ ਕਿਉਂਕਿ ਪੰਜਾ ਸਾਹਿਬ ਪੁੱਜਣਾ ਸੀ, ਇਸ ਲਈ ਇਹ ਸ਼ੇਖ਼ੂਪੁਰੇ ਵਾਲੀ ਲਾਈਨ 'ਤੇ ਜਾਣ ਦੀ ਬਜਾਇ ਗੁਜਰਾਂਵਾਲਾ ਵਾਲੀ ਲਾਈਨ 'ਤੇ ਜਾ ਰਹੀ ਸੀ।

ਉਵੇਂ ਲਾਹੌਰ ਤੋਂ ਲੈਕੇ ਦਿਨ ਛਿਪਣ ਤੱਕ ਤਕਰੀਬਨ ਦੋ ਢਾਈ ਘੰਟੇ ਦੇ ਸਫ਼ਰ ਵਿੱਚ ਅਸੀਂ ਪੰਜਾਬ ਦੀ ਯਾਤਰਾ ਸੰਪੂਰਨ ਕਰਨ ਦੇ ਅਨੁਭਵ ਵਿਚੋਂ ਗੁਜ਼ਰ ਰਹੇ ਸਾਂ। ਉਹ ਪੰਜਾਬ ਜਿਹੜਾ ਪੰਜਾਂ ਦਰਿਆਵਾਂ ਦਾ ਪੰਜਾਬ ਸੀ। ਦੋਹਾਂ ਦਰਿਆਵਾਂ ਬਿਆਸ ਅਤੇ ਸਤਲੁਜ ਦੇ ਸਾਂਝੇ ਦਰਸ਼ਨ ਤਾਂ ਕਰੀਵਾਲੇ ਤੋਂ ਹੀ ਅੰਮ੍ਰਿਤਸਰ ਨੂੰ ਆਉਂਦਿਆਂ ਹਰੀਕੇ ਦੇ ਸਥਾਨ ਤੋਂ ਕਰ ਲਏ ਸਨ। ਰਹਿੰਦੇ ਤਿੰਨਾਂ ਦਰਿਆਵਾਂ, ਰਾਵੀ, ਝਨਾਂ ਅਤੇ ਜਿਹਲਮ ਨੂੰ ਅਸੀਂ ਅੱਜ ਚਹੁੰ ਕੁ ਘੰਟਿਆਂ ਦੇ ਸਫ਼ਰ ਵਿੱਚ ਪਾਰ ਕਰ ਲਿਆ ਸੀ। ਪੰਜਾਬ ਦੀ ਵਿਸ਼ਾਲਤਾ, ਮਹਾਨਤਾ ਅਤੇ ਭਰਪੂਰਤਾ ਦਾ ਇਕ ਅਹਿਸਾਸ ਵੀ ਹੋ ਰਿਹਾ ਸੀ ਅਤੇ ਰੂਹ ਇਹਨਾਂ ਪੰਜਾਂ ਪਾਣੀਆਂ ਦੇ ਮੱਥੇ ਲੱਗ ਕੇ ਇਕ ਰੱਜ ਜਿਹਾ ਵੀ ਮਹਿਸੂਸ ਕਰ ਰਹੀ ਸੀ। ਕਿਉਂਕਿ ਆਪਣੇ ਪੁਰਖਿਆਂ ਦੁਆਰਾ ਜੋ ਮਨੋਭਾਵ, ਸੰਸਕਾਰਾਂ, ਕਾਰਾਂ-ਵਿਹਾਰਾਂ ਅਤੇ ਆਚਰਨ ਦੇ ਰੂਪ ਵਿੱਚ ਸਾਡੇ ਤੱਕ ਪੁੱਜਦੇ ਹਨ, ਜੋ ਸੋਚਾਂ ਦਾ ਢੰਗ ਅਸੀਂ ਗ੍ਰਹਿਣ ਕਰਦੇ ਹਾਂ ਉਹਦੇ ਵਿੱਚ ਕਿਤੇ ਨਾ ਕਿਤੇ ਆਪਣੀ ਮਿੱਟੀ ਦੀ ਮਹਿਕ ਵੀ ਲੁਕੀ ਹੁੰਦੀ ਹੈ। ਆਪਣੇ ਪਾਣੀਆਂ ਦਾ ਸਰੂਰ ਵੀ ਸ਼ਾਮਲ ਹੁੰਦਾ ਹੈ। ਆਪਣੇ ਜੂਹਾਂ-ਬੇਲਿਆਂ, ਰੱਕੜਾਂ-ਰੋਹੀਆਂ, ਪਹਿਆਂ-ਪਗਡੰਡੀਆਂ, ਰੁੱਖਾਂ-ਝਾੜੀਆਂ, ਫ਼ਸਲਾਂ-ਫੁਲਵਾੜੀਆਂ, ਭੂ ਦ੍ਰਿਸ਼ਾਂ-ਅੰਬਰੀ ਨਜ਼ਾਰਿਆਂ,ਪਸ਼ੂ-ਪੰਛੀਆਂ, ਰਾਤਾਂ-ਰੁੱਤਾਂ, ਸ਼ਹਿਰਾਂ, ਗਿਰਾਵਾਂ ਅਤੇ ਇਸ ਚੌਗਿਰਦੇ ਵਿੱਚ ਵੱਸਣ ਰਸਣ ਵਾਲੇ ਮਿਲ ਕੇ ਹੀ ਇਕ ਪੂਰਾ ਸੋਚ ਪ੍ਰਬੰਧ ਸਿਰਜਦੇ ਹਨ, ਜਿਸ ਦੀ ਸਾਂਝ ਹੀ ਕਿਸੇ ਨਾਲ ਸਾਡੀ ਨੇੜਤਾ ਅਤੇ ਆਪਣੇਪਣ ਦੇ ਅਹਿਸਾਸ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਕ ਇਹੋ ਜਿਹਾ ਅਹਿਸਾਸ ਹੀ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੋਕਾਂ ਨੂੰ ਇਕ ਦੂਜੇ ਨਾਲ ਬੰਨ੍ਹਦਾ ਹੈ। ਸਹਾਰਾ ਲਵਾਂਗਾ ਉੱਘੇ ਗ਼ਜ਼ਲਗੋ ਜਗਤਾਰ ਦਾ ਆਪਣੇ ਕਥਨ ਦੀ ਪੁਸ਼ਟੀ ਵਾਸਤੇ:-

**ਤੰਦ ਸਨ ਅਹਿਸਾਸ ਦੇ ਜਿਸ ਨਾਲ ਸਾਂ ਦੋਵੇਂ ਜੁੜੇ,**<br>
**ਤੂੰ ਜੋ ਮਨ ਵਿੱਚ ਸੋਚਿਆ ਆਪਣਾ ਤਾਂ ਉਹ ਰਿਸ਼ਤਾ ਨਾ ਸੀ।**



Sri Satguru Jagjit Singh Ji eLibrary NamdhariElibrary@gmail.com

# ਏਮਨਾਬਾਦ

ਅਸੀਂ ਰੇਲ ਦੇ ਡੱਬੇ ਵਿੱਚ ਸਫ਼ਰ ਕਰ ਰਹੇ ਮੁਸਾਫ਼ਿਰ ਇਸ ਤਰ੍ਹਾਂ ਦਾ ਹੀ ਰਿਸ਼ਤਾ ਅਨੁਭਵ ਕਰ ਰਹੇ ਸਾਂ। ਉਨ੍ਹਾਂ ਬੇਓੜਕ ਅੱਖਾਂ ਅਤੇ ਹਿੱਲਦੇ ਹੱਥਾਂ ਨਾਲ, ਜੋ ਸਾਡੀ ਗੱਡੀ ਨੂੰ ਵੇਖਣ ਵਾਸਤੇ ਹਰ ਛੋਟੇ ਵੱਡੇ ਸਟੇਸ਼ਨ 'ਤੇ ਅਤੇ ਰੇਲਵੇ ਲਾਈਨ ਦੇ ਦੋਹੀਂ ਪਾਸੀਂ ਵੱਸੋਂ ਵਾਲੇ ਇਲਾਕਿਆਂ ਵਿੱਚ ਖਲੋਤੇ ਹੁੰਦੇ ਸਨ। ਚਾਰ-ਚਾਰ, ਪੰਜ-ਪੰਜ ਸਾਲਾਂ ਦੇ ਬਾਲਾਂ ਤੋਂ ਲੈ ਕੇ, ਉਮਰ ਦੇ ਸੈਂਕੜੇ ਤੱਕ ਪੁੱਜਣ ਵਾਲੇ ਬਜ਼ੁਰਗ ਵੀ ਇਸੇ ਗਰਮ ਜੋਸ਼ੀ ਨਾਲ ਸਾਨੂੰ ਨਿਹਾਰ ਰਹੇ ਸਨ ਜਿਵੇਂ ਕੋਈ ਉਹਨਾਂ ਦੇ ਵਿਚੋਂ ਉਹਨਾਂ ਦੇ ਬਹੁਤ ਆਪਣੇ ਚਿਰ-ਵਿੱਛੜੇ ਸੱਜਣ ਕੋਲੋਂ ਲੰਘ ਰਹੇ ਹੋਣ। ਅੱਧੀ ਸਦੀ ਪਹਿਲੋਂ ਵਾਪਰੇ ਵੰਡ ਦੇ ਦੁਖਾਂਤ ਉਤੇ ਮਿਹਰਬਾਨ ਨਜ਼ਰਾਂ ਦੋਸਤੀ ਦੇ ਨਵੇਂ ਫੁੱਲ ਖਿੜਾ ਰਹੀਆਂ ਸਨ।

ਜਿਨ੍ਹਾਂ ਸਟੇਸ਼ਨਾਂ ਨੂੰ ਸਾਡੀ ਗੱਡੀ ਪਿੱਛੇ ਛੱਡ ਰਹੀ ਸੀ ਉਹ ਇਸ ਵਿਰਕ ਤਪੇ ਦੇ ਇਲਾਕੇ ਦੇ ਉੱਘੇ ਪਿੰਡ ਸਨ ਮੁਰੀਦ ਕੇ, ਸਾਧੋ ਕੇ, ਕਾਮੋਕੇ ਆਦਿ। ਢਾਣੀ ਰਤਨ ਸਿੰਘ ਗਾਣੀਆਂ ਨਿਵਾਸੀ ਪ੍ਰਗਟ ਸਿੰਘ ਵਿਰਕ ਇਸੇ ਕਾਮੋਕੇ ਮੰਡੀ ਤੋਂ ਹੀ ਗਿਆ ਹੋਇਆ ਸੀ। ਅਟਾਰੀ ਬਾਰਡਰ ਟੱਪਦਿਆਂ ਹੀ ਉਸ ਆਪਣੇ ਪੁਰਾਣੇ ਪਿੰਡ ਨੂੰ ਵੇਖਣ ਦੀ ਇੱਛਾ ਮੇਰੇ ਨਾਲ ਸਾਂਝੀ ਕੀਤੀ ਸੀ ਅਤੇ ਹੁਣ ਜਦੋਂ ਰੇਲ ਉਸਦੀ ਭੀੜ ਭਰੀ ਮੰਡੀ ਵਿੱਚੋਂ ਲੰਘ ਰਹੀ ਸੀ ਤਾਂ ਉਹ ਕਦੇ ਸੱਜੀ ਖਿੜਕੀ ਵਿੱਚੋਂ ਅਤੇ ਕਦੀ ਖੱਬੀ ਬਾਰੀ ਵਿੱਚੋਂ ਆਪਣੀਆਂ ਓਦਰੀਆਂ ਨਜ਼ਰਾਂ, ਬਾਹਰਲਿਆਂ ਨਾਲ ਸਾਂਝੀਆਂ ਕਰ ਰਿਹਾ ਸੀ। ਗੁਜ਼ਰਾਂ ਵਾਲੇ ਤੱਕ ਲਾਹੌਰ ਤੋਂ ਧੁਰ ਉੱਤਰ ਨੂੰ ਜਾਣ ਵਾਲੀ, ਇਸ ਰੇਲਵੇ ਲਾਈਨ ਦੇ ਨਾਲ-ਨਾਲ ਵਿਰਕਾਂ ਦੇ ਚੋਖੇ ਪਿੰਡ ਆਬਾਦ ਸਨ।

ਪਹਿਲੀ ਪਾਤਸ਼ਾਹੀ ਦੀ ਚਰਨ-ਛੁਹ ਪ੍ਰਾਪਤ ਇਤਿਹਾਸਕ ਨਗਰੀ ਏਮਨਾਬਾਦ ਵਿੱਚੋਂ ਲੰਘ ਰਹੇ ਸਾਂ। ਇਸ ਦਾ ਪੁਰਾਣਾ ਨਾਮ ਸੈਦਪੁਰ ਸੀ। ਇਥੇ ਹੀ ਤਾਂ ਗੁਰੂ ਪਾਤਸ਼ਾਹ ਦਾ ਅਨਿੰਨ ਸਿੱਖ ਭਾਈ ਲਾਲੋ ਤਰਖਾਣ ਰਹਿੰਦਾ ਸੀ ਜਿਸ ਦੀ ਮਾਰਫ਼ਤ ਹਜ਼ੂਰ ਨੇ ਧਨੀਆਂ ਦੀ ਲੁੱਟ-ਖਸੁੱਟ ਉੱਤੇ ਕਿਰਤ ਸ਼ਕਤੀ ਦੀ ਵਿਜੈ ਪਤਾਕਾ ਲਹਿਰਾਈ ਸੀ। ਬਾਬਰ ਨੇ ਵੀ ਭਾਰਤ 'ਤੇ ਚੜ੍ਹਾਈ ਸਮੇਂ ਇਥੇ ਵੱਡਾ ਹੱਲਾ ਬੋਲ ਕੇ ਕਤਲਾਮ ਕੀਤਾ ਸੀ ਅਤੇ ਬਾਬਰ ਬਾਣੀ ਦਾ ਪ੍ਰਸਿੱਧ ਸ਼ਬਦ ਆਦਿ ਗੁਰੂ ਜੀ ਨੇ ਇਥੇ ਹੀ ਉਚਾਰਨ ਕੀਤਾ ਸੀ। ਗੁਰੂ ਜੀ ਨੇ ਆਪਣੀ ਦੂਰਦਰਸ਼ਤਾ ਰਾਹੀਂ ਅਤੇ ਹਮਲੇ ਨੂੰ ਅਨੁਭਵ ਕਰਕੇ ਬਹੁਤ ਸਾਰੇ ਸਿੱਖ-ਸਿੱਖਣੀਆਂ ਨੂੰ ਸੁਰੱਖਿਅਤ ਥਾਂਵਾਂ 'ਤੇ ਤੁਰ ਜਾਣ ਦੀ ਹਦਾਇਤ ਵੀ ਇਥੇ ਹੀ ਕੀਤੀ ਸੀ। ਇਸ ਮੰਡੀ ਵਿੱਚ ਝੋਨਾ ਛੜਣ ਲਈ ਸ਼ੈਲਰ ਕਾਫ਼ੀ ਗਿਣਤੀ ਵਿੱਚ ਲੱਗੇ ਹੋਏ ਸਨ। ਝੋਨੇ ਦੇ, ਬਾਸਮਤੀ ਦੇ ਅੰਬਾਰ ਲੱਗੇ ਹੋਏ ਸਨ। ਦੂਰ-ਦੂਰ ਤੱਕ ਖੇਤਾਂ ਵਿੱਚ ਕਿਤੇ ਕਿਤੇ ਝੋਨਾ ਬਾਸਮਤੀ ਨਜ਼ਰ ਵੀ



Sri Satguru Jagjit Singh Ji eLibrary NamdhariElibrary@gmail.com

ਆ ਰਹੇ ਸਨ ਅਤੇ ਕਿਤੇ ਕਿਤੇ ਪੈਲ਼ੀਆਂ ਵਾਹੀਆਂ ਵੀ ਜਾ ਰਹੀਆਂ ਸਨ। ਝੋਟੇ ਅਤੇ ਬੈਲਾਂ ਦੇ ਹਲ਼ ਵੀ ਆਮ ਚੱਲਦੇ ਵੇਖੇ ਜਾ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

# ਗੁਜਰਾਂਵਾਲਾ

ਹੁਣ ਅਸੀਂ ਗੁਜ਼ਰਾਂਵਾਲਾ ਨਾਂ ਦੇ ਵਿਸ਼ਾਲ ਸ਼ਹਿਰ ਵਿੱਚੋਂ ਲੰਘ ਰਹੇ ਸਾਂ। ਸਾਡੇ ਪਿੰਡ ਦਾ ਜ਼ਿਲ੍ਹਾ ਸ਼ੇਖ਼ੂਪੁਰਾ ਤਾਂ 1912 ਈ. ਵਿੱਚ ਬਣਿਆ ਸੀ। ਇਸ ਤੋਂ ਪਹਿਲਾਂ ਸਾਡਾ ਜ਼ਿਲ੍ਹਾ ਗੁਜਰਾਂਵਾਲਾ ਹੀ ਹੁੰਦਾ ਸੀ। ਆਪਣੇ ਪੁਰਾਣੇ ਜ਼ਿਲ੍ਹੇ ਦਾ ਸਦਰ ਮੁਕਾਮ ਅੱਖਾਂ ਅੱਗੋਂ ਲੰਘ ਰਿਹਾ ਸੀ ਅਤੇ ਇਕ ਸਾਂਝ ਜਹੀ ਇਸ ਇਤਿਹਾਸਕ ਸ਼ਹਿਰ ਨਾਲ ਅਨੁਭਵ ਹੋ ਰਹੀ ਸੀ। ਗੁਜਰਾਂਵਾਲਾ ਜਿਥੇ ਕਦੀ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ ਸੀ। ਜਿਸ ਨੇ ਆਪਣੇ ਜ਼ੋਰ ਨਾਲ ਮੁਲਕ ਨਿਵਾਇਆ ਸੀ ਅਤੇ ਪੰਜਾਹ ਬਰਸ ਰੱਜ ਕੇ ਅੱਛਾ ਰਾਜ ਕਮਾਇਆ ਸੀ। ਮਹਾਨ ਸਿੱਖ-ਜਰਨੈਲ, ਹਰੀ ਸਿੰਘ ਨਲੂਆ ਦੀ ਵੀ ਜਨਮ ਭੂਮੀ ਇਹੋ ਗੁਜਰਾਂਵਾਲਾ ਸੀ। ਇਸੇ ਗੁਜ਼ਰਾਂਵਾਲੇ ਦੇ ਲਾਗੇ ਸੈਦ ਨਗਰ ਸੀ ਜਿਸ ਦਾ ਆਧੁਨਿਕ ਨਾਂ ਰਾਮ ਨਗਰ ਹੋ ਗਿਆ ਸੀ। ਚੱਠਿਆਂ ਦੀ ਵਾਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੇ ਲਸ਼ਕਰ ਦੀ ਚੜ੍ਹਤ ਦੇ ਵਰਣਨ ਵਿੱਚ ਸੈਦ ਨਗਰ ਦਾ ਜ਼ਿਕਰ ਕਾਨੀ ਬੰਦ ਹੈ :-

**ਲਸ਼ਕਰ ਮਹਾਂ ਸਿੰਘ ਦਾ ਦਰਿਆਈ ਕਾਂਗਾਂ।**
**ਸੈਦ ਨਗਰ ਨੂੰ ਵਗਿਆ ਘੱਤ ਕੂਕਾਂ ਚਾਂਗਾਂ।**

ਦਰਿਆਵਾਂ ਦੇ ਕੰਢੇ ਰਹਿਣ ਵਾਲੇ ਸ਼ਾਇਰਾਂ ਦੀ ਕਵਿਤਾ ਵਿੱਚ ਦਰਿਆ ਨੂੰ ਤਸ਼ਬੀਹ ਲਈ ਕਿਉਂ ਨਾ ਵਰਤਿਆ ਜਾਏ। ਤੇ ਇਹੋ ਰਾਮ ਨਗਰ, ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਦੇ ਪੰਜਾਬ ਵਿਚਲੇ ਇਕ ਉੱਘੇ ਆਗੂ ਕਾਮਰੇਡ ਸਤਪਾਲ ਡਾਂਗ ਦੀ ਜਨਮ ਭੂਮੀ ਵੀ ਹੈ। ਇਸੇ ਗੁਜਰਾਂਵਾਲੇ ਵਿੱਚ ਸਿੰਘ ਸਭਾ ਲਹਿਰ ਸਮੇਂ ਇਕ ਯਤੀਮਖਾਨਾ ਖੋਲ੍ਹਿਆ ਗਿਆ ਸੀ ਜਿਸ ਵਿੱਚ ਸਿੱਖ ਬੱਚਿਆਂ ਦੀ ਪਰਵਰਿਸ਼ ਦੇ ਨਾਲ-ਨਾਲ ਉਹਨਾਂ ਨੂੰ ਬਾਣੀ, ਇਤਿਹਾਸ, ਰਾਗ ਕਥਾ ਆਦਿ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਮੇਰਾ ਇਕ ਪੁਰਖਾ ਜੋ ਨਨਕਾਣਾ ਸਾਹਿਬ ਦੇ ਸਾਕੇ ਦਾ ਨਾਇਕ ਹੋ ਨਿਬੜਿਆ ਸੀ, ਜਥੇਦਾਰ ਕਰਤਾਰ ਸਿੰਘ ਝੱਬਰ, ਗੁਜਰਾਂਵਾਲਾ ਸਥਿਤ ਇਸੇ ਯਤੀਮਖਾਨੇ ਵਿੱਚੋਂ (ਬਾਵਜੂਦ ਇਸਦੇ ਕਿ ਉਹ ਯਤੀਮ ਨਹੀਂ ਸੀ) ਇਕ ਉੱਘਾ ਸਿੱਖ ਪ੍ਰਚਾਰਕ ਬਣਕੇ ਨਿਕਲਿਆ ਸੀ। ਸਾਡੇ ਨਾਮਧਾਰੀ ਇਤਿਹਾਸ ਦੀਆਂ ਵੀ ਚੋਖੀਆਂ ਪੱਕੀਆਂ ਪੀਡੀਆਂ ਤੰਦਾਂ ਇਸ ਗੁਜਰਾਂਵਾਲੇ ਸ਼ਹਿਰ ਤੋਂ ਇਸ ਦੇ ਆਲੇ-ਦੁਆਲੇ ਦੇ ਨਾਲ ਜੁੜੀਆਂ ਹਨ। ਸ੍ਰ.ਹਰੀ ਸਿੰਘ ਨਲਵੇ ਦਾ ਜੁਆਈ, ਸ੍ਰ. ਲਹਿਣਾ ਸਿੰਘ ਘਰਜਾਖੀਆ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿੱਚੋਂ ਮਿਲੇ ਢਾਈ ਸਿੱਖਾਂ ਵਿੱਚੋਂ ਇਕ ਪੂਰਾ ਸਿੱਖ ਸੀ, ਭਾਵੇਂ ਸਤਿਜੁਗ ਦੇ 'ਸੰਤ ਅੰਕ' 1996 ਬਿਕਰਮੀ ਵਿੱਚ ਪ੍ਰਕਾਸ਼ਿਤ ਫੋਟੋ ਵਿੱਚ ਇਹ ਬਾਬਾ ਜੀ, ਕੁਪੀਨਧਾਰੀ ਹੀ ਦਿਖਾਏ ਗਏ ਹਨ। ਗੁਜਰਾਂਵਾਲੇ ਦੇ ਲਾਗੇ ਹੀ ਹੈ ਚੱਕ ਰਾਮਦਾਸ, ਜਿਥੋਂ ਦਾ ਸੂਬਾ ਗੁਰਚਰਨ



Sri Satguru Jagjit Singh Ji eLibrary NamdhariElibrary@gmail.com

ਸਿੰਘ ਵਿਰਕ ਹਿੰਦ-ਰੂਸ ਮਿਤਰਤਾ ਦੀਆਂ ਪਹਿਲੀਆਂ ਪਗਡੰਡੀਆਂ ਪੈਰੀਂ ਤੁਰ-ਤੁਰ ਕੇ ਪਾਉਂਦਾ ਹੈ। ਉਸ ਦੇ ਗੁਆਂਢ ਪਿੰਡ ਹਿੰਦੂ ਚੱਕ ਵਿੱਚ ਭਾਵੇਂ ਦਿਆਲ ਸਿੰਘ ਕੂਕੇ ਦੇ ਵਡਿੱਕੇ ਅਤਰ ਸਿੰਘ, ਸੰਤ ਸਿੰਘ ਵੀ ਪ੍ਰਸਿੱਧ ਕੂਕੇ ਸੰਗਰਾਮੀਏ ਸਨ ਪਰ ਸਭ ਤੋਂ ਵਧ ਪ੍ਰਸਿੱਧੀ ਹਿੰਦੂ ਚੱਕ ਨੂੰ ਦੇ ਗਿਆ ਦਿਆਲ ਸਿੰਘ ਦਾ ਪੁੱਤਰ ਸੰਤ ਤਰਨ ਸਿੰਘ 'ਵਹਿਮੀ' ਕਵੀ ਤੇ ਲਿਖਾਰੀ, ਜੋ ਆਪਣੇ 'ਜੱਸ ਜੀਵਨ' ਨਾਂ ਦੇ ਗ੍ਰੰਥ ਸਦਕਾ, ਜੋ ਹੁਣ ਤੱਕ ਨਾਮਧਾਰੀ ਇਤਿਹਾਸ ਦਾ ਸੰਦਰਭ ਗ੍ਰੰਥ ਬਣ ਚੁੱਕਾ ਹੈ, ਵਿਸ਼ਵ ਵਿਖਿਆਤ ਹੋ ਗਿਆ ਹੈ। ਇਸੇ ਹੀ ਜ਼ਿਲ੍ਹੇ ਦੇ ਪਿੰਡ ਰਾਜਾ ਜਿਥੋਂ ਦੇ ਸ੍. ਸੋਹਣ ਸਿੰਘ ਨਾਮਧਾਰੀ ਦੇ ਪੁੱਤਰ ਕਾਮਰੇਡ ਰਾਜ ਸਿੰਘ ਦੀ ਸਾਡੇ ਇਲਾਕੇ ਜੀਵਨ ਨਗਰ ਵਿੱਚ ਕਮਿਊਨਿਸਟ ਅੰਦੋਲਨ ਦੇ ਪ੍ਰਚਾਰ ਪ੍ਰਸਾਰ ਵਿੱਚ ਵੱਡੀ ਭੂਮਿਕਾ ਰਹੀ ਹੈ। ਰਾਜ ਸਿੰਘ ਵਾਲੇ ਪਿੰਡ ਅੰਮ੍ਰਿਤਸਰ ਕਲਾਂ ਵਿੱਚ ਵੱਸਣ ਵਾਲੇ ਸਾਡੇ ਹੋਰ ਬਹੁਤ ਹੀ ਵਧੀਆ ਸਾਥੀ ਹਨ, ਕਾਮਰੇਡ ਮਾਨ ਸਿੰਘ ਹੰਜਰਾ, ਕਾ. ਗੁਰਦੀਪ ਸਿੰਘ ਸਿੱਧੂ, ਕਾ. ਕਿਰਪਾਲ ਸਿੰਘ ਚੀਮਾ ਅਤੇ ਪਾਲਾ ਸਿੰਘ ਚੀਮਾ। ਪਹਿਲੇ ਦੋਵੇਂ ਇਸੇ ਜ਼ਿਲ੍ਹੇ ਦੇ ਪਿੰਡ ਲਾਲ੍ਹੇਪੁਰ ਦੇ ਅਤੇ ਮਗਰਲੇ ਦੋਵੇਂ ਤਰਗਿੜੀ ਦੇ ਹਨ। ਇਉਂ ਸਾਡੇ ਹਿੱਸੇ ਦਾ ਗੁਜਰਾਂਵਾਲਾ ਸਿਰਸਾ ਵਿੱਚ ਵੀ ਵੱਸਦਾ ਹੈ। ਮਸ਼ਹੂਰ ਪੰਜਾਬੀ ਕਵੀ ਮਾਸਟਰ ਅਮਰੀਕ ਸਿੰਘ, ਕਾ. ਹੰਜਰਾ ਦੇ ਵੱਡੇ ਭਾਈ ਹਨ। ਗੁਜਰਾਂਵਾਲੇ ਸ਼ਹਿਰ ਵਿੱਚ ਹੀ 'ਬਾਬੇ ਦੀ ਝੁੱਗੀ' ਜੋ ਉੱਘੇ ਨਾਮਧਾਰੀ ਪ੍ਰਚਾਰਕ, ਇਤਿਹਾਸਕਾਰ, ਪੱਤਰਕਾਰ, ਕਵੀ ਅਤੇ ਦੇਸ਼ ਭਗਤ ਕਾਂਗਰਸੀ ਆਗੂ ਸੰਤ ਨਿਧਾਨ ਸਿੰਘ ਆਲਿਮ ਦਾ ਹੈਡਕੁਆਰਟਰ ਹੁੰਦੀ ਸੀ। ਗੁਜਰਾਂਵਾਲਾ ਜਿਸ ਨੂੰ ਯੂ.ਪੀ ਤੋਂ ਆਇਆ, ਸਾਡਾ ਸਰਕਾਰੀ ਹਾਇਰ ਸੈਕੰਡਰੀ ਸਕੂਲ ਸਿਰਸੇ ਵਿਚਲਾ ਇਤਿਹਾਸ ਦਾ ਅਧਿਆਪਕ ਹਮੇਸ਼ਾ ਗੁਜਰਾਨ ਵਾਲਾ ਹੀ ਬੋਲਦਾ ਸੀ, ਉਹ ਸ਼ਾਇਦ ਅੰਗਰੇਜ਼ੀ ਪੁਸਤਕਾਂ ਤੋਂ ਪੜ੍ਹ ਕੇ ਆਉਂਦਾ ਸੀ। ਇਸ ਤਰ੍ਹਾਂ ਦੀਆਂ ਯਾਦਾਂ ਵਾਲੇ ਸ਼ਹਿਰ ਦੇ ਵਿੱਚੋਂ ਦੀ ਲੰਘਣਾ, ਪੁਰਖਿਆਂ ਤੋਂ ਸੁਣੀਆਂ ਯਾਦਾਂ ਨੂੰ ਮੁੜ ਤਾਜ਼ਿਆਂ ਕਰਨ ਦੇ ਬਰਾਬਰ ਸੀ। ਗੁੱਜਰਾਂਵਾਲੇ ਵਿੱਚ ਵੰਡ ਤੋਂ ਪਹਿਲਾਂ ਕਿਉਂਕਿ ਕਾਰਖ਼ਾਨੇ ਕਾਫ਼ੀ ਸਨ, ਇਸ ਲਈ ਟਰੇਡ ਯੂਨੀਅਨ ਅੰਦੋਲਨ ਵੀ ਇਥੇ ਕਾਫ਼ੀ ਮਜ਼ਬੂਤ ਸੀ।



Sri Satguru Jagjit Singh Ji eLibrary NamdhariElibrary@gmail.com

## ਲਾਲਾ ਮੂਸਾ

ਗੁਜਰਾਂਵਾਲੇ ਤੋਂ ਬਾਅਦ ਲਾਲਾ ਮੂਸਾ ਨਾਮੀ ਇਕ ਪ੍ਰਸਿੱਧ ਜੰਕਸ਼ਨ ਆਇਆ। ਇਸ ਦਾ ਨਾਉਂ 1961 ਈ. ਵਿੱਚ ਨਾਨਕ ਸਿੰਘ ਹੋਰਾਂ ਦੇ ਗ਼ਦਰ ਪਾਰਟੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿੱਚ ਪੜ੍ਹਿਆ ਸੀ। ਪ੍ਰਸੰਗ ਸ਼ਾਇਦ ਇਸ ਤਰਾਂ ਸੀ ਕਿ ਸਰਾਭੇ ਦੀ ਕਲਪਿਤ ਮੰਗੇਤਰ ਬੀਰੀ ਦੁਆਰਾ ਜਦੋਂ ਉਨ੍ਹਾਂ ਨੂੰ ਫੜਾਉਣ ਵਾਲੇ ਰਸਾਲਦਾਰ ਗੰਡਾ ਸਿੰਘ ਦਾ ਘੋਗ਼ਾ ਚਿੱਤ ਕੀਤਾ ਜਾਂਦਾ ਹੈ ਤਾਂ ਬੀਬੀ ਦਾ ਪਿਤਾ ਜੋ ਬੇਦੀ ਘਰਾਣੇ ਵਿੱਚੋਂ ਹੈ ਅਤੇ ਉਹ ਵੀ ਇਨਕਲਾਬੀਆਂ ਨੂੰ ਫੜਾ ਕੇ ਜਾਂ ਉਨ੍ਹਾਂ ਦੇ ਭੇਤ ਸਰਕਾਰ ਤੱਕ ਪੁਚਾ ਕੇ ਵੱਡੀਆਂ ਰਿਆਇਤਾਂ ਲੈਣੀਆਂ ਚਾਹੁੰਦਾ ਹੈ। ਹਾਕਰ ਤੋਂ ਅਖ਼ਬਾਰ ਦੀ ਖ਼ਬਰ ਸੁਣਕੇ ਤੇ ਫਿਰ ਪੜ੍ਹਕੇ ਆਪਣੇ ਮਨਸੂਬਿਆਂ 'ਤੇ ਪਾਣੀ ਦੇ ਘੜੇ ਪੈ ਗਏ ਸਮਝਦਾ ਹੈ। ਉਸ ਨੂੰ ਚੱਕਰ ਆਉਂਦੇ ਹਨ ਅਤੇ ਉਹ ਕੁੱਲੀ ਨੂੰ ਏਨਾ ਹੀ ਕਹਿੰਦਾ ਹੈ 'ਲਾ...ਲੇ ਮੂ...ਸੇ ਵਾਲੀ ਗੱਡੀ। ਲਾਲਾ ਮੂਸਾ ਜਿਸ ਬਾਰੇ ਪੰਜਾਬੀ ਵਿੱਚ ਨਾ ਲਿਖਣ ਜੋਗ ਲੋਕੋਕਤੀ ਵੀ ਬਣੀ ਹੈ। ਥਾਈਲੈਂਡ ਵਿੱਚ ਜਾ ਵੱਸੇ ਨਾਮਧਾਰੀ ਲੇਖਕ ਅਤੇ ਕਵੀ ਸੇਠ ਖਜਾਨ ਸਿੰਘ ਇਨਸਾਫ਼ ਦੀ ਕਰਮ ਭੂਮੀ ਵੀ ਇਹੋ ਲਾਲਾ ਮੂਸਾ ਸੀ ਜਿਸ ਸਤਿਗੁਰੂ ਪ੍ਰਤਾਪ ਸਿੰਘ ਵੱਲੋਂ ਮਿਲਦੀ ਸੂਬਾ ਪਦਵੀ ਆਪਣੇ ਸਾਹਿਤਕ ਸੌਂਕ ਤੋਂ ਕੁਰਬਾਨ ਕਰ ਦਿੱਤੀ ਸੀ। ਇਥੋਂ ਦੀ ਪੁਲੀਸ ਦੀ ਤਕੜੀ ਧਾੜ ਨੇ ਰੁਕੀ ਹੋਈ ਗੱਡੀ ਦੇ ਸਿੱਖ ਯਾਤਰੀਆਂ ਵੱਲ, ਅਜੀਬ ਖਿੱਚ ਦੁਆਰਾ ਖਿੱਚੇ ਆ ਰਹੇ ਮੁਸਲਮਾਨ ਦਰਸ਼ਕਾਂ ਦੀ ਇਕ ਵੱਡੀ ਭੀੜ ਨੂੰ ਰੋਕਿਆ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

# ਪਾਣੀ ਇਸ਼ਕ ਝਨਾਂ ਦਾ

ਹੁਣ ਅਸੀਂ ਮਹਿਸੂਸ ਕਰ ਰਹੇ ਸਾਂ ਕਿ ਦਰਿਆ ਝਨਾਂ ਕਿਸੇ ਵੀ ਸਮੇਂ ਆ ਸਕਦਾ ਸੀ ਅਤੇ ਜਿਉਂ ਹੀ ਗੱਡੀ ਵਜ਼ੀਰਾਬਾਦ ਪਹੁੰਚੀ ਝਨਾਂ ਦੀ ਉਡੀਕ ਹੋਰ ਤੀਬਰ ਹੋ ਗਈ। ਕਿਉਂਕਿ ਨਾਮਧਾਰੀ ਇਤਿਹਾਸ ਵਿੱਚ ਪੜ੍ਹਿਆ ਸੀ ਕਿ ਗੁਰੂ ਰਾਮ ਸਿੰਘ ਨੂੰ ਜਦੋਂ ਮਲਾਹ ਨੇ ਬੇੜੀ ਵਿੱਚ ਨਾ ਚੜ੍ਹਾਇਆ ਤਾਂ ਉਹ ਦਰਿਆ ਵਿੱਚ ਸਿੱਧੇ ਠਿੱਲ੍ਹ ਪਏ ਸਨ ਤੇ ਵਜ਼ੀਰਾਬਾਦ ਦੇ ਪੱਤਣ 'ਤੇ ਜਾ ਲੱਗੇ ਸਨ। ਇਥੇ ਹੀ ਦਰਿਆ ਵਿੱਚ ਗੁਰੂ ਰਾਮ ਸਿੰਘ ਜੀ ਜਦੋਂ ਤੀਜੀ ਵੇਰ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਹਜ਼ਰੋ ਸਾਹਿਬ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਦੂਜੇ ਬੰਨਿਉਂ ਆਉਂਦੀ ਬੇੜੀ ਵਿੱਚ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਲਿਆ ਰਹੇ ਉਨ੍ਹਾਂ ਦੇ ਭਾਈ ਮੰਨਾਂ ਸਿੰਘ ਜੀ ਮਿਲੇ ਸਨ ਤੇ ਗੁਰੂ ਰਾਮ ਸਿੰਘ ਜੀ ਇਥੋਂ ਵਾਪਸ ਮੁੜ ਆਏ ਸਨ। ਇਸੇ ਵਜ਼ੀਰਾਬਾਦ ਦੇ ਪੱਤਣ 'ਤੇ ਹੀ ਗੁਰੂ ਰਾਮ ਸਿੰਘ ਜੀ ਨੂੰ ਆਪਣੀ ਪਹਿਲੀ ਫੇਰੀ ਸਮੇਂ ਚੂਹੜਕਾਣੇ ਦਾ ਅਮਰੀਕ ਸਿੰਘ ਵਿਰਕ ਮਿਲਿਆ ਸੀ, ਜੋ ਮੇਰੇ ਖਿਆਲ ਮੁਤਾਬਿਕ ਵਿਰਕਾਂ ਵਿੱਚੋਂ ਸਭ ਤੋਂ ਪਹਿਲਾ ਬਣਨ ਵਾਲਾ ਕੂਕਾ ਸੀ।

ਵਜ਼ੀਰਾਬਾਦ ਸ਼ਹਿਰ ਦਾ ਦਰਿਆ ਕੰਢੇ 'ਤੇ ਵਸਿਆ ਹੋਣਾ ਤਕਰੀਬਨ ਉਹੋ ਜਿਹਾ ਹੀ ਮਹਿਸੂਸ ਹੋਇਆ, ਜਿਹੋ ਜਿਹਾ ਝਨਾਂ ਲੰਘਣ ਵਾਲੀ ਗੁਰੂ ਰਾਮ ਸਿੰਘ ਜੀ ਦੀ ਕਾਲਪਨਿਕ ਤਸਵੀਰ ਵਿੱਚ ਵਰਿਆਮ ਸਿੰਘ 'ਮੁਸੱਵਰ' ਹੋਰਾਂ ਕੋਈ 60-65 ਵਰ੍ਹੇ ਪਹਿਲਾਂ ਚਿਤਰਿਆ ਸੀ।

ਪ੍ਰੰਤੂ ਹੁਣ ਸ਼ਹਿਰ ਤੋਂ ਦਰਿਆ ਥੋਹੜਾ ਲਹਿੰਦੇ ਵੱਲ ਸਰਕਿਆ ਜਾਪਦਾ ਹੈ। ਝਨਾਂ ਦੀ ਗੱਲ ਪੰਜਾਬੀ ਕਵਿਤਾ ਵਿੱਚ ਕਾਦਰ ਯਾਰ ਪੂਰੀ ਠੁੱਕ ਨਾਲ ਕਰਦਾ ਹੈ :-

**ਪਾਣੀ ਇਸ਼ਕ ਝਨਾਂ ਦਾ ਜਾਦੂਗੀਰ ਵਹੇ।**
**ਸਭ ਆਸ਼ਕ ਇਸਦੇ ਬਾਲਕੇ ਕੰਢੀ ਖੇਲ ਰਹੇ।**

ਹੀਰ ਰਾਂਝੇ ਦੀ ਪ੍ਰੀਤ ਕਥਾ ਇਸੇ ਦਰਿਆ ਦੇ ਕੰਢੇ 'ਤੇ ਵਾਪਰੀ। ਜਦੋਂ ਮਲਾਹ ਘਰੋਂ ਨਿਕਲੇ ਰਾਂਝੇ ਨੂੰ ਬੇੜੀ ਵਿੱਚ ਨਹੀਂ ਚੜ੍ਹਾਉਂਦਾ ਤਾਂ ਉਹ ਦਰਿਆ ਵਿੱਚ ਠਿੱਲ੍ਹਣ ਲੱਗਦਾ ਹੈ। ਲੋਕ ਰੋਕਦੇ ਹਨ ਅਤੇ ਝਨਾਂ ਦੀ ਖਤਰਨਾਕ ਡੂੰਘਾਈ ਤੋਂ ਜਾਣੂ ਕਰਵਾਉਂਦੇ ਹਨ :-

**ਸਈਂ ਵੰਝੀ ਝਨਾਂ ਦਾ ਅੰਤ ਨਾਹੀਂ,**
**ਡੁੱਬ ਮਰੇਂਗਾ ਠਿੱਲਮ ਨਾ, ਸਜਨਾ ਓ।**

ਜਦੋਂ ਰਾਂਝਾ ਜੋਗੀ ਬਣਕੇ ਹੀਰ ਦੇ ਸਹੁਰਿਆਂ ਦੇ ਪਿੰਡ ਜਾਂਦਾ ਹੈ ਤਾਂ ਉਥੇ ਵੀ ਉਸਦੀ ਪਹਿਚਾਣ ਝਨਾਂ ਦੇ ਇਲਾਕੇ ਵਿੱਚੋਂ ਆਏ ਠੱਗ ਦੀ ਬਣਦੀ ਹੈ:-



Sri Satguru Jagjit Singh Ji eLibrary NamdhariElibrary@gmail.com

ਡਿੱਠੇ ਠੱਗ ਬਨਾਰਸੋਂ ਆਂਵਦੇ ਈ,
ਪਰ ਇਹ ਜ਼ਾਹਰਾ ਠੱਗ ਝਨਾਉਂ ਦਾ ਹੈ।

ਸੋਹਣੀ ਮਹੀਵਾਲ ਦਾ ਇਸ਼ਕ ਵੀ ਇਸੇ ਦਰਿਆ ਦੇ ਦੂਜੇ ਕੰਢੇ 'ਤੇ ਵੱਸੇ ਸ਼ਹਿਰ ਗੁਜਰਾਤ ਵਿੱਚੋਂ ਸ਼ੁਰੂ ਹੋ ਕੇ ਝਨਾਂ ਦੀਆਂ ਲਹਿਰਾਂ ਵਿੱਚ ਹੀ ਪ੍ਰਵਾਨ ਚੜ੍ਹਦਾ ਹੈ ਜਿਸ ਬਾਰੇ ਕਵੀ ਹਾਸ਼ਮ ਦਾ ਕਥਨ ਹੈ :-

ਸੋਹਣੀ ਮੂਲ ਨਾ ਤਰਦੀ ਤਰਕੇ,
ਖ਼ੂਬ ਤਰੀ ਡੁੱਬ ਮਰਕੇ।
ਹੋਈ ਸ਼ਹੀਦ ਸੱਸੀ ਜਦ ਮਰੀ ਆ,
ਖੋਜ ਉੱਤੇ ਸਿਰ ਧਰਕੇ।
ਤਾਂ ਮਸ਼ਹੂਰ ਹੋਇਆ ਪਰਵਾਨਾ
ਜਾਇ ਮੂਆ ਹਠ ਕਰਕੇ।
ਹਾਸ਼ਮ ਕੋਈ ਨਾ ਪਹੁੰਚਾ ਮੰਜ਼ਲੇਂ
ਮਰਨ ਵਲੋਂ ਡਰ ਡਰ ਕੇ।

ਇਸੇ ਗੁਜਰਾਤ ਸ਼ਹਿਰ ਵਿੱਚ ਹੀ, ਪ੍ਰਦੇਸੀ ਵਿਉਪਾਰੀ ਇੱਜ਼ਤ ਬੇਗ, ਸੋਹਣੀ, ਜੋ ਕਿ ਗੁਜਰਾਤ ਨਿਵਾਸੀ ਤੁੱਲੇ ਘੁਮਿਆਰ ਦੀ ਪੁੱਤਰੀ ਸੀ ਦੇ ਪ੍ਰੇਮ ਵਿੱਚ ਫਾਹਿਆ ਗਿਆ। ਰਾਜਸਥਾਨ ਦੇ ਜ਼ਿਲ੍ਹੇ ਹਨੂਮਾਨਗੜ੍ਹ ਵਿੱਚ ਸਾਡੇ ਪਿੰਡਾਂ ਕੋਲ ਜੰਮੇ ਪੰਜਾਬੀ ਕਵੀ ਸਾਧੂ ਸਦਾ ਰਾਮ ਨੇ ਉਸ ਦੀ ਗਾਥਾ ਇਉਂ ਬਿਆਨੀ ਹੈ:-

ਬਲਖ ਬੁਖਾਰੇ ਚੌਧਰੀ ਅਮੀਰ ਜੀ।
ਵਿੱਚ ਗੁਜਰਾਤ ਦੇ ਸਦਾਵੇ ਕੀਰ ਜੀ।
ਕਿਸੇ ਦਾ ਨਾ ਵੱਸ ਹੁਕਮ ਹਜ਼ੂਰੀ ਦਾ,
ਪੀ ਲਿਆ ਪਿਆਲਾ ਸਬਰ ਸਬੂਰੀ ਦਾ।

ਗੁਜਰਾਤ ਸ਼ਾਇਰੀ ਦਾ ਸ਼ਹਿਰ ਰਿਹਾ ਹੈ ਜਿਸ ਬਾਰੇ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਕਵੀ ਪੀਰ ਫ਼ਜ਼ਲ ਹੁਸੈਨ ਨੇ ਲਿਖਿਆ ਹੈ :-

ਸੁਖਨ ਵਰ ਹਰ ਦੌਰ ਵਿੱਚ ਕੋਈ ਨਾ ਕੋਈ,
ਰਿਹਾ ਬਖਸ਼ਦਾ ਰੱਬ ਗੁਜਰਾਤੀਆਂ ਨੂੰ।

ਵਜ਼ੀਰਾਬਾਦ ਤੇ ਗੁਜਰਾਤ ਵਿਚਾਲੇ ਵਹਿੰਦੇ ਝਨਾਂ ਉੱਤੋਂ ਦੀ ਲੰਘਦਿਆਂ ਫਿਰ ਪ੍ਰੋ. ਮੋਹਨ ਸਿੰਘ ਚੇਤਿਆਂ ਵਿੱਚ ਉਭਰੇ:

ਮੈਂ ਆਸ਼ਕ ਤੇ ਕਦਰ ਆਸ਼ਕ ਦੀ
ਆਸ਼ਕ ਹੀ ਕੋਈ ਜਾਣੇ।



Sri Satguru Jagjit Singh Ji eLibrary NamdhariElibrary@gmail.com

ਗੰਗਾ ਬਾਹਮਣੀ ਕੀ ਜਾਣੇ,
ਮੇਰੇ ਫੁੱਲ ਝਨਾਂ ਵਿੱਚ ਪਾਣੇ।

ਪਤਾ ਨਹੀਂ ਪ੍ਰੋਫ਼ੈਸਰ ਸਾਹਿਬ ਦੀ ਇਹ ਹਸਰਤ ਪੂਰੀ ਹੋਈ ਹੈ ਜਾਂ ਨਹੀਂ। ਇਥੇ ਹੀ ਝਨਾਂ, ਹੀਰ ਰਾਂਝਾ, ਸੋਹਣੀ ਮਹੀਵਾਲ ਦੀ ਚਰਚਾ ਕਰਦਿਆਂ ਹੀ, ਮੇਰੀ ਸੀਟ ਦੇ ਐਨ ਸਾਹਮਣੇ ਬੈਠੇ ਬਜ਼ੁਰਗ ਕਰਤਾਰ ਸਿੰਘ ਦੇਊ ਨੇ ਫ਼ਜ਼ਲ ਸ਼ਾਹ ਦੀ ਸੋਹਣੀ ਦਾ ਪਾਠ ਸ਼ੁਰੂ ਕਰ ਦਿੱਤਾ :-

ਹੋਂਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ।
ਵਲਾਂ ਵਾਲੀਆਂ ਉਹਦੀਆਂ ਵਾਲੀਆਂ ਨੇ
ਲਿਆ ਲੁੱਟ ਜਹਾਨ ਦੇ ਵਾਲੀਆਂ ਨੂੰ।

ਇਸੇ ਬਜ਼ੁਰਗ ਦੇ ਨਾਲ ਕਿੱਸਾਕਾਰਾਂ ਦੇ ਸ਼ੇਅਰਾਂ ਦੀ ਸੁਣਨ ਸੁਣਾਉਣ ਦੀ ਇਹ ਸਾਂਝ, ਫਿਰ ਦਸ ਦਿਨਾਂ ਦੀ ਦੋਸਤੀ ਵਿੱਚ ਬਦਲ ਗਈ ਅਤੇ ਇਸ ਸਾਂਝ ਸਾਥ ਨੂੰ ਖ਼ੂਬ ਮਾਣਿਆ। ਇਹ ਬਜ਼ੁਰਗ ਰਹਿੰਦਾ ਤਾਂ ਉੱਤਰ ਪ੍ਰਦੇਸ਼ ਵਿੱਚ ਹੈ ਪ੍ਰੰਤੂ ਕਦੇ ਕਦੇ ਆਪਣੇ ਵੱਡੇ ਲੜਕੇ ਪਾਸ ਪਠਾਨਕੋਟ ਵੀ ਆ ਜਾਂਦਾ ਹੈ ਜੋ ਅਧਿਆਪਕ ਹੈ।

ਗੁਜਰਾਤ ਤੋਂ ਅੱਗੇ ਚੱਲਦੇ ਚੱਲਦੇ ਅਸੀਂ ਮੂੰਹ ਹਨੇਰਾ ਹੁੰਦੇ ਨੂੰ ਦਰਿਆ ਜਿਹਲਮ ਉੱਤੇ ਪੁੱਜ ਜਾਂਦੇ ਹਾਂ, ਤਕਰੀਬਨ ਸਵਾ ਕੁ ਸੱਤ ਵਜੇ ਸ਼ਾਮ ਦਾ ਵਕਤ, ਸ੍ਰੀਨਗਰ ਵਿੱਚ ਅਠਖੇਲੀਆਂ ਕਰਨ ਵਾਲੇ ਦਰਿਆ ਦਾ ਸ਼ਾਂਤ ਪਾਣੀ ਪੰਜਾਬ ਦੇ ਮੈਦਾਨਾਂ ਵਿੱਚ ਪਸਰਿਆ ਹੋਇਆ ਸੀ। ਭਾਈ ਕਰਤਾਰ ਸਿੰਘ ਪੁਰਾਤਨ ਇਤਿਹਾਸ ਦੀਆਂ ਪਰਤਾਂ ਫਰੋਲ ਰਿਹਾ ਸੀ ਕਿ ਕਿਸ ਤਰ੍ਹਾਂ ਦਰਿਆ ਜਿਹਲਮ ਦੇ ਕੰਢੇ ਅਬਦਾਲੀ ਦੀਆਂ ਫੌਜਾਂ 'ਤੇ ਹਮਲਾ ਬੋਲ ਕੇ ਸਿੰਘਾਂ ਨੇ ਅਠਾਰ੍ਹਵੀਂ ਸਦੀ ਵਿੱਚ ਬੰਦੀ ਬਣਾ ਕੇ ਲਿਜਾਈਆਂ ਜਾ ਰਹੀਆਂ ਹਜ਼ਾਰਾਂ ਅਬਲਾਵਾਂ ਦੀ ਬੰਦ ਖਲਾਸੀ ਕਰਵਾਈ ਸੀ। ਜਿਹਲਮ ਦਰਿਆ ਦੇ ਪਾਰਲੇ ਕੰਢੇ 'ਤੇ ਵਸਿਆ ਹੈ ਸ਼ਹਿਰ ਜਿਹਲਮ ਜੋ ਸ਼ਾਇਦ ਪ੍ਰਸਿੱਧ ਲੇਖਿਕਾ ਕ੍ਰਿਸ਼ਨਾ ਸੋਬਤੀ ਦਾ ਵੀ ਸ਼ਹਿਰ ਹੈ ਅਤੇ ਸਾਂਝਾ ਮੋਰਚਾ ਸਰਕਾਰ ਵਿੱਚ ਪ੍ਰਧਾਨ ਮੰਤਰੀ ਰਹੇ ਪ੍ਰਸਿੱਧ ਦਾਨਸ਼ਵਰ ਇੰਦਰ ਕੁਮਾਰ ਗੁਜਰਾਲ ਦਾ ਵੀ ਸ਼ਹਿਰ ਹੈ। ਮੈਨੂੰ ਜਿਹਲਮ ਸਦਕਾ ਗੁਜਰਾਲ ਨਾਲ ਉਹ ਮਿਲਣੀ ਵੀ ਯਾਦ ਆਈ, ਜਦੋਂ ਅਕਤੂਬਰ ਇਨਕਲਾਬ ਦੀ ਤਰੇਠਵੀਂ ਵਰ੍ਹੇ ਗੰਢ ਦੇ ਮੌਕੇ , ਮਾਸਕੋ ਵਿਖੇ ਹੋਏ ਇਕ ਜਸ਼ਨ ਵਿੱਚ ਇੰਦਰ ਕੁਮਾਰ ਜੋ ਉਦੋਂ ਉਥੇ ਭਾਰਤ ਦੇ ਸਫ਼ੀਰ ਸਨ, ਮੇਰੇ ਲਾਗੇ ਹੀ ਖਲੋਤੇ ਸਨ।



Sri Satguru Jagjit Singh Ji eLibrary NamdhariElibrary@gmail.com

# ਪੋਠੋਹਾਰ : ਪੰਜਾਬੀ ਕਵੀਆਂ ਦੀ ਜਨਮ-ਭੂਮੀ

ਇਸ ਤੋਂ ਅੱਗੇ ਖਾਰੀਆ ਨਾਂ ਦਾ ਰੇਲਵੇ ਸਟੇਸ਼ਨ ਆਇਆ। ਇਸ ਦੀ ਮਹੱਤਤਾ ਇਹ ਹੈ ਕਿ ਇਸ ਤੋਂ ਅੱਗੇ ਮੈਦਾਨੀ ਪੰਜਾਬ ਖਤਮ ਹੋ ਜਾਂਦਾ ਹੈ ਅਤੇ ਪਹਾੜੀਆਂ ਪਠਾਰਾਂ ਵਾਲਾ ਪੰਜਾਬ, ਜਿਸ ਨੂੰ ਪੋਠੋਹਾਰ ਕਹਿੰਦੇ ਹਨ ਸ਼ੁਰੂ ਹੋ ਜਾਂਦਾ ਹੈ। ਪੰਜਾਬੀ ਦੇ ਲੋਕ ਰੰਗ ਦੇ ਕੌਮੀ ਕਵੀ ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦੇ ਵਿਭਿੰਨ ਰੰਗਾ ਦਾ ਚਿਤਰਣ ਇਉਂ ਕੀਤਾ ਹੈ:-

ਤੇਰੇ ਹੁਸਨ ਤੇ ਜੋਬਨ ਦੀ ਰੀਸ ਕੀ ਹੈ,
ਬਰਸੇ ਨੂਰ ਤੇ ਭਖਦੀਆਂ ਲਾਲੀਆਂ ਨੇ।
ਸਿੰਘ ਸੂਰਮੇ ਡੋਗਰੇ ਕੁੰਢ ਮੁੱਛੇ,
ਪੋਠੋਹਾਰ ਦੀਆਂ ਪੱਟੀਆਂ ਕਾਲੀਆਂ ਨੇ।

ਜਦੋਂ ਗੁੱਜਰਖਾਨ ਰੇਲਵੇ ਸਟੇਸ਼ਨ ਦਾ ਨਾ ਪੜ੍ਹਿਆ ਤਾਂ ਪ੍ਰਸਿੱਧ ਪੰਜਾਬੀ ਕਵੀ ਜਿਨ੍ਹਾਂ ਨੇ ਗੰਭੀਰ ਤੋਂ ਗੰਭੀਰ ਵਿਸ਼ੇ ਨੂੰ ਹਾਸ ਰਸ ਵਿੱਚ ਸਫ਼ਲਤਾ ਨਾਲ ਨਿਭਾਇਆ, ਭਾਈਆ ਈਸ਼ਰ ਸਿੰਘ ਈਸ਼ਰ ਯਾਦ ਆਏ ਜੋ ਇਸੇ ਮਿੱਟੀ ਵਿੱਚ ਜੰਮੇ ਪਲੇ ਸਨ। ਉਹ ਆਪਣੀ ਜਨਮ ਭੂਮੀ ਦੀ ਜਾਣਕਾਰੀ ਆਪਣੀ ਮਜਾਹੀਆ ਕਵਿਤਾ ਵਿੱਚ ਇਸ ਤਰ੍ਹਾਂ ਦਿੰਦੇ ਹਨ:-

ਕੋਈ ਜੰਮਦੈ ਖਾਣ ਲਈ ਰੋਟੀ ਤੇ ਕੋਈ ਡਬਲ ਰੋਟੀਆਂ
ਅਸੀਂ ਕੰਬਖ਼ਤ ਐਸੇ ਹਾਂ ਜੋ ਧੱਕੇ ਖਾਣ ਜੰਮੇ ਹਾਂ।
ਜਦੋਂ ਕੋਈ ਪੁੱਛਦਾ ਹੈ ਕਿ ਭਾਈਆ ਜੀ ਕਿਥੇ ਜੰਮੇ ਸਓ?
ਅੱਗੋਂ ਆਕੜ ਕੇ ਕਹਿੰਦੇ ਹਾਂ ਕਿ ਗੁੱਜਰਖਾਨ ਜੰਮੇ ਹਾਂ।

ਹੁਣ ਆਲੇ ਦੁਆਲੇ ਪਹਾੜੀ ਇਲਾਕਾ ਹੀ ਸੀ। ਸ਼ਹਿਰ ਗਿਰਾਂ ਕਿਤੇ ਕਿਤੇ ਦੂਰ ਦੂਰ ਹੀ ਨਜ਼ਰ ਆਉਂਦੇ ਸਨ। ਇਕ ਜਗ੍ਹਾ ਸ਼ਾਇਦ ਗੱਡੀਆਂ ਦਾ ਕਰਾਸ ਹੋਣਾ ਸੀ। ਗੱਡੀ ਉਥੇ ਵਾਹਵਾ ਸਮਾਂ ਰੁਕੀ। ਅਸੀਂ ਰੇਲਵੇ ਲਾਈਨ ਦੇ ਸਮਾਨੰਤਰ ਚੱਲਦੀ ਜਰਨੈਲੀ ਸੜਕ ਤੋਂ ਲੰਘਦੇ ਟਰੱਕਾਂ ਨੂੰ ਅਸਚਰਜਤਾ ਨਾਲ ਵੇਖਦੇ ਰਹੇ, ਕਿਉਂ ਜੁ ਇਨ੍ਹਾਂ ਦੇ ਉਪਰਲੇ ਟੂਲ ਬਾਕਸ ਦਾ ਛੱਜਾ ਅਗਾਂਹ ਨੂੰ ਵਧਾਇਆ ਹੋਇਆ ਸੀ ਅਤੇ ਬੱਸਾਂ ਟਰੱਕਾਂ ਆਦਿ ਦੀਆਂ ਬਾਡੀਆਂ 'ਤੇ ਰੰਗ ਬਿਰੰਗੀ ਚਿਤਰਕਾਰੀ ਵੀ ਕੀਤੀ ਹੋਈ ਸੀ। ਅਸੀਂ ਕਾਫ਼ੀ ਚਿਰ ਬਾਅਦ ਇਹ ਭੇਦ ਜਾਣਿਆ ਕਿ ਛੱਜਾ ਵਧਾਕੇ ਟੂਲ ਬਾਕਸ ਵਿੱਚ ਰੱਖਣ ਵਾਲੇ ਸਾਮਾਨ ਲਈ ਥਾਂ ਵੱਧ ਬਣਾਈ ਹੈ ਅਤੇ ਇਹ ਹੀ ਡਿਜ਼ਾਈਨ ਸਾਰੇ ਪਾਕਿਸਤਾਨ ਵਿੱਚ ਵੇਖਿਆ। ਇਹ ਸੜਕ ਪੁਰਾਣੇ ਸਮਿਆਂ ਦੀ ਕਲਕੱਤੇ ਤੋਂ ਪਿਸ਼ਾਵਰ ਨੂੰ ਜਾਣ ਵਾਲੇ ਸ਼ੇਰ ਸ਼ਾਹ ਸੂਰੀ ਮਾਰਗ ਦੇ ਨਾਂ



Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਜਾਣੀ ਜਾਂਦੀ ਹੈ। ਰੇਲਵੇ ਲਾਈਨ ਨਾਲੋਂ ਕਾਫ਼ੀ ਉੱਚੀ ਅਤੇ ਵਾਹਵਾ ਚੌੜੀ ਹੈ। ਇਸ ਸੜਕ 'ਤੇ ਕਿਤੇ ਵੀ ਰੇਲਵੇ ਕਰਾਸਿੰਗ ਨਹੀਂ। ਰੇਲਾਂ ਹੇਠਾਂ ਥੱਲਿਉਂ ਲੰਘੀਆਂ ਹਨ। ਲਾਹੌਰ ਤੋਂ ਪਿਸ਼ਾਵਰ ਤੱਕ ਜਾਣ ਵਾਲੀ ਇਹ ਬੜੀ ਸ਼ਾਨਦਾਰ ਸੜਕ ਹੈ। ਜਿੱਥੇ ਸਫ਼ਰ ਸੁਰੱਖਿਅਤ ਅਤੇ ਪੂਰੀ ਰਫ਼ਤਾਰ ਵਿੱਚ ਨਿਬੜਦਾ ਹੈ।

ਤਕਰੀਬਨ ਰਾਤ ਦੇ ਸਾਢੇ ਗਿਆਰਾਂ ਵੱਜੇ ਸਨ ਜਦੋਂ ਸਾਡੀ ਗੱਡੀ, ਰਾਵਲਪਿੰਡੀ ਦੇ ਸਾਫ ਸਵੱਛ ਸੰਗਮਰਮਰੀ ਕੰਧਾਂ ਅਤੇ ਫਰਸ਼ ਵਾਲੇ ਪਲੇਟਫਾਰਮ 'ਤੇ ਖਲੋਤੀ ਸੀ। ਸਾਂਝੇ ਪੰਜਾਬ ਦਾ ਬੜਾ ਮਸ਼ਹੂਰ ਸ਼ਹਿਰ ਰਾਵਲਪਿੰਡੀ ਜਿਹੜਾ ਪੋਠੋਹਾਰ ਦਾ ਕੇਂਦਰੀ ਸ਼ਹਿਰੀ ਸੀ। ਪੰਜਾਬੀ ਦਾ ਯੁਗ ਕਵੀ ਪ੍ਰੋ. ਮੋਹਨ ਸਿੰਘ ਆਪਣੇ 'ਸਾਵੇ ਪੱਤਰ' ਸੰਗ੍ਰਹਿ ਵਿੱਚ ਛਪੀ ਪ੍ਰਸਿੱਧ ਕਵਿਤਾ ਸਿੱਖੀ ਵਿੱਚ, ਸਿੱਖੀ ਦੇ ਬੂਟੇ ਦੀਆਂ ਦੂਰ ਦਰਾਜ਼ ਤੱਕ ਫੈਲੀਆਂ ਲਗਰਾਂ ਬਾਰੇ ਲਿਖਦਾ ਹੋਇਆ, ਰਾਵਲਪਿੰਡੀ ਅਤੇ ਭੈਣੀ ਸਾਹਿਬ ਦਾ ਜਿਕਰ ਸਿੱਖ ਪੰਥ ਦੇ ਨਿਰੰਕਾਰੀ ਅਤੇ ਨਾਮਧਾਰੀ ਮੱਤਾਂ ਦੇ ਕੇਂਦਰ ਵਜੋਂ ਕਰਦਾ ਹੋਇਆ ਲਿਖਦਾ ਹੈ:-

**ਕੋਈ ਪਿੰਡੀ ਮੱਲ ਬੈਠਾ**
**ਕੋਈ ਭੈਣੀ ਜਾ ਬੈਠਾ**
**ਪਰ ਮੁੱਢ ਤਾਂ ਇਕੋ ਹੈ।**

ਰਾਵਲਪਿੰਡੀ ਦੇ ਵਿਸ਼ਾਲ ਪਲੇਟ ਫਾਰਮ ਵੱਲ ਨੀਝ ਲਾਈ ਮੈਂ ਅਤੀਤ ਦੀ ਬੁੱਕਲ ਵਿੱਚ ਗੁਆਚ ਗਿਆ। ਇਥੋਂ ਦਾ ਸਰਕਾਰੀ ਠੇਕੇਦਾਰ ਪ੍ਰਸਿੱਧ ਰਈਸ ਸਰਦਾਰ ਬਹਾਦੁਰ ਬੂਟਾ ਸਿੰਘ ਅਤੇ ਉਸਦਾ ਪੁੱਤਰ ਸ੍ਰ. ਆਤਮਾ ਸਿੰਘ ਨਾਮਧਾਰੀ (ਆਜ਼ਾਦ ਭਾਰਤ ਦੀਆਂ ਪਹਿਲੀਆਂ ਚੋਣਾਂ ਵਿੱਚ ਲੋਕ ਸਭਾ,ਹਲਕਾ ਸਿਰਸਾ-ਫਾਜ਼ਿਲਕਾਂ ਤੋਂ ਜਿੱਤਣ ਵਾਲਾ) ਜਿਸ ਮਾਰਚ 1920 ਵਿੱਚ ਨਾਮਧਾਰੀ ਸੰਗਤ ਦਾ ਸਾਲਾਨਾ ਸਮਾਗਮ ਹੋਲਾ ਮੁਹੱਲਾ ਇਥੇ ਕਰਵਾਇਆ ਸੀ। ਹੋਲੇ ਵਿੱਚ ਨਾਮ ਦੀ ਰੰਗਣਾ ਵਿੱਚ ਮਸਤਾਨੇ ਮਿਲਖਾ ਸਿੰਘ ਢੇਹ ਦੀ ਨਿਰਵਸਤਰ ਰੂਪ ਵਿੱਚ ਚੱਕਰ ਕੱਟਦੀ ਜੁੰਡਲੀ। ਮਸਤਾਨੇ ਨੂੰ ਬਸਤਰ ਪੁਆਉਣ ਦੀ ਸੇਵਾ ਮੇਰੇ ਪਿਤਾ (ਜਥੇਦਾਰ ਗੁਰਮੁਖ ਸਿੰਘ ਝੱਬਰ) ਨੂੰ ਸਤਿਗੁਰੂ ਪਰਤਾਪ ਸਿੰਘ ਨੇ ਲਾਈ। ਮਸਤਾਨੇ ਨੇ ਪਹਿਲੋਂ ਪੂਰੇ ਥਾਨ ਦਾ ਕਛਹਿਰਾ ਸੁਆਕੇ ਆਪਣੇ ਘੋੜੇ ਨੂੰ ਪੁਆਇਆ ਅਤੇ ਫਿਰ ਉਸ ਉੱਤੇ ਬੁਰਕਾ ਪਾ ਕੇ ਆਪ ਸੁਆਰੀ ਕੀਤੀ। ਇਸ ਹੋਲੇ ਸਮੇਂ ਸ਼ਾਮ ਦੇ ਦੀਵਾਨ ਵਿੱਚ ਅੰਗਰੇਜ਼ ਡਿਪਟੀ ਕਮਿਸ਼ਨਰ ਸਤਿਗੁਰੂ ਜੀ ਨੂੰ ਮੱਥਾ ਟੇਕਣ ਆਇਆ। ਜਦੋਂ ਉਹ ਦੂਰੋਂ ਆਉਂਦਾ ਨਜ਼ਰ ਪਿਆ, ਸੰਤ ਭਗਤ ਸਿੰਘ ਦਾਤੇਵਾਲੀਏ ਨੇ ਪਹਿਲਾ ਕੀਰਤਨ ਰੋਕ ਕੇ ਇਹ ਸ਼ਬਦ ਚੁੱਕ ਲਿਆ :-

**ਭੱਜੇ ਜਾਣ ਫਰੰਗੀ**
**ਵਜੇ ਘੁੰਗਰੂ।**



Sri Satguru Jagjit Singh Ji eLibrary NamdhariElibrary@gmail.com

ਦਿਨ ਤਾਂ ਰਹਿ ਗਏ ਥੋਹੜੇ,
ਹੁਣ ਕੀ ਵੇਖਣੇ।”
ਭੱਜੇ ਜਾਂਦੇ ਗੋਰੇ ਹੁਣ ਕੀ ਵੇਖਣੇ।

ਮੈਂ ਆਪਣੀਆਂ ਸੋਚਾਂ ਵਿੱਚ ਗਲਤਾਨ, ਇਸੇ ਸ਼ਹਿਰ ਦੀਆਂ ਸੜਕਾਂ 'ਤੇ ਆਪਣੇ ਕਿਰਤ ਦੇ ਸੰਦ ਸਾਈਕਲ ਪਿਛੇ ਬੰਨ੍ਹ ਕੇ ਵਿਚਰ ਰਹੇ, ਸੰਤ ਨਥਾ ਸਿੰਘ ਜੀ ਦੇ ਦਰਸ਼ਨ ਕਰ ਰਿਹਾ ਸਾਂ, ਜਿਨ੍ਹਾਂ ਦੇ ਇਸ ਸ਼ਹਿਰ ਨਾਲ ਸੰਬੰਧਾਂ ਦਾ ਜ਼ਿਕਰ ਉਨ੍ਹਾਂ ਦੇ ਲਿਖਤੇ-ਜਿਗਰ ਜਗਦੀਸ਼ ਸਿੰਘ, 'ਵਰਿਆਮ' ਹੋਰਾਂ ਨੇ ਆਪਣੀਆਂ ਲਿਖਤਾਂ ਵਿੱਚ ਬਾਖ਼ੂਬੀ ਕੀਤਾ ਹੈ।

ਤੇ ਇਸ ਤੋਂ ਅੱਗੇ ਜਿਥੇ ਗੱਡੀ ਫਿਰ 10-15 ਮਿੰਟ ਰੁਕੀ, ਉਹ ਹੁਣ ਦਾ ਟੈਕਸਲਾ (ਵਾਹ ਟੈਕਸਲਾ ਵਾਲਾ ਨਹੀਂ) ਅਤੇ ਪੁਰਾਣਾ ਤਕਸ਼ਸ਼ਿਲਾ-ਭਾਰਤੀ ਗਿਆਨ ਵਿਗਿਆਨ ਅਤੇ ਸਿੱਖਿਆ ਪ੍ਰਣਾਲੀ ਦਾ ਰਹਿ ਚੁੱਕਿਆ ਬਿਹਤਰੀਨ ਕੇਂਦਰ। ਇਹ ਉਸ ਸਮੇਂ ਦੀ ਗੱਲ ਏ ਜਦੋਂ ਤਕਸ਼ਸ਼ਿਲਾ ਤੋਂ ਪਾਟਲੀਪੁੱਤਰ (ਪਟਨਾ) ਤੱਕ ਸ਼ਾਹ ਰਾਹ 'ਤੇ ਅਨੇਕਾਂ ਚਾਣਕੀਏ ਆਉਂਦੇ ਜਾਂਦੇ ਆਮ ਵੇਖੇ ਜਾ ਸਕਦੇ ਸਨ। ਪਾਨਿਨੀ, ਜਿਹਨੇ ਵਿਆਕਰਣ ਦੇ ਪਹਿਲੇ ਗ੍ਰੰਥ ਲਿਖੇ, ਤਕਸ਼ਸ਼ਿਲਾ ਦਾ ਗੁਆਂਢੀ ਹੀ ਸੀ, ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ ਪੋਠੋਹਾਰ ਦੇ ਪੰਜਾਬੀ ਸਾਹਿਤਕਾਰਾਂ ਵਿੱਚ ਲੱਭਦਾ ਹੈ। ਇਹ ਇਲਾਕਾ ਵੀਹਵੀਂ ਸਦੀ ਦੇ ਗੁਰਜਧਾਰੀ ਪੰਜਾਬੀ ਸਾਹਿਤਕਾਰਾਂ ਦੀਆਂ ਪਹਿਲੀਆਂ ਪੈੜਚਾਪਾਂ ਨੂੰ ਆਪਣੀ ਨਿੱਘੀ ਤੇ ਕੂਲੀ ਹਿੱਕ ਵਿੱਚ ਸਮੋਈ ਬੈਠਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ-ਡਾ.ਮੋਹਨ ਸਿੰਘ ਦੀਵਾਨਾ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ.ਭਾਈ ਜੋਧ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਨਾਨਕ ਸਿੰਘ ਨਾਵਲਿਸਟ, ਪ੍ਰੋ.ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ ਆਦਿ।(ਪ੍ਰੀਤਮ ਸਿੰਘ ਸਫ਼ੀਰ ਅਤੇ ਜਗਜੀਤ ਸਿੰਘ ਅਨੰਦ ਦੇ ਪਿਤਾ ਹੈੱਡਮਾਸਟਰ ਮਹਿਤਾਬ ਸਿੰਘ ਵੀ ਪੋਠੋਹਾਰੀ ਹੀ ਸਨ।)

ਤਕਰੀਬਨ ਸਾਢੇ ਕੁ ਬਾਰਾਂ ਵਜੇ ਗੱਡੀ ਹਸਨ ਅਬਦਾਲ ਦੇ ਸਟੇਸ਼ਨ 'ਤੇ ਪੁੱਜ ਗਈ। ਇਹੋ ਉਹ ਸਟੇਸ਼ਨ ਸੀ ਜਿਥੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਕੈਦ ਹੋ ਕੇ ਜਾ ਰਹੇ ਭੁੱਖੇ ਸਿੰਘਾਂ ਨੂੰ, ਪ੍ਰਸ਼ਾਦ ਪਾਣੀ ਛਕਾਉਣ ਵਾਸਤੇ ਪੋਠੋਹਾਰ ਦੀਆਂ ਸਿੱਖ-ਸੰਗਤਾਂ ਨੇ ਗੱਡੀ ਰੁਕਵਾਉਣ ਲਈ ਰੇਲਵੇ ਲਾਈਨ 'ਤੇ ਧਰਨਾ ਦਿੱਤਾ ਸੀ। ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਸ਼ਹੀਦ ਹੋ ਗਏ ਸਨ ਅਤੇ ਇਉਂ ਸੇਵਾ ਦੇ ਨਵੇਂ ਮਾਪ-ਦੰਡ ਕਾਇਮ ਕੀਤੇ ਗਏ ਸਨ। ਬਚਪਨ ਵਿੱਚ ਸੋਹਣ ਸਿੰਘ ਸੀਤਲ ਦੀ ਇਸ ਸਾਕੇ ਦੀ ਗੱਡੀ ਬੜੇ ਚਾਅ ਤੇ ਉਮਾਹ ਨਾਲ ਪੜ੍ਹੀ ਸੀ। ਅੱਜ ਵੀ ਇਸ ਗੱਡੀ ਦੀਆਂ ਤੁੱਕਾਂ ਸਾਰੇ ਸਾਕੇ ਨੂੰ ਹੂਬਹੂ ਅੱਖਾਂ ਅੱਗੇ ਲਿਆ ਖੜ੍ਹਾ ਕਰਦੀਆਂ ਹਨ :-



Sri Satguru Jagjit Singh Ji eLibrary NamdhariElibrary@gmail.com

ਗੱਡੀ ਭਰ ਕੇ ਸਪੈਸ਼ਲ ਤੋਰੀ,
ਅੰਬਰਸਰ ਸ਼ਹਿਰ ਦੇ ਵਿਚੋਂ।
ਜਿਹਦੇ ਵਿੱਚ ਸੀ ਪਿਨਸ਼ਨੀ ਸਾਰੇ,
ਕੈਦ ਕੀਤੇ ਗੁਰੂ ਬਾਗ ਤੋਂ।
ਜਥੇਦਾਰ ਸੀ ਅਮਰ ਸਿੰਘ ਸੂਰਾ,
ਮੀਤ ਆਗੂ ਲਾਲ ਸਿੰਘ ਸੀ।

..........................

ਗੱਡੀ ਚੱਲਦੀ ਹਵਾ ਨਾਲ ਜਿਦਕੇ,
ਲੰਘ ਜਾਂਦੀ ਟੇਸ਼ਣ ਤੋਂ
ਭੁੱਖੇ ਸਿੰਘ ਸੀ ਗੁਰੂ ਦੇ ਸਾਰੇ,
ਜਿਨ੍ਹਾਂ ਨੇ ਅਟਕ ਪੁੱਜਣਾ।
ਪੰਜੇ ਸਾਹਿਬ ਦੀ ਸੰਗਤ ਨੇ ਸੁਣਿਆ,
ਸੇਵਾ ਦਾ ਪ੍ਰੇਮ ਜਾਗਿਆ।
ਗੱਡੀ ਪੰਦਰਾਂ ਮਿੰਟ ਰੁਕ ਜਾਵੇ,
ਖਾਲਸੇ ਨੇ ਜਲ ਛਕਣਾ।
ਬਾਬੂ ਇਕ ਨਾ ਮੰਨੀ ਸਿੰਘ ਸਾਹਿਬ ਦੀ,
ਤੋੜ ਕੇ ਜੁਆਬ ਦੇ ਦਿਤਾ।
ਸਿੰਘ ਕਰ ਅਰਦਾਸ ਖਲੋ ਗਏ,
ਰੇਲ ਦੀਆਂ ਲੀਹਾਂ 'ਤੇ।
ਵੇਲਾ ਹੋ ਗਿਆ ਬਦਲ ਗਏ ਕਾਂਟੇ,
ਗੱਡੀ ਆਈ ਸ਼ਾਂ ਕਰਕੇ।
ਗੱਡੀ ਸਾਹਮਣੇ ਛਾਤੀਆਂ ਡਾਹੀਆਂ,
ਗੁਰੂ ਦੇ ਦੁਲਾਰਿਆਂ ਨੇ।
ਪਹੀਏ ਲੰਘ ਗਏ ਇੰਜਨ ਦੇ ਸਾਰੇ,
ਸੂਰਿਆਂ ਦੀ ਦੇਹੀ ਚੀਰਕੇ।
ਲਹੂ ਮਿੱਝ ਦੇ ਖੁੱਭਣ ਵਿੱਚ ਖੁੱਭ ਕੇ
ਟੇਸ਼ਣ 'ਤੇ ਗੱਡੀ ਰੁਕ ਗਈ।
ਲੱਗ ਗਈਆਂ ਨੇ ਬਰੇਕਾਂ ਆਪੇ,
ਗਾੜ੍ਹੀ ਰੱਤ ਖਾਲਸੇ ਦੀ।



Sri Satguru Jagjit Singh Ji eLibrary NamdhariElibrary@gmail.com

ਦੁੱਧ ਫਲ ਤੇ ਪਦਾਰਥ ਮੇਵੇ,
ਭੇਟਾ ਕੀਤੇ ਸੰਗਤਾਂ ਦੀ।

.........................

ਧਰਮੀ ਅਨੰਤ ਮੌਜ ਨੂੰ ਮਾਣਦਾ!!
ਸ਼ਕਤੀ ਅੰਮ੍ਰਿਤ ਦੀ ਜੱਗ ਜਾਣਦਾ।

ਮੈਂ ਸੋਚ ਰਿਹਾ ਸਾਂ ਕਿ ਖਾਲਸੇ ਦੇ ਤਿੰਨ ਸੌ ਸਾਲਾ ਜਸ਼ਨਾਂ ਸਮੇਂ, ਕੀ ਅਸੀਂ ਪੋਠੋਹਾਰ ਦੇ ਇਹਨਾਂ ਸਿੰਘਾਂ ਜਿਹਾ ਸੇਵਾ-ਭਾਵ ਮੁੜ ਸਿਰਜ ਸਕਦੇ ਹਾਂ ਜਾਂ ਫਿਰ ਕੇਂਦਰ ਸਰਕਾਰ ਵੱਲੋਂ ਇਸ ਮਨੋਰਥ ਲਈ ਰੱਖੀ ਸੌ ਕਰੋੜ ਦੀ ਰਾਸ਼ੀ ਨੂੰ ਹੀ ਨਿਹੰਗਾਂ ਦੇ ਡੋਲ ਜਿਉਂ ਮਾਂਜਣ ਲਈ ਤਿਆਰ ਹਾਂ।

ਰੇਲਵੇ ਸਟੇਸ਼ਨ ਤੋਂ ਗੁਰਦੁਆਰਾ ਪੰਜਾ ਸਾਹਿਬ, ਜੋ ਸ਼ਹਿਰ ਵਿੱਚ ਵਾਕਿਆ ਹੈ, ਦਾ ਫਾਸਲਾ ਮੁਸ਼ਕਿਲ ਨਾਲ ਪੌਣਾ ਕੁ ਕਿਲੋਮੀਟਰ ਹੀ ਹੋਵੇਗਾ। ਬੱਸਾਂ ਮਿਲ ਗਈਆਂ.... ਕਿਰਾਇਆ ਦਸ ਰੁਪਏ। ਜਿਵੇਂ ਕਿ ਭੀੜ ਵਿੱਚ ਹੁੰਦਾ ਹੈ ਕਈਆਂ ਨਾ ਵੀ ਦਿੱਤਾ। ਉਨ੍ਹਾਂ ਦੇ ਹਿੱਸੇ ਦਾ ਵੀ ਬੱਸਾਂ ਵਾਲਿਆਂ ਨੂੰ ਮਿਲ ਗਿਆ, ਕਿਉਂ ਜੁ ਉਹ ਸਰਕਾਰ ਦੁਆਰਾ ਮਿਥੇ ਹੋਏ ਪੰਜਾਂ ਦੀ ਬਜਾਏ ਦਸ ਰੁਪੈ ਹੀ ਲੈ ਰਹੇ ਸਨ।

ਐਤਕੀਂ ਕਮਰਿਆਂ ਦੀ ਅਲਾਟਮੈਂਟ ਰੇਲ ਦੇ ਵਿੱਚ ਹੀ ਕਰ ਦਿੱਤੀ ਗਈ ਸੀ। ਸੋ, ਉੱਤਰਨ ਤੋਂ ਬਾਅਦ ਕਮਰਾ ਢੂੰਡਣ ਦੀ ਕਾਹਲ ਸੀ। ਦਰਸ਼ਨੀ ਡਿਉੜੀ ਵੱਲੋਂ ਗੁਰਦੁਆਰਾ ਪੰਜਾ ਸਾਹਿਬ ਦੇ ਵਿਸ਼ਾਲ ਅਹਾਤੇ ਵਿੱਚ ਦਾਖਲ ਹੋਏ। ਹੁਣ ਘੜੀ ਨੇ ਤਰੀਕ ਬਦਲ ਦਿੱਤੀ ਸੀ। 31 ਅਕਤੂਬਰ, 1998 ਨੂੰ ਸਾਡਾ ਜਥਾ, ਪਹਿਲੀ ਰੇਲ ਵਾਲਾ, ਤੜਕੇ ਪੈਣੇ ਕੁ ਇਕ ਵਜੇ ਗੁਰਦੁਆਰਾ ਸਾਹਿਬ ਵਿਖੇ ਦਾਖਲ ਹੋਇਆ। ਦੂਜੀ ਗੱਡੀ ਵਾਲੇ ਜਥੇ ਚਾਰ ਪੰਜ ਘੰਟੇ ਬਾਅਦ ਆਏ।

ਰੇਲ ਦੇ ਡੱਬੇ ਵਿੱਚ ਹੀ ਅਸੀਂ ਆਪਣਾ ਕਮਰਾ ਲੈਣ ਲਈ ਜਥਾ ਸਾਜ ਲਿਆ ਸੀ। ਵੈਸੇ ਤਾਂ ਉਹ ਦਸ ਬੰਦਿਆਂ ਦਾ ਜਥਾ ਮੰਨਦੇ ਸਨ ਪਰ ਸਾਡਾ ਜਥਾ ਇਹਨਾਂ ਨੌਂ ਵਿਅਕਤੀਆਂ 'ਤੇ ਹੀ ਅਧਾਰਿਤ ਸੀ (1) ਬਾਬਾ ਕਰਤਾਰ ਸਿੰਘ ਦੇਊ (2) ਦੇਵ ਸਿੰਘ 'ਚੀਫ਼'(ਉਸ ਦੇ ਪਿਤਾ ਕਿਸੇ ਮਿਲ ਵਿੱਚ ਚੀਫ਼ ਇੰਜੀਨੀਅਰ ਸਨ ਤੇ ਉਹ ਸਾਰਾ ਪਰਿਵਾਰ ਹੁਣ ਚੀਫਾਂ ਦਾ ਪਰਿਵਾਰ ਕਹਾਉਂਦਾ ਹੈ, ਜੀਵਨ ਨਗਰ (3) ਗੁਰਦੇਵ ਸਿੰਘ ਥੇਹੜੀ, ਜੀਵਨ ਨਗਰ (4) ਗੁਰਦਾਸ ਸਿੰਘ ਘਾਰੂ (5) ਗੁਰਭੇਜ ਸਿੰਘ (6) ਜੋਗਾ ਸਿੰਘ ਤਿੰਨੇ ਸੰਤ ਨਗਰ ਜਾਂ ਜਗਮਲੇਰਾ (7) ਨਰਾਇਣ ਸਿੰਘ ਬਾਜਵਾ ਜਗਜੀਤ ਨਗਰ (ਹਰੀਪੁਰਾ) (8) ਕਰਨੈਲ ਸਿੰਘ ਅਸਪਾਲ ਅਤੇ (9) ਸਵਰਨ ਸਿੰਘ ਵਿਰਕ ਦੋਵੇਂ ਕਰੀਵਾਲਾ। ਇਨ੍ਹਾਂ ਸਾਰਿਆਂ ਵਿੱਚੋਂ ਨਰਾਇਣ ਸਿੰਘ, ਗੁਰਭੇਜ ਸਿੰਘ ਅਤੇ ਗੁਰਦੇਵ ਸਿੰਘ ਅਜੇ ਤੀਹਾਂ ਵਰ੍ਹਿਆਂ ਤੋਂ ਘੱਟ



Sri Satguru Jagjit Singh Ji eLibrary NamdhariElibrary@gmail.com

ਉਮਰ ਦੇ ਸਨ। ਚੀਫ਼ ਅਤੇ ਮੈਂ ਪੰਜਾਹ ਦੇ ਆਸ ਪਾਸ ਵਾਲੇ ਸਾਂ। ਜੋਗਾ ਸਿੰਘ ਅਤੇ ਅਸਪਾਲ ਚਾਲੀਆਂ ਦੇ ਗੇੜ ਵਿੱਚ। ਘਾਰੂ ਅਤੇ ਬਾਬਾ ਦੇਊ ਸੱਤਰਾਂ ਦੇ ਲਾਗੇ ਚਾਗੇ ਸਨ। ਇਸ ਲਈ ਸਾਡੇ ਜਥੇ ਲਈ ਕਮਰੇ ਅਲਾਟ ਕਰਵਾਉਣ ਅਤੇ ਫਿਰ ਲੱਭਣ ਮੱਲਣ ਦਾ ਕੰਮ ਪਹਿਲੇ ਤਿੰਨਾਂ ਦੀ ਯੁਵਾ ਟੋਲੀ ਹੀ ਕਰਦੀ ਸੀ। ਮਦਦ ਵਾਸਤੇ ਬਾਕੀ ਵੀ ਹਾਜ਼ਰ ਰਹਿੰਦੇ। ਪੰਜਾ ਸਾਹਿਬ ਵਿੱਚ ਸਾਨੂੰ 116 ਨੰਬਰ ਕਮਰਾ ਅਲਾਟ ਹੋਇਆ। ਜਿਸ ਹਿੱਸੇ ਵਿੱਚ ਇਹ ਬਿਲਡਿੰਗ ਸੀ ਉਹਦੇ ਕਮਰੇ 115 ਤੇ ਆ ਕੇ ਮੁੱਕ ਜਾਣ। ਕਦੇ ਹੇਠਾਂ ਕਦੇ ਉਪਰ... ਕੋਲ ਸਾਮਾਨ। ਇਹ ਪੁਰਾਣੀ ਸਰਾਂ ਵਾਲੇ ਕਮਰੇ ਸਨ। ਹੁਣ ਇਥੇ ਨਵੀਂ ਸਰਾਂ ਅਤੇ ਕੁਝ ਆਧੁਨਿਕ ਢੰਗ ਦੇ ਕਮਰੇ ਵੀ ਬਣ ਚੁੱਕੇ ਸਨ। ਫਿਰ ਕਿਸੇ ਸੱਜਣ ਨੇ ਦੱਸਿਆ ਕਿ ਲੰਗਰ ਵਾਲੇ ਪਾਸੇ ਤੋਂ ਇਕ ਲੋਹੇ ਦੀ ਵਲ਼ਦਾਰ ਪੌੜੀ ਹੈ ਉਸ 'ਤੇ ਚੜ੍ਹ ਕੇ ਉੱਪਰ ਕਮਰਾ ਲੱਭੇਗਾ। ਇਉਂ ਹੀ ਹੋਇਆ ਉੱਪਰ ਗੈਲਰੀ ਸੀ। ਇਹਦੇ ਵਿੱਚ ਖੱਬੇ ਹੱਥ ਕਮਰਾ ਨੰਬਰ 116 ਮਿਲ ਗਿਆ। ਦੋ ਅਲਮਾਰੀਆਂ ਸਾਮਾਨ ਰੱਖਣ ਲਈ। ਦਰੀਆਂ ਵੀ ਦੋ ਮਿਲ ਗਈਆਂ। ਬਾਕੀ ਸਾਥੀ ਤਾਂ ਹੇਠਾਂ ਲੰਗਰ ਵੱਲ ਚਲੇ ਗਏ ਪਰ ਮੈਂ ਕੁਝ ਘੰਟੇ ਸੌਂ ਜਾਣਾ ਬਿਹਤਰ ਸਮਝਿਆ। ਇਕ ਚਾਦਰ ਹੇਠਾਂ ਵਿਛਾਈ। ਲੋਈ ਉੱਪਰ ਲੈ ਲਈ। ਠੰਡ ਜ਼ਿਆਦਾ ਨਹੀਂ ਸੀ। ਭਰਪੂਰ ਨੀਂਦ ਮਾਣ ਕੇ ਪੰਜ ਕੁ ਵਜੇ ਉਠ ਬੈਠੇ।

ਗੁਰਦੁਆਰਾ ਪੰਜਾ ਸਾਹਿਬ ਦੀ ਦਰਬਾਰ ਸਾਹਿਬ ਵਾਲੀ ਇਮਾਰਤ ਦੇ ਦੋ ਪਾਸਿਆਂ ਵੱਲ ਸਰੋਵਰ ਹੈ। ਪਾਣੀ ਦਾ ਕੁਦਰਤੀ ਪ੍ਰਵਾਹ ਹੈ ਜੋ ਉੱਪਰੋਂ ਪਹਾੜੀ ਸੋਮਿਆਂ ਤੋਂ ਆਉਂਦਾ ਹੈ। ਇਸ ਜਲ ਵਿੱਚ ਇਸ਼ਨਾਨ ਕਰਨ ਦਾ ਆਪਣਾ ਹੀ ਅਨੰਦ ਸੀ। ਚਾਹ ਦੀਆਂ ਕੇਤਲੀਆਂ, ਪੋਠੋਹਾਰ ਦੇ ਸਥਾਨਕ ਸਿੰਘਾਂ ਨੇ ਰੱਖੀਆਂ ਸਨ ਤੇ ਉਹ ਦੋ ਰੁਪੈ ਕੱਪ ਦੇ ਹਿਸਾਬ ਵਧੀਆ ਚਾਹ ਛਕਾ ਰਹੇ ਸਨ। ਵੈਸੇ ਲੰਗਰ ਵਿੱਚ ਵੀ ਚਾਹ ਅਤੇ ਰਸਾਂ ਦੇ ਖੁਲ੍ਹੇ ਗੱਫੇ ਵਰਤ ਰਹੇ ਸਨ।

ਪੰਜਾ ਸਾਹਿਬ ਦੇ ਇਤਿਹਾਸ ਨਾਲ ਇਕ ਕੌਤਕ ਵਲੀ ਕੰਧਾਰੀ ਦੁਆਰਾ ਮਰਦਾਨੇ ਨੂੰ ਪਾਣੀ ਨਾ ਪਿਆਉਣਾ ਅਤੇ ਗੁਰੂ ਬਾਬੇ ਨਾਨਕ ਦੁਆਰਾ ਆਪਣੀ ਇਲਾਹੀ ਤਾਕਤ ਨਾਲ ਵਲੀ ਦੇ ਪਾਣੀ ਦਾ ਸੋਮਾ ਸੁਕਾਉਣਾ ਅਤੇ ਥੱਲਿਉਂ ਨਵਾਂ ਚਸ਼ਮਾ ਪੁੱਟ ਕੇ ਮਰਦਾਨੇ ਨੂੰ ਪਾਣੀ ਪਿਆਉਣਾ ਅਤੇ ਕ੍ਰੋਧੀ ਵਲੀ ਦਾ ਪੱਥਰ ਵਗਾਉਣਾ ਤੇ ਬਾਬੇ ਦਾ ਪੰਜੇ ਨਾਲ ਉਸ ਨੂੰ ਰੋਕਣਾ ਜੁੜਿਆ ਹੋਇਆ ਹੈ। ਪੰਜੇ ਖੁਦੇ ਵਾਲਾ ਪੱਥਰ ਸਰੋਵਰ ਦੀ ਚੜ੍ਹਦੀ ਬਾਹੀ ਵੱਲ ਪਿਆ ਹੈ। ਇਸ਼ਨਾਨ ਤੋਂ ਬਾਅਦ ਤਕਰੀਬਨ ਹਰ ਵਿਅਕਤੀ ਇਸ ਵਿੱਚ ਆਪਣਾ ਪੰਜਾ ਪਾ ਕੇ ਪੁਰਾਣੇ ਮਿਥਿਹਾਸ ਜਾਂ ਇਤਿਹਾਸ ਨੂੰ ਆਪਣੇ ਢੰਗ ਨਾਲ ਦੁਹਰਾਉਣ ਦੀ ਕੋਸ਼ਿਸ਼ ਕਰਦਾ ਹੈ।

ਪਹਿਲੇ ਦਿਨ ਵਲੀ ਕੰਧਾਰੀ ਵਾਲੀ ਪਹਾੜੀ ਵੱਲ ਸੰਗਤਾਂ ਸਵੇਰ ਤੋਂ ਹੀ ਤੁਰ



Sri Satguru Jagjit Singh Ji eLibrary NamdhariElibrary@gmail.com

ਪਈਆਂ ਸਨ। ਇਹ ਪੱਥਰ ਦੀਆਂ ਪੌੜੀਆਂ ਕੱਟ-ਕੱਟ ਕੇ ਤਕਰੀਬਨ ਦੋ ਕਿਲੋਮੀਟਰ ਦੀ ਉਚਾਈ 'ਤੇ ਬਣੀ ਵਲੀ ਕੰਧਾਰੀ ਦੀ ਕਬਰ ਹੈ ਜਿਸ 'ਤੇ ਪਹੁੰਚਣ ਦਾ ਕਾਫੀ ਕਠਿਨ ਮਾਰਗ ਹੈ। ਤਕਰੀਬਨ ਅੱਧੇ ਸਫ਼ਰ ਬਾਅਦ ਇਕ ਦਰਵੇਸ਼ ਦੀ ਕਬਰ ਆਉਂਦੀ ਹੈ। ਉਥੇ ਖਾਣ ਪੀਣ ਦੀਆਂ ਸ਼ੈਆਂ ਵੀ ਵਿਕਦੀਆਂ ਹਨ, ਗੰਨੇ, ਗਨੇਰੀਆਂ, ਚਾਹ, ਠੰਡਾ ਆਦਿ। ਪੀਣ ਲਈ ਕਬਰ 'ਤੇ ਠੰਢੇ ਪਾਣੀ ਦੇ ਘੜੇ ਵੀ ਪਏ ਸਨ। ਇਸ ਸਾਰੇ ਰਾਹ 'ਤੇ ਪਾਕਿਸਤਾਨ ਦੀ ਪੰਜਾਬ ਪੁਲੀਸ ਦੇ ਹਿਫ਼ਾਜ਼ਤੀ ਦਸਤੇ, ਸਾਡੀ ਸੁਰੱਖਿਆ ਲਈ ਤਾਇਨਾਤ ਸਨ। ਉੱਥੇ ਬੈਠੇ ਸਿਪਾਹੀਆਂ ਦੇ ਮੂੰਹੋਂ ਪਹਿਲੋਂ ਪਹਿਲ ਪਾਕਿਸਤਾਨੀ ਪੰਜਾਬ ਵਿੱਚ ਬੋਲੀ ਜ਼ਾਣ ਵਾਲੀ, ਠੇਠ ਮਿੱਠੀ ਤੇ ਡਾਢੀ ਰਸੀਲੀ ਪੰਜਾਬੀ ਸੁਣਨ ਨੂੰ ਮਿਲੀ। ਇਕ ਕੋਈ ਸੂਫ਼ੀਆਨਾ ਤਬੀਅਤ ਦਾ ਵਰਦੀਧਾਰੀ ਸੀ। ਉਸ ਸਾਨੂੰ ਸੁਲਤਾਨ ਬਾਹੂ ਹੋਰਾਂ ਦੇ ਦੋਹੜਿਆਂ ਨਾਲ ਵਾਹਵਾ ਨਿਹਾਲ ਕੀਤਾ। ਯੁਵਾ ਜਣੇ ਉੱਪਰ ਤੱਕ ਗਏ। ਅਸੀਂ ਇਥੋਂ ਅੱਧ ਤੋਂ ਹੀ ਵਲੀ ਕੰਧਾਰੀ ਹੋਰਾਂ ਨੂੰ ਆਪਣਾ ਸਲਾਮ ਭੇਜ ਦਿੱਤਾ ਅਤੇ ਪਾਕੀ ਸਿਪਾਹੀਆਂ ਨਾਲ ਗੁਫ਼ਤਗੂ ਕਰਦੇ ਰਹੇ। ਉਹਨਾਂ ਦਾ ਕਹਿਣਾ ਸੀ ਕਿ ਅਵਾਮ ਤਾਂ ਦੋਹਾਂ ਦੇਸ਼ਾਂ ਦੇ ਮੁਹੱਬਤ ਦੀ ਬੋਲੀ ਬੋਲਣੀ ਚਾਹੁੰਦੇ ਹਨ, ਪਰ ਦੋਵੇਂ ਸਰਕਾਰਾਂ ਐਟਮੀ ਧਮਾਕਿਆਂ ਦੀ ਭਾਸ਼ਾ ਨਾਲ, ਸੁਖਾਵੇਂ ਬਣਦੇ ਮਹੌਲ ਵਿੱਚ ਫਿਰ ਤੋਂ ਤਣਾਅ ਪੈਦਾ ਕਰ ਰਹੀਆਂ ਹਨ।

ਜਦੋਂ ਅਸੀਂ ਪੌੜੀਆਂ ਤੋਂ ਉੱਤਰ ਕੇ ਹੇਠਾਂ ਜਾਣ ਵਾਲੇ ਸਾਂ ਤਾਂ ਇਕ ਸੱਜਣ ਨੇ ਹੱਥ ਦਾ ਇਸ਼ਾਰਾ ਕੀਤਾ ਕਿ ਇਧਰੋਂ ਵੀ ਹੁੰਦੇ ਜਾਓ। ਇਹ ਵਲੀ ਕੰਧਾਰੀ ਦੀ ਕਬਰ ਦੇ ਪੁਰਾਣੇ ਮੁਜਾਵਰਾਂ ਦੀ ਔਲਾਦ ਵਿੱਚੋਂ, ਬੜੇ ਪਹੁੰਚੇ ਹੋਏ ਪੀਰ ਨੇ, ਛੋਟਾ ਜਿਹਾ ਅਹਾਤਾ ਸੀ। ਗੁਸਲਖ਼ਾਨੇ ਵਗੈਰਾ ਵੀ ਸਨ ਤੇ ਇਕ ਗੁੱਠ ਵਿੱਚ ਗੋਰੇ ਉੱਚੇ ਲੰਮੇ ਸੋਹਣੇ ਨੈਣਾਂ ਨਕਸ਼ਾਂ ਵਾਲੇ 55 ਕੁ ਵਰ੍ਹਿਆਂ ਦੇ ਪੀਰ ਜੀ ਬੈਠੇ, ਹੱਥ ਚੁਕ-ਚੁਕ ਕੇ ਆਉਣ ਵਾਲਿਆਂ ਦਾ ਅਭਿਵਾਦਨ ਕਰ ਰਹੇ ਸਨ ਅਤੇ ਬਹਿਣ ਲਈ ਕਹਿ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਤਾਂ ਵਲੀ ਕੰਧਾਰੀ ਦੀ ਕਬਰ ਦਾ ਪ੍ਰਬੰਧ ਉਨ੍ਹਾਂ ਦੇ ਖਾਨਦਾਨ ਪਾਸ ਹੁੰਦਾ ਸੀ। ਪਰ ਹੁਣ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਸ ਲਈ ਅਸੀਂ ਇਥੇ ਡੇਰੇ ਲਾ ਲਏ ਹਨ। ਵਲੀ ਕੰਧਾਰੀ ਵੱਲੋਂ ਮਰਦਾਨੇ ਨੂੰ ਪਾਣੀ ਨਾ ਪਿਆਉਣ ਬਾਰੇ ਉਸ ਦਾ ਕਹਿਣਾ ਸੀ ਵਲੀ ਜੀ ਤਾਂ ਬੜੇ ਪਹੁੰਚੇ ਹੋਏ ਫ਼ਕੀਰ ਸਨ। ਇਸ ਤਰ੍ਹਾਂ ਪਾਣੀ ਤੋਂ ਨਾਂਹ ਕਰਕੇ ਸ਼ਾਇਦ ਉਨ੍ਹਾਂ ਕੋਈ ਮੌਅਜਜ਼ਾ ਕਰਨਾ ਸੀ ਜਿਸ ਲਈ ਗੁਰੂ ਬਾਬੇ ਨਾਨਕ ਸਾਹਿਬ ਨਾਲ ਉਨ੍ਹਾਂ ਦੀ ਇਹ ਇਤਿਹਾਸਕ ਮੁਲਾਕਾਤ ਹੋਈ ਹੋਵੇਗੀ। ਪਾਣੀ ਕੋਈ ਐਡੀ ਸ਼ੈ ਨਹੀਂ ਸੀ ਜਿਸ ਤੋਂ ਵਲੀ ਜੀ ਨਾਂਹ ਕਰਦੇ। ਕਸਬੇ ਦੇ ਨਾਮਕਰਨ ਬਾਰੇ ਵੀ ਉਨ੍ਹਾਂ ਦੱਸਿਆ ਕਿ ਅਬਦਾਲ ਦਰਵੇਸ਼ਾਂ ਵਿੱਚ ਬਹੁਤ ਵੱਡਾ ਦਰਜਾ ਹੁੰਦਾ ਹੈ। ਜੋ ਵਲੀ ਕੰਧਾਰੀ ਨੂੰ ਪ੍ਰਾਪਤ ਸੀ। ਹਸਨ ਕੋਈ ਬੱਕਰੀਆਂ ਚਾਰਨ ਵਾਲਾ ਸੀ। ਜਦੋਂ ਵਲੀ ਹੋਰੀਂ ਕੰਧਾਰ ਵੱਲੋਂ ਇਧਰ ਆਏ ਤਾਂ ਹਸਨ



Sri Satguru Jagjit Singh Ji eLibrary NamdhariElibrary@gmail.com

ਨੇ ਉਨ੍ਹਾਂ ਨੂੰ ਦੁੱਧ ਭੇਟ ਕੀਤਾ। ਉਨ੍ਹਾਂ ਨੇ ਖੁਸ਼ ਹੋ ਕੇ ਕਿਹਾ ਕਿ ਤੇਰਾਂ ਨਾਂ ਵੀ ਸਾਡੇ ਨਾਂ ਦੇ ਨਾਲ ਹੀ ਰਹੇਗਾ। ਇਉਂ ਇਹ ਕਸਬਾ 'ਹਸਨ ਅਬਦਾਲ' ਹੋ ਨਿੱਬੜਿਆ। ਫਿਰ ਪੀਰ ਜੀ ਨੇ ਇਕ ਹਰੀ ਟਾਕੀ ਨਾਲੋਂ ਕੱਪੜੇ ਦੀਆਂ ਚੰਦੀਆਂ ਲਾਹ ਲਾਹ ਕੇ ਸਭ ਨੂੰ ਇਕ-ਇਕ ਪਕੜਾ ਕੇ, ਕੋਲ ਰੱਖਣ ਦੀ ਤਾਕੀਦ ਕੀਤੀ। ਉਨ੍ਹਾਂ ਦੇ ਮੁਤਾਬਿਕ ਇਹ ਮੁਰਾਦਾਂ ਪੂਰੀਆਂ ਕਰਨ ਵਾਲੀ ਸ਼ੈ ਹੋ ਨਿੱਬੜੇਗੀ। ਵਾਹਵਾ ਯਾਤਰੂਆਂ ਸ਼ਰਧਾ ਭਾਵਨਾ ਨਾਲ 5-5 ਤੋਂ 11-11 ਰੁਪਏ ਵੀ ਚੜ੍ਹਾਏ 'ਤੇ ਉਹ ਟਾਕੀਆਂ ਜੇਬਾਂ ਵਿੱਚ ਪਾ ਲਈਆਂ। ਮੈਂ ਇਹਨੂੰ ਅੰਧ ਵਿਸ਼ਵਾਸ ਸਮਝ ਕੇ ਵੀ ਪੀਰ ਨਾਲ ਕੋਈ ਸੰਵਾਦ ਰਚਾਉਣੋਂ ਟਲ ਹੀ ਗਿਆ ਅਤੇ ਵਲੀ ਕੰਧਾਰੀ ਤੇ ਗੁਰੂ ਨਾਨਕ ਦੇ ਵੱਖੋ ਵੱਖ ਮਾਰਗਾਂ ਦਾ ਇਥੇ ਇਉਂ ਪ੍ਰਯੋਗ ਵੀ ਹੋ ਗਿਆ। ਸਾਡਾ ਬਾਬਾ ਤਰਕ ਬੋਧ ਨਾਲ ਮਾਲੋ-ਮਾਲ ਸੀ। ਅੰਧ ਵਿਸ਼ਵਾਸ ਉਸ ਤੋਂ ਕੋਹਾਂ ਦੂਰ ਨੱਠਦਾ ਸੀ। ਪਰ ਹੁਣ ਤੇ ਕਈ ਸਿੱਖ ਸ਼ਬਦਾਂ ਦੇ ਤਵੀਤ ਮੜ੍ਹਾ ਕੇ ਵੀ ਗਲ ਪਾਈ ਫਿਰਦੇ ਹਨ। ਉਨ੍ਹਾਂ ਅਤੇ ਵਲੀ ਦਿਆਂ ਚੇਲਿਆਂ ਵਿੱਚ ਕੀ ਫ਼ਰਕ ਰਹਿ ਗਿਆ ਹੈ।

ਗੁਰਦੁਆਰੇ ਵਿੱਚ ਸਵੇਰੇ ਲੱਗੀ ਆਸਾ ਜੀ ਦੀ ਵਾਰ ਦਾ ਭੋਗ ਸਾਢੇ ਕੁ ਨੌਂ ਵਜੇ ਭਾਰਤੋਂ ਗਏ ਰਾਗੀ ਜਥੇ ਨੇ ਪਾਇਆ। ਭਾਰਤ ਤੋਂ ਇਲਾਵਾ ਯੂਰਪ, ਅਮਰੀਕਾ ਦੀਆਂ ਸਿੱਖ ਸੰਗਤਾਂ ਅਤੇ ਪੇਸ਼ਾਵਰ ਕਾਬਲ ਵੱਲ ਦੀ ਪਠਾਣੀ ਲਿਬਾਸ ਵਾਲੀ ਸਿੱਖ ਸੰਗਤ ਵੀ ਇਥੇ ਹਾਜ਼ਰ ਸੀ। ਬਾਜ਼ਾਰ ਵੱਲ ਸੰਗਤ ਨੇ ਪਹਿਲੇ ਦਿਨ ਹੀ ਧਾਵਾ ਬੋਲ ਦਿੱਤਾ। ਖਰੀਦ-ਫ਼ਰੋਖਤ ਸ਼ੁਰੂ ਹੋ ਗਈਆਂ। ਲੋਈਆਂ ਆਦਿ ਲੈ ਕੇ ਆਉਣ ਵਾਲੇ ਗਾਹਕਾਂ ਦੀ ਭਾਲ ਵਿੱਚ ਮੋਢਿਆਂ 'ਤੇ ਲੋਈਆਂ ਸੁੱਟੀ ਬਾਜ਼ਾਰ ਵਿੱਚ ਵੜ ਗਏ। ਪਾਕਿਸਤਾਨ ਵਿੱਚ ਸੁੱਕੇ ਮੇਵਿਆਂ ਦੀ ਪਹਿਲੋਂ ਜਹੀ ਬਿਹਤਰ ਫ਼ਸਲ ਨਹੀਂ ਦਿੱਸ ਰਹੀ। 1968 ਦੀ ਨਨਕਾਣਾ ਸਾਹਿਬ ਦੀ ਫੇਰੀ ਸਮੇਂ ਚੁਆਨੀ ਦੀ ਸੌਂਗੀ ਨਾਲ ਜੇਬ ਭਰ ਜਾਂਦੀ ਸੀ। ਸਾਡੇ ਵਾਸਤੇ ਪੰਜਾ ਸਾਹਿਬ ਗੁਰਦੁਆਰੇ ਦੇ ਨਾਲ ਲੱਗਦਾ ਇਕ ਹੀ ਬਾਜ਼ਾਰ ਖੁਲ੍ਹਾ ਸੀ। ਬੱਸ ਅੱਡੇ ਵੱਲ ਜਾਣ ਵਾਲੇ ਬਾਜ਼ਾਰ ਵਿਚ ਪੁਲੀਸ ਤਾਇਨਾਤ ਸੀ। ਉਧਰ ਨਹੀਂ ਜਾਣ ਦਿੱਤਾ ਜਾਂਦਾ ਸੀ। ਸਾਡੇ ਜਥੇ ਵਿੱਚ ਗਏ ਸਿੱਖ ਸੱਜਣਾਂ ਦਾ ਇਹ ਹਾਲ ਸੀ ਕਿ ਉਨ੍ਹਾਂ ਵਿੱਚੋਂ ਕੁਝ ਭਾਰਤ ਵਿੱਚੋਂ ਵਿਸਕੀ ਦੀਆਂ ਬੋਤਲਾਂ ਵੀ ਲੈ ਆਏ ਸਨ। ਇਧਰ ਸ਼ਰਾਬ ਬੰਦ ਹੋਣ ਦੇ ਬਾਵਜੂਦ ਵੀ ਚਲਦੀ ਹੈ। ਭਾਰਤੀ ਦਾਰੂ ਵਾਹਵਾ ਪਸੰਦ ਕੀਤੀ ਜਾਂਦੀ ਹੈ। ਨਾਰੀਅਲ ਵੀ ਵੇਚਿਆ ਜਾ ਰਿਹਾ ਸੀ। ਹੋਰ ਵੀ ਕੁਝ ਵਸਤਾਂ ਓਧਰੋਂ ਇਧਰ ਲਿਆ ਕੇ ਵੇਚੀਆਂ ਜਾਂਦੀਆਂ ਹਨ। ਕਈ ਸ਼ੈਆਂ ਪਾਕਿਸਤਾਨ ਵਿੱਚੋਂ ਸਸਤੇ ਭਾ ਖਰੀਦ ਕੇ ਭਾਰਤ ਵਿੱਚ ਮਹਿੰਗੀਆਂ ਵੇਚੀਆਂ ਜਾਂਦੀਆਂ ਹਨ। ਭਾਰਤ ਵਿੱਚੋਂ ਆਏ 50-60 ਫ਼ੀਸਦੀ ਯਾਤਰੂ ਗੇੜਾ ਲਾਉਣ ਹੀ ਆਉਂਦੇ ਹਨ ਅਤੇ ਉਨ੍ਹਾਂ ਦੇ ਸਾਰੇ ਦੌਰੇ ਵਿੱਚ ਬਿਜ਼ਨਸ ਹੀ ਛਾਇਆ ਰਹਿੰਦਾ ਹੈ। ਦੁਕਾਨਦਾਰ ਕਿਸਮ ਦੇ ਲੋਕਾਂ ਦੀ ਭਰਮਾਰ ਰਹਿੰਦੀ ਹੈ। ਚੰਗਾ ਹੋਵੇ ਜੇ ਵੀਜ਼ਾ ਲਾਉਣ ਵੇਲੇ ਗੁਰੂ ਅਸਥਾਨਾਂ ਦੇ ਦਰਸ਼ਨਾਂ ਵਾਸਤੇ, ਸ਼ਰਧਾ ਭਾਵਨਾ



Sri Satguru Jagjit Singh Ji eLibrary NamdhariElibrary@gmail.com

ਨਾਲ ਆਉਣ ਵਾਲੇ ਯਾਤਰੂਆਂ ਦਾ ਜਥਾ ਵੱਖਰਾ ਹੋਵੇ ਅਤੇ ਸਾਲ ਵਿੱਚ ਇਕ ਦੋ ਵਾਰ ਵਪਾਰਕ ਜਥੇ ਵੱਖਰੇ ਭੇਜ ਦਿੱਤੇ ਜਾਇਆ ਕਰਨ। ਇਨ੍ਹਾਂ ਤੋਂ ਇਲਾਵਾ ਸਾਹਿਤਕ ਅਤੇ ਸੱਭਿਆਚਾਰਕ ਦੌਰਿਆਂ ਦੀ ਵੀ ਦੁਪਾਸੀਂ ਖੁੱਲ੍ਹ ਦੇ ਕੇ, ਮਾਹੌਲ ਨੂੰ ਤਨਾਅ ਮੁਕਤ ਬਣਾਉਣ ਲਈ ਕਦਮ ਪੁਟਿਆ ਜਾਵੇ।

ਨਵੀਂ ਬਣੀ ਆਧੁਨਿਕ ਕਮਰਿਆਂ ਵਾਲੀ ਸਰਾਂ ਵਿੱਚ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਅਤੇ ਸੇਵਾਦਾਰ ਡਟੇ ਹੋਏ ਸਨ। ਪੰਜਾ ਸਾਹਿਬ ਵਿੱਚ ਯਾਤਰੂਆਂ ਵਾਸਤੇ ਕਮਰਿਆਂ ਦੀ ਕਮੀ ਨਹੀਂ ਆਉਂਦੀ। ਤਕਰੀਬਨ ਪੰਜ ਹਜ਼ਾਰ ਤੋਂ ਰਤਾ ਵਧੇਰੇ ਸੰਗਤ ਇਸ ਗੁਰਦੁਆਰੇ ਦੇ ਆਂਗਨ ਵਿੱਚ ਸਮਾਈ ਹੋਈ ਸੀ।

1 ਨਵੰਬਰ ਨੂੰ ਕੋਈ 10 ਕੁ ਵਜੇ ਅਖੰਡ ਪਾਠ ਦਾ ਭੋਗ ਪਾ ਦਿੱਤਾ ਗਿਆ। ਇਸ ਤੋਂ ਬਾਅਦ ਜਥੇ ਦੇ ਲੀਡਰ ਸ੍ਰ. ਬਲਬੀਰ ਸਿੰਘ ਪੰਨੂੰ ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਭਾਸ਼ਣ ਆਰੰਭ ਕੀਤਾ। ਸ਼ੁਰੂ ਵਿੱਚ ਉਨ੍ਹਾਂ ਨੇ ਪੰਥ ਦੀ ਗੀੜ ਦੀ ਹੱਡੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੋਰਾਂ ਦਾ ਕੋਟਾਨ ਕੋਟ ਧੰਨਵਾਦ ਕੀਤਾ ਜਿਨ੍ਹਾਂ ਦੀ ਕ੍ਰਿਪਾ ਸਦਕਾ, ਉਹ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ, ਆਗੂ ਦੇ ਰੂਪ ਵਿੱਚ ਕਰ ਰਹੇ ਸਨ। ਉਂਜ ਹੁਣ ਪੰਨੂੰ ਸਾਹਿਬ ਟੌਹੜਾ ਸਾਹਿਬ ਤੋਂ ਬੇਮੁਖ ਹੋਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 10 ਕਾਰਜਕਾਰੀ ਮੈਂਬਰਾਂ ਵਿੱਚੋਂ ਇਕ ਹਨ। ਸਾਡੇ ਮੁਲਕ ਦੀ ਅਤੇ ਸਿੱਖ ਸਿਆਸਤ ਵਿੱਚ ਵੀ 'ਮਨ ਹੋਰ ਤੇ ਮੁੱਖ ਹੋਰ' ਵਾਲੇ ਸੱਜਣਾਂ ਦੀ ਅਕਸਰ ਭਰਮਾਰ ਰਹਿੰਦੀ ਹੈ। ਚੜ੍ਹਦੇ ਸੂਰਜ ਨੂੰ ਸਲਾਮ ਕਰਨਾ ਇਥੋਂ ਦਾ ਦਸਤੂਰ ਹੈ ਭਾਵੇਂ ਹਰ ਚੜ੍ਹਦੇ ਸੂਰਜ ਨੇ ਵੀ ਓੜਕ ਡੁੱਬਣਾ ਹੀ ਹੁੰਦਾ ਹੈ :-

**ਗ਼ਾਲਿਬ ਬੰਦ ਕਦੇ ਕਦਾਈਂ ਚੰਗੀ ਗੱਲ ਕਹਿ ਜਾਂਦਾ ਹੈ।**
**ਲੱਖ ਪੂਜੋ ਚੜ੍ਹਦੇ ਸੂਰਜ ਨੂੰ ਓੜਕ ਇਹ ਲਹਿ ਜਾਂਦਾ ਹੈ। - ਹਬੀਬ ਜ਼ਾਲਿਬ**

ਪੰਨੂੰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ 'ਤੇ ਵਾਹਵਾ ਰੋਸ ਪ੍ਰਗਟ ਕੀਤਾ ਕਿ ਐਤਕੀਂ ਸਿੱਖ ਜਥੇ ਨੂੰ, ਰਾਵਲਪਿੰਡੀ ਸ਼ਹਿਰ ਦੀ ਯਾਤਰਾ 'ਤੇ ਨਹੀਂ ਭੇਜਿਆ ਜਾ ਰਿਹਾ। ਪਹਿਲਾਂ ਅਖੰਡ ਪਾਠ ਦੇ ਭੋਗ ਤੋਂ ਬਾਅਦ ਯਾਤਰੀ ਬੱਸਾਂ ਰਾਹੀਂ ਦਿਨੇ-ਦਿਨੇ ਰਾਵਲਪਿੰਡੀ ਆ ਜਾ ਸਕਦੇ ਸਨ। ਪਰ ਐਤਕੀਂ ਪਾਕਿਸਤਾਨ ਸਰਕਾਰ ਵੱਲੋਂ ਇਹ ਮਨਜ਼ੂਰੀ ਨਹੀਂ ਦਿੱਤੀ ਗਈ। ਪੰਨੂੰ ਸਾਹਿਬ ਨੇ ਤਕਰੀਰ ਕਰਦਿਆਂ ਸਿੱਖ ਜਗਤ ਨੂੰ ਆਖਿਆ ਕਿ ਉਹ ਇਹ ਗ਼ਲਤ ਹੁਕਮ ਨਾ ਮੰਨਣ ਅਤੇ ਬੇਸ਼ਕ ਰਾਵਲਪਿੰਡੀ ਬਿਨਾਂ ਮਨਜ਼ੂਰੀ ਤੋਂ ਚਲੇ ਜਾਣ। ਪ੍ਰਦੇਸ਼ ਵਿੱਚ ਗਏ ਭੋਲੇ-ਭਾਲੇ ਯਾਤਰੂਆਂ ਨੂੰ ਇਸ ਤਰ੍ਹਾਂ ਉਥੋਂ ਦੀ ਸਰਕਾਰੀ ਪਾਬੰਦੀ ਤੋੜਨ ਲਈ ਉਕਸਾਉਣਾ, ਮੈਂ ਸਮਝਦਾਂ ਕਿ ਦਰੁਸਤ ਨਹੀਂ। ਔਕਾਫ਼ ਵਾਲੇ ਅਧਿਕਾਰੀ ਨੇ ਵੀ ਆਪਣੇ ਜੁਆਬੀ ਭਾਸ਼ਣ ਵਿੱਚ ਇਸ ਮਨਜ਼ੂਰੀ ਵਾਲੇ ਮਸਲੇ ਨੂੰ ਕੁਝ ਸਿਵਲ ਅਧਿਕਾਰੀਆਂ ਦੀ



Sri Satguru Jagjit Singh Ji eLibrary NamdhariElibrary@gmail.com

ਘੱਟ ਜਾਣਕਾਰੀ ਦੇ ਜ਼ੁੰਮੇ ਲਾ ਕੇ ਆਪਣੇ ਗਲੋਂ ਗਲਾਵਾਂ ਲਾਹੁਣਾ ਚਾਹਿਆ। ਫਿਰ ਬਾਅਦ ਵਿੱਚ ਅਸੀਂ ਔਕਾਫ਼ ਵਾਲਿਆਂ ਦੇ ਦਫ਼ਤਰ ਗਏ ਅਤੇ ਉਨ੍ਹਾਂ ਨੂੰ ਕਿਹਾ ਕਿ ਜੇ ਉਹ ਰਾਵਲਪਿੰਡੀ ਨਹੀਂ ਜਾਣ ਦਿੰਦੇ ਤਾਂ ਘੱਟੋ-ਘੱਟ ਸਾਨੂੰ ਟੈਕਸਲਾ ਤਾਂ ਜਾ ਆਉਣ ਦੇਣ ਤਾਂ ਕਿ ਅਸੀਂ ਉਸ ਜਗ੍ਹਾ ਨੂੰ ਸਜਦਾ ਕਰ ਸਕੀਏ ਜਿਥੋਂ ਪ੍ਰਾਚੀਨ ਭਾਰਤ ਵਿੱਚ ਗਿਆਨ ਦੀ ਜੋਤੀ ਪ੍ਰਜਵਲਤ ਹੋਈ ਸੀ। ਸਾਡੇ ਜਥੇ ਦੇ ਲੀਡਰ ਤਾਂ ਕੁਝ ਖਾਮੋਸ਼ ਬੈਠੇ ਸਨ ਪਰ ਡਿਪਟੀ ਲੀਡਰ ਜੋ ਕਿ ਸ਼੍ਰੋਮਣੀ ਕਮੇਟੀ ਦੇ ਕੋਈ ਕਰਮਚਾਰੀ ਸਨ, ਮਧਰੇ ਭਾਰੇ ਸਰੀਰ ਤੇ ਖੁਲ੍ਹੇ ਦਾਹੜੇ ਵਾਲੇ ਰੋਹਬੀਲੇ ਸੱਜਣ ਸਨ, ਉਨ੍ਹਾਂ ਦੀ ਔਕਾਫ਼ ਵਾਲਿਆਂ ਨਾਲ ਖਾਸੀ ਤੂੰ-ਤੂੰ, ਮੈਂ-ਮੈਂ ਵੀ ਹੋਈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਤੋਂ ਸਾਡਾ ਜਥਾ ਪਾਕਿਸਤਾਨ ਵਿੱਚ ਦਾਖ਼ਲ ਹੋਇਆ ਹੈ, ਔਕਾਫ਼ ਵਾਲੇ ਉਨ੍ਹਾਂ ਦੇ ਲੀਡਰ ਨੂੰ ਪੈਰ ਪੈਰ 'ਤੇ ਜ਼ਲੀਲ ਕਰਨ 'ਤੇ ਤੁਲੇ ਹੋਏ ਹਨ। ਜਿਥੋਂ ਤੱਕ ਵਧੀਆ ਤੇ ਨਵੇਂ ਰਿਹਾਇਸ਼ੀ ਕਮਰਿਆਂ ਦਾ ਸਬੰਧ ਸੀ, ਇਹ ਵੀ ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਤੋਂ ਆਏ ਖਾਲਿਸਤਾਨ ਪੱਖੀ ਸਿੰਘਾਂ ਨੂੰ ਹੀ ਅਲਾਟ ਕੀਤੇ ਜਾਂਦੇ ਸਨ। ਉਨ੍ਹਾਂ ਦੇ ਇਹ ਕਹਿਣ 'ਤੇ ਕਿ ਉਹ ਪਹਿਲਾਂ ਆਕੇ ਕਾਬਜ਼ ਹੋ ਗਏ ਹਨ। ਕਮੇਟੀ ਅਧਿਕਾਰੀਆਂ ਨੇ ਕਿਹਾ ਕਿ ਤੁਸੀਂ ਸਾਨੂੰ ਇਜਾਜ਼ਤ ਦੇ ਦਿਓ ਅਸੀਂ ਖਾਲੀ ਤੇ ਹੁਣੇ ਕਰਵਾ ਲਵਾਂਗੇ। ਪਰ ਇਜਾਜ਼ਤ ਕੀਹਨੇ ਦੇਣੀ ਸੀ। ਇਉਂ ਮਹਿਸੂਸ ਹੁੰਦਾ ਹੈ ਕਿ ਜਦੋਂ ਤੋਂ ਭਾਰਤੀ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਮਾਹੌਲ ਠੀਕ ਹੋ ਗਿਆ ਹੈ, ਵੇਲੇ ਦੀ ਪਾਕਿਸਤਾਨ ਸਰਕਾਰ ਦਾ ਰਵੱਈਆ ਭਾਰਤੀ ਸਿੱਖ ਜਥੇ ਪ੍ਰਤੀ ਕੋਈ ਵਧੀਆ ਨਹੀਂ ਰਿਹਾ। ਪੰਜ੍ਹ ਸਾਹਿਬ ਦੇ ਉਕਸਾਉਣ ਦੇ ਬਾਵਜੂਦ ਇਕ ਵੀ ਸਿੱਖ ਯਾਤਰੀ ਰਾਵਲਪਿੰਡੀ ਨਹੀਂ ਸੀ ਜਾ ਸੱਕਿਆ ਕਿਉਂ ਜੁ ਪੁਲੀਸ ਦਾ ਸਖ਼ਤ ਪ੍ਰਬੰਧ ਸੀ, ਅਸੀਂ ਗੁਰਦੁਆਰੇ ਤੋਂ ਬਾਹਰ ਲੈਂਦੇ ਕੇ ਇਕ ਹੀ ਬਾਜ਼ਾਰ ਵਿੱਚ ਘੁੰਮ ਫਿਰ ਸਕਦੇ ਸਾਂ।

ਗੁਰਦੁਆਰੇ ਦੀਆਂ ਦੁਕਾਨਾਂ ਵਿੱਚ ਇਕ ਬਜ਼ੁਰਗ ਫ਼ੋਟੋਗਰਾਫ਼ਰ ਦੀ ਦੁਕਾਨ ਵੀ ਸੀ। ਅਸੀਂ ਪੁਛਿਆ ਕਿ 1947 ਤੋਂ ਪਹਿਲਾਂ ਵੇਲੇ ਦੇ ਸਿੱਖ ਲੀਡਰ ਵੀ ਇਥੇ ਆਉਂਦੇ ਰਹੇ ਹਨ, ਉਨ੍ਹਾਂ ਦੀ ਕੋਈ ਫੋਟੋ ਮਿਲ ਜਾਵੇ ਤਾਂ। ਉਹਨੇ ਮਾਰਚ 1947 ਦੀ ਗੁਰਦੁਆਰੇ ਦੇ ਅਹਾਤੇ ਵਿੱਚ ਭਾਸ਼ਣ ਕਰਦੇ ਮਾਸਟਰ ਤਾਰਾ ਸਿੰਘ ਹੋਰਾਂ ਦੀ ਫੋਟੋ ਅਗਲੇ ਦਿਨ ਨੈਗੇਟਿਵ ਲੱਭ ਕੇ ਮੋਖ ਲੈ ਕੇ ਬਣਾ ਦਿੱਤੀ। ਇਹ ਪੁੱਛਣ 'ਤੇ ਕਿ ਮਾਸਟਰ ਜੀ ਕੈਸੇ ਸਨ? ਕਹਿਣ ਲੱਗਾ-ਪੂਰਾ ਫ਼ਿਤਨਾ ਸੀ, ਉਸ ਦਿਨ ਬੋਲਿਆ ਬਾਲਿਆ ਤਾਂ ਪਤਾ ਨਹੀਂ ਕੀ ਸੀ, ਬੱਸ ਰੋਂਦਾ ਈ ਰਿਹਾ ਸੀ ਸਟੇਜ 'ਤੇ। ਮੈਂ ਇਤਿਹਾਸ ਦੀਆਂ ਪੈੜਾਂ ਫੜਦਾ-ਫੜਦਾ ਬੀਤੇ ਵਕਤ ਵਿੱਚ ਪੁੱਜ ਗਿਆ ਜਦੋਂ ਮੁਸਲਿਮ ਲੀਗ ਦੀ ਸਰਕਾਰ ਬਣਨ 'ਤੇ ਮਾਸਟਰ ਤਾਰਾ ਸਿੰਘ ਹੋਰਾਂ ਲਾਹੌਰ ਪੰਜਾਬ ਅਸੰਬਲੀ ਹਾਲ ਦੀ ਛੱਤ 'ਤੇ ਲਹਿਰਾਉਂਦਾ ਮੁਸਲਿਮ ਲੀਗ ਦਾ ਝੰਡਾ ਵੱਢਿਆ ਸੀ ਅਤੇ ਧੁਰ ਲਹਿੰਦੇ ਪੰਜਾਬ ਵਿੱਚ ਇਸੇ ਰਾਵਲਪਿੰਡੀ ਦੇ ਲਾਗੇ ਚਾਗੇ ਫ਼ਿਰਕੂ



Sri Satguru Jagjit Singh Ji eLibrary NamdhariElibrary@gmail.com

ਹਮਲੇ ਹਿੰਦੂ ਸਿੱਖਾਂ 'ਤੇ ਲੀਗੀਆਂ ਵੱਲੋਂ ਸ਼ੁਰੂ ਹੋ ਗਏ ਸਨ। ਸ਼ਾਇਦ ਉਸ ਦਰਦਨਾਕ ਮਾਹੌਲ ਨੇ ਮਾਸਟਰ ਜੀ ਨੂੰ ਹੰਝੂ ਵਹਾਉਣ 'ਤੇ ਮਜਬੂਰ ਕਰ ਦਿੱਤਾ ਸੀ, ਪਰ ਮਨ ਇਹ ਵੀ ਸੋਚਦਾ ਹੈ ਕਿ ਕਿਤੇ ਇਹ ਹੰਝੂ ਮਗਰਮੱਛ ਦੇ ਤਾਂ ਨਹੀਂ ਸਨ ਕਿਉਂ ਜੁ ਬਕੌਲ ਸ਼ਾਇਰ:--

ਪੰਥ ਨੇ ਵੱਢੀਆਂ ਰੱਸੀਆਂ,
ਦੀਨ ਨੇ ਲਾਈ ਅੱਗ।
ਦੋਹਾਂ ਧਿਰਾਂ ਦੀ ਲਹਿ ਗਈ,
ਧਰਮ ਸ਼ਰਮ ਦੀ ਪੱਗ
ਧਰਮ ਸ਼ਰਮ ਦੀ ਪੱਗ
ਸੰਨ ਸੰਤਾਲੀ ਚੜ੍ਹਿਆ।
ਚਿਰਾਂ ਦੇ ਭੁੱਖੇ ਮਜ਼੍ਹਬ
ਸ਼ੁਕਰ ਦਾ ਕਲਮਾਂ ਪੜ੍ਹਿਆ।
ਕਹਿ ਗੋਧਾ ਸਿੰਘ ਜੱਟ
ਗੱਲ ਮੈਂ ਸੱਚੀ ਦੱਸੀ।
ਦੀਨ ਨੇ ਲਾਈ ਅੱਗ
ਪੰਥ ਨੇ ਵੱਢੀ ਰੱਸੀ।

ਔਕਾਫ਼ ਵਾਲਿਆਂ ਦੇ ਦਫ਼ਤਰ ਵਿੱਚ ਬੈਠੇ ਸਾਂ ਜਦੋਂ ਸਿੱਖ ਧਰਮ ਬਾਰੇ ਕੁਝ ਚਰਚਾ ਸ਼ੁਰੂ ਹੋਈ। ਆਪਣੀ ਬੁਧ ਮੁਤਾਬਕ ਮੈਂ ਉਹਨਾਂ ਦੇ ਸੁਆਲਾਂ ਦਾ ਉੱਤਰ ਦਿੰਦਾ ਰਿਹਾ। ਇਕ ਅਧਿਕਾਰੀ ਮੇਰੇ ਜੁਆਬਾਂ ਤੋਂ ਕੁਝ ਪ੍ਰਭਾਵਿਤ ਹੋ ਕੇ ਕਹਿਣ ਲੱਗਾ ਇਹ ਸੱਜਣ ਸਿੱਖ ਧਰਮ ਬਾਰੇ ਖੋਜ ਕਰਨੀ ਚਾਹੁੰਦੇ ਹਨ। ਇਸਲਾਮਾਬਾਦ ਦੇ ਕਿਸੇ ਕਾਲਜ ਵਿੱਚ ਪੰਜਾਬੀ ਪੜ੍ਹਾਉਂਦੇ ਹਨ। ਪੰਜਾਬੀ ਦੀ ਐਮ.ਏ.ਹਨ ਲਾਹੌਰ ਯੂਨੀਵਰਸਿਟੀ ਤੋਂ। ਇਕ ਮਸੀਤ ਵਿੱਚ ਇਸਲਾਮ ਦੀ ਸੇਵਾ ਵੀ ਨਿਭਾਉਂਦੇ ਹਨ ਅਤੇ ਉਨ੍ਹਾਂ ਦਾ ਖੋਜ (ਪੀ.ਐਚ.ਡੀ.) ਦਾ ਵਿਸ਼ਾ ਸਿੱਖ ਧਰਮ ਨਾਲ ਸਬੰਧਤ ਹੈ। ਨਾਮ ਸੀ ਮੁਹੰਮਦ ਇਕਰਾਮ-ਉਲ-ਹੱਕ। ਦਾਹੜਾ ਮੇਰੇ ਵਾਂਗ ਹੀ ਪ੍ਰਕਾਸ਼ ਕੀਤਾ ਹੋਇਆ। ਮੁੱਛਾਂ ਮੌਲਵੀ ਕੱਟ ਅਤੇ ਸਿਰ 'ਤੇ ਮੌਲਵੀਆਂ ਵਾਲੀ ਕਾਲੀ ਉੱਨੀ ਟੋਪੀ। ਚਿੱਟਾ ਲੰਮਾ ਕੁੜਤਾ ਅਤੇ ਸਲਵਾਰ। ਪਾਕਿਸਤਾਨ ਦਾ ਇਹ ਕੌਮੀ ਲਿਬਾਸ ਹੈ ਅਤੇ ਮੇਰਾ ਖਿਆਲ ਹੈ ਕਿ ਪਚਾਨਵੇਂ ਫ਼ੀਸਦੀ ਪਾਕਿਸਤਾਨੀ ਪੁਰਸ਼ ਅਸੀਂ ਇਸ ਪਹਿਰਾਵੇ ਵਿੱਚ ਵੇਖੇ ਹਨ। ਅਸੀਂ ਪ੍ਰੋਫੈਸਰ-ਕਮ-ਮੌਲਵੀ ਸਾਹਿਬ ਨੂੰ ਆਪਣੇ ਕਮਰੇ ਵਿੱਚ ਚਲਣ ਦੀ ਦਾਅਵਤ ਦਿੱਤੀ। ਦਰੀਆਂ ਵਿਛੀਆਂ ਸਨ ਜਿਥੇ ਅਸੀਂ ਸਜ ਗਏ ਅਤੇ ਉਹਨਾਂ ਦੀਆਂ ਪੁੱਛਾਂ ਦੇ ਜੁਆਬ ਦਿੰਦੇ ਰਹੇ। ਇਸਲਾਮ ਤੇ ਸਿੱਖ ਗੁਰੂਆਂ ਦੀ ਬਾਣੀ, ਸੂਫ਼ੀਆਂ ਤੇ ਗੁਰੂਆਂ, ਗੁਰੂਆਂ ਤੇ ਮੁਸਲਿਮ ਬਾਦਸ਼ਾਹਾਂ ਖਾਸ ਕਰਕੇ ਬਾਬਰ, ਅਕਬਰ, ਜਹਾਂਗੀਰ ਤੇ



Sri Satguru Jagjit Singh Ji eLibrary NamdhariElibrary@gmail.com

ਔਰੰਗਜ਼ੇਬ ਦੇ ਸੰਬੰਧਾਂ ਬਾਰੇ ਚਰਚਾ ਕੀਤੀ। ਫਿਰ ਉਹਨੇ ਇਹ ਸੁਆਲ ਕੀਤਾ ਕਿ ਕੀ ਸਾਰਾ ਹੀ ਸਿੱਖ ਭਾਈਚਾਰਾ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਰੀ ਨਬੀ (ਗੁਰੂ) ਮੰਨਦਾ ਹੈ? ਮੈਂ ਇਸ ਦਾ ਜੁਆਬ ਨਾਂਹ ਵਿੱਚ ਦਿੰਦਿਆਂ ਗੁਰਬਾਣੀ ਦੇ ਪ੍ਰਸੰਗ ਵਿੱਚ ਦੇਹਧਾਰੀ ਗੁਰੂ ਦੀ ਮਹੱਤਤਾ ਅਤੇ ਆਪਣੀ ਨਾਮਧਾਰੀ ਸੰਪਰਦਾਇ ਦਾ ਸਵਿਸਥਾਰ ਵਰਣਨ ਕੀਤਾ। ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਗੱਦੀਨਸ਼ੀਨ ਸਤਿਗੁਰੂ ਜਗਜੀਤ ਸਿੰਘ ਹੋਰਾਂ ਬਾਰੇ ਭਰਪੂਰ ਚਰਚਾ ਕੀਤੀ। ਇਸ ਗੱਲ 'ਤੇ ਉਸ ਆਪਣੀ ਅਗਿਆਨਤਾ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਦਸਵੇਂ ਗੁਰੂ ਜੀ ਦੇ ਹੁਕਮ ਮੁਤਾਬਕ ਜਿਸ ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਨੂੰ ਗੁਰਤਾ ਅਰਪਣ ਕੀਤਾ, ਉਹਨਾਂ ਦਾ ਅਸਥਾਨ ਹਜਰੋਂ ਸਾਹਿਬ ਜੋ ਕੈਮਲਪੁਰ ਜ਼ਿਲ੍ਹੇ ਵਿੱਚ ਹੈ, ਇਥੋਂ ਨੇੜੇ ਹੀ ਹੈ। ਮੈਂ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਨੂੰ ਉਦਰਿਤ ਕੀਤਾ:-

**ਐਪੇ ਗੁਰੂ ਦਸਮੇ ਦਰਸ਼ ਸਿੰਘ ਦੇ ਕਿਹੋ ਤਾਹਿ**
**ਮੇਰੋ ਅਵਤਾਰ ਅੰਸ ਰਾਮ ਸਿੰਘ ਹੈਵ ਭਰੇ।**

ਕਲਿਯੁਗ ਵਿੱਚ ਸਤਿਯੁਗ ਲਾਉਣ ਵਾਲੇ ਸਤਿਗੁਰੂ ਜੀ ਦੀ ਕੀਰਤੀ ਤੋਂ ਪ੍ਰੋਫੈਸਰ-ਕਮ-ਮੌਲਵੀ ਹੱਕ ਸਾਹਿਬ ਬਹੁਤ ਮੁਤਾਸਰ ਹੋਏ। ਸਾਡੀ ਇਹ ਗੋਸ਼ਟੀ ਕੋਈ ਦੋ ਤਿੰਨ ਘੰਟੇ ਚੱਲਦੀ ਰਹੀ। ਵਿੱਚ-ਵਿੱਚ ਗੁਰਦਾਸ ਸਿੰਘ ਘਾਰੂ ਤੇ ਬਾਬਾ ਕਰਤਾਰ ਸਿੰਘ ਦੇਊ ਵੀ ਸ਼ਾਮਲ ਹੁੰਦੇ ਰਹੇ। ਬਾਬਾ ਦੇਊ ਸੰਤ ਟਹਿਲ ਸਿੰਘ ਸੱਦੋ ਵਾਲੀ ਜੋ ਉਹਨਾਂ ਦੇ ਪਿੰਡ ਦੇ ਹੀ ਸਨ ਤੋਂ ਬਹੁਤ ਪ੍ਰਭਾਵਿਤ ਸੀ ਤੇ ਉਸ ਦੱਸਿਆ ਕਿ ਭਾਵੇਂ ਹੁਣ ਬੱਧੀ ਉਹ ਨੀਲੀ ਫ਼ਿਰਦਾ ਹੈ ਪਰ ਉਹ ਵੀ ਨਾਮਧਾਰੀਆਂ ਦੇ ਪੁਰਾਣੇ ਪਰਿਵਾਰ ਵਿੱਚੋਂ ਹੈ। ਦਰਅਸਲ ਜੇ ਗਿਆਨੀ ਗਿਆਨ ਸਿੰਘ ਹੋਰਾਂ ਦੀ ਸੱਤ ਲੱਖ ਨਾਮਧਾਰੀਆਂ ਦੀ ਸੰਖਿਆ ਨੂੰ ਮੰਨ ਲਈਏ ਤਾਂ ਇਉਂ ਲੱਗਦਾ ਹੈ ਕਿ ਉਸ ਸਮੇਂ ਅੱਧੇ ਦੇ ਕਰੀਬ ਸਿੱਖ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਚੁੱਕੇ ਸਨ। ਸਾਡੀ ਇਸ ਵਿਚਾਰ ਚਰਚਾ ਤੋਂ ਉਤਸ਼ਾਹਿਤ ਹੋ ਕੇ ਇਕ ਹੋਰ ਨੀਲੀ ਦਸਤਾਰ ਤੇ ਗੋਰੇ ਰੰਗ ਵਾਲਾ ਸੁਨੱਖਾ ਗਭਰੂ ਸਾਡੇ ਕਮਰੇ ਵਿੱਚ ਆਇਆ ਤੇ ਉਸ ਵੀ ਇਹ ਰਹੱਸਯੋਦਘਾਟਨ ਕੀਤਾ ਕਿ ਉਹ ਚੰਡੀਗੜ੍ਹ ਦੇ ਪ੍ਰਸਿੱਧ ਨਾਮਧਾਰੀ ਸ੍ਰ. ਕੇਹਰ ਸਿੰਘ ਮਾਨ ਦਾ ਪੋਤਰਾ ਹੈ। ਆਪਣੀ ਸੱਸ ਅਤੇ ਘਰਵਾਲੀ ਸਣੇ ਇਸ ਜਥੇ ਵਿੱਚ ਆਇਆ ਹੈ। ਉਹਦੀ ਘਰ ਦੀ ਅਤੇ ਸੱਸ ਹੁਣੇ ਹੀ ਉਹਦੇ ਦੇਹਧਾਰੀ ਗੁਰੂ ਵਾਲੇ ਵਿਚਾਰਾਂ ਸਦਕਾ ਉਸ ਨਾਲ ਖਹਿਬੜਦੀਆਂ ਵੀ, ਕਮਰੇ ਵਿੱਚ ਗੁਆਂਢ ਹੀ ਅਸੀਂ ਸੁਣੀਆਂ ਸਨ। ਹੁਣ ਇਹ ਜਾਣਕੇ ਕਿ ਨਾਲ ਦੇ ਕਮਰੇ ਵਿੱਚ ਸਾਰੇ ਦੇ ਸਾਰੇ ਨਾਮਧਾਰੀ ਸਿੰਘ ਸਨ ਉਹ ਬਲਧਾਰ ਗਿਆ ਅਤੇ ਆਪਣੀ ਹੋਂਦ ਬਿਗਾਨੇ ਬਾਣੇ ਵਿੱਚ ਸਾਡੇ ਜਿਉਂ ਹੋਣ ਕਾਰਨ, ਹੁਣ ਉਸਨੂੰ ਲੁਕਾਉਣੀ ਔਖੀ ਹੋ ਰਹੀ ਸੀ। ਵਿਚਾਰਾਂ ਦੀ ਸਾਂਝ ਕਿੱਡੀ ਵੱਡੀ ਹੁੰਦੀ ਹੈ। ਘੜੀ ਦੀ ਘੜੀ ਉਹ ਯੁਵਕ



Sri Satguru Jagjit Singh Ji eLibrary NamdhariElibrary@gmail.com

ਸਾਨੂੰ ਪੂਰੇ ਜਲੌਅ ਵਿੱਚ ਆਇਆ ਦਿਸਿਆ। ਮੌਲਵੀ ਸਾਹਿਬ ਨੂੰ ਮੈਂ ਉਨ੍ਹਾਂ ਦੇ ਵਿਸ਼ੇ ਨਾਲ ਸਬੰਧਿਤ ਪੁਸਤਕਾਂ ਦੀ ਸੂਚੀ ਦਿੱਤੀ ਅਤੇ ਕਰਨੈਲ ਸਿੰਘ ਅਸਪਾਲ ਨੇ ਉਹਨਾਂ ਨੂੰ ਇਕ ਨਾਰੀਅਲ ਭੇਟ ਕੀਤਾ। ਉਹ ਕਹਿਣ ਲੱਗੇ ਕਿ ਜੇ ਤੁਹਾਨੂੰ ਖੁੱਲ੍ਹ ਹੁੰਦੀ ਤਾਂ ਮੈ ਤੁਹਾਨੂੰ ਇਸਲਾਮਾਬਾਦ ਲੈ ਚਲਦਾ ਅਤੇ ਉਥੇ ਤੁਹਾਡੀ ਸੇਵਾ ਦਾ ਮੌਕਾ ਲੈਂਦਾ। ਪਰ ਚਲੋ ਜਿਵੇਂ ਸਮਾਂ ਬਣਿਆ ਠੀਕ ਹੈ।

ਲੰਗਰ ਦੀ ਸੇਵਾ ਸਿੰਧੀ ਸਹਿਜਧਾਰੀ ਸਿੱਖ ਵੱਡੇ ਚਾਅ ਤੇ ਉਮਾਹ ਨਾਲ ਕਰ ਰਹੇ ਸਨ। ਉਹ ਵਿਚਾਰੇ ਸਾਰਾ ਵਰ੍ਹਾ ਉਡੀਕਦੇ ਰਹਿੰਦੇ ਹਨ ਕਿ ਕਦੋਂ ਕੱਤਕ ਪੁੰਨਿਆ ਦਾ ਆਦਿ ਗੁਰੂ ਜੀ ਦਾ ਜਨਮ ਪੁਰਬ ਆਵੇ ਤੇ ਉਹ ਗੁਰੂ ਧਾਮਾਂ ਦੀ ਯਾਤਰਾ ਕਰਨ ਵਾਲੇ, ਭਾਰਤ ਅਤੇ ਹੋਰ ਦੇਸ਼ਾਂ ਵਿੱਚੋਂ ਆਏ, ਸਿੱਖ ਯਾਤਰੂਆਂ ਦੇ ਦਰਸ਼ਨ ਕਰਨ।



Sri Satguru Jagjit Singh Ji eLibrary NamdhariElibrary@gmail.com

# ਪੋਠੋਹਾਰ ਤੋਂ ਦੂਲੇ ਦੀ ਬਾਰ ਵਿੱਚ

ਆਰਥਿਕ ਤੌਰ 'ਤੇ ਸਿੰਧ ਪਿਸ਼ਾਵਰ ਤੇ ਕਾਬਲ ਦੇ ਸਿੱਖ ਐਨੇ ਜ਼ਿਆਦਾ ਸੰਪੰਨ ਨਹੀਂ ਹਨ। ਇਸ ਲਈ ਉਨ੍ਹਾਂ ਵਿੱਚੋਂ ਕਾਫੀ ਜਣੇ ਚਾਹ-ਪਕੌੜਿਆਂ ਦੇ ਛੋਟੇ-ਛੋਟੇ ਸਟਾਲ ਲਾ ਲੈਂਦੇ ਹਨ। ਇਕ ਸਟੋਵ, ਕੇਤਲੀ ਕੁਝ ਕੱਪ ਤੇ ਚਾਹ ਪੱਤੀ, ਮਿੱਠਾ ਤੇ ਸਾਰਾ ਦਿਨ ਅਤੇ ਦੇਰ ਰਾਤ ਤੱਕ ਕੁਝ ਨਾ ਕੁਝ ਵਟਕ ਕਰ ਲੈਂਦੇ ਹਨ। ਕੁਝ ਬਿੰਦੀਆਂ, ਕੜਿਆਂ, ਨਿੱਤਨੇਮ ਦੇ ਗੁਟਕਿਆਂ ਅਤੇ ਗੁਰਬਾਣੀਆਂ ਦੀਆਂ ਕੈਸੇਟਾਂ ਦੇ ਸਟਾਲ ਲਾ ਲੈਂਦੇ ਹਨ। ਦੁਨੀਆ ਦੀ ਕਿਸੇ ਗੁੱਠ ਵਿੱਚ ਵੀ ਕੋਈ ਬੇਵਤਨਾ ਤੇ ਉਜੜਿਆ ਥੁੜਿਆ ਨਾ ਹੋਵੇ। ਉਹ ਸਿੱਖ ਸਰੂਪ ਨੂੰ ਹੁਣ ਇਧਰ ਮਹਿਫ਼ੂਜ਼ ਨਹੀਂ ਸਮਝਦੇ। ਇਹ ਵੱਖਰੀ ਗੱਲ ਹੈ ਕਿ ਕਈ ਸਿੱਖ ਯੁਵਕ ਕੇਸਧਾਰੀ ਅਤੇ ਸਹਿਜਧਾਰੀ ਵੀ ਅਸੀਂ ਪਾਕਿਸਤਾਨੀ ਸੈਨਾ, ਟੈਲੀਫੋਨ ਵਿਭਾਗ ਦੇ ਕੁਝ ਹੋਰ ਮਹਿਕਮਿਆਂ ਵਿੱਚ ਵੀ ਵੇਖੇ। ਸ਼ਾਇਦ ਘੱਟ ਗਿਣਤੀਆਂ ਲਈ ਸਰਕਾਰੀ ਨੌਕਰੀਆਂ ਪਾਕਿਸਤਾਨ ਵਿੱਚ ਸਾਡੇ ਮੁਲਕ ਜਿੰਨੀਆਂ ਔਖੀਆਂ ਨਹੀਂ ਮਿਲਦੀਆਂ। ਲੰਗਰ ਅਸੀਂ, ਅੱਜ ਕਿਉਂਕਿ ਰਾਤ ਇਥੋਂ ਚਲਣਾ ਸੀ, ਪੰਜ ਕੁ ਵਜੇ ਛਕ ਲਿਆ। ਉਸ ਤੋਂ ਬਾਅਦ ਕੁਝ ਸਮਾਂ ਲੰਗਰ ਮਸਤ ਵੀ ਹੋ ਗਿਆ। ਇਕ ਅੱਧਾ ਪਰਸ਼ਾਦਾ ਜਿਹੜਾ ਲੋਹ ਤੋਂ ਉੱਤਰਦਾ ਸੀ ਉਹ ਜਾਣੂਆਂ-ਪਛਾਣੂਆਂ ਵਿੱਚ ਹੀ ਵੰਡਿਆ ਜਾਂਦਾ। ਰਸਦਾਂ ਦੀ ਕਮੀ ਨਹੀਂ ਸੀ, ਪ੍ਰੰਤੂ ਪ੍ਰਬੰਧ ਵਿੱਚ ਕਿਤੇ ਗੜਬੜ ਜ਼ਰੂਰ ਸੀ। ਬੈਠਣ ਲਈ ਪੰਗਤਾਂ ਦਾ ਵੀ ਵਧੀਆਂ ਪ੍ਰਬੰਧ ਨਹੀਂ ਸੀ। ਕਈ ਵੇਰ ਬਿਨਾਂ ਟਾਟ ਤੋਂ ਬਹਿਣਾ ਪੈਂਦਾ ਸੀ। ਲੰਗਰ ਉਂਜ ਪੌਸ਼ਟਿਕ ਤੇ ਪਾਕਿਸਤਾਨੀ ਮਸਾਲਿਆਂ ਨਾਲ ਭਰਪੂਰ ਸੁਆਦਲਾ ਵੀ ਹੁੰਦਾ ਸੀ।

ਪਹਿਲੀ ਨਵੰਬਰ ਨੂੰ ਫਿਰ ਬੱਸਾਂ ਰਾਹੀਂ ਪੰਜਾ ਸਾਹਿਬ ਗੁਰਦੁਆਰੇ ਤੋਂ ਅਸੀਂ ਅੱਧਾ ਕੁ ਕਿਲੋਮੀਟਰ ਦੂਰੀ ਵਾਲੇ ਸਟੇਸ਼ਨ 'ਤੇ ਪੁੱਜ ਗਏ। ਵਲੀ ਕੰਧਾਰੀ ਵਾਲੀ ਪਹਾੜੀ 'ਤੇ ਲਾਟੂ ਜਗ ਰਹੇ ਸਨ। ਉੱਥੇ ਬਿਜਲੀ ਤੇ ਪਾਣੀ ਇਸੇ ਸਾਲ ਪਹੁੰਚਾਏ ਗਏ ਸਨ। ਪਹਿਲਾਂ ਨਹੀਂ ਸੀ ਹੁੰਦੇ। ਐਲਾਨ ਤਾਂ ਇਹ ਕੀਤਾ ਜਾ ਰਿਹਾ ਸੀ ਜਿਹੜੇ ਯਾਤਰੀ ਪਹਿਲਾਂ ਗੱਡੀ ਵਿੱਚ ਆਏ ਹਨ ਉਹ ਉਸੇ ਵਿੱਚ ਚੜ੍ਹਣ, ਪਰ ਅਸੀਂ ਜਿਆਦਾ ਭੀੜ ਹੋਣ ਕਾਰਨ ਉਹ ਗੱਡੀ ਲੰਘਾ ਦਿੱਤੀ, ਕਿਉਂਕਿ ਹੁਣ ਕਮਰਿਆਂ ਦੀ ਕਾਹਲ ਨਹੀਂ ਸੀ। ਨਨਕਾਣਾ ਸਾਹਿਬ ਵਾਲੇ ਕਮਰੇ ਸਾਨੂੰ ਇਥੇ ਪੰਜਾ ਸਾਹਿਬ ਵਿਖੇ ਹੀ ਦਿਨੇ ਅਲਾਟ ਕਰ ਦਿੱਤੇ ਗਏ ਸਨ। ਅਸੀਂ ਦੂਜੀ ਗੱਡੀ 'ਤੇ ਚੜ੍ਹੇ। ਮਾਨ ਸਾਹਿਬ ਚੰਡੀਗੜ੍ਹ ਵਾਲੇ ਵੀ ਹਰਫਲੇ ਫਿਰ ਰਹੇ ਸਨ। ਉਨ੍ਹਾਂ ਨੂੰ ਆਪਣੀ ਸੱਸ ਸਾਹਿਬਾਂ ਲਈ ਇਕ ਸੀਟ ਚਾਹੀਦੀ ਸੀ। ਅਸੀਂ ਇਕ ਨੌਜਵਾਨ ਨੂੰ ਉਠਾ ਕੇ ਉਨ੍ਹਾਂ ਨੂੰ ਸੀਟ ਦੁਆ ਦਿੱਤੀ, ਸ੍ਰੀਮਾਨ ਸ਼ਾਇਦ ਖਾਮੋਸ਼ ਨਜ਼ਰਾਂ ਨਾਲ ਉਸ ਬੀਬੀ ਨੂੰ ਸਮਝਾ ਰਹੇ ਸਨ ਕਿ ਵੇਖ ਲਉ ਹੁਣ ਦੇਹਧਾਰੀ ਗੁਰੂ ਦੇ ਚੇਲੇ ਹੀ ਤੁਹਾਡੇ ਕੰਮ ਆਏ ਹਨ। ਖ਼ੈਰ-- ਪੰਜਾ ਸਾਹਿਬ ਸਟੇਸ਼ਨ 'ਤੇ ਫਿਰ ਅਸੀਂ ਭਾਈ ਕਰਮ ਸਿੰਘ ਅਤੇ ਪ੍ਰਤਾਪ ਸਿੰਘ ਦੀ



Sri Satguru Jagjit Singh Ji eLibrary NamdhariElibrary@gmail.com

ਯਾਦ ਨੂੰ ਮਨ ਵਿੱਚ ਚਿਤਵਿਆ ਅਤੇ ਉਨ੍ਹਾਂ ਦੇ ਸਿੱਖੀ ਸਿਦਕ ਨੂੰ ਨਿੱਘੀ ਫਤਿਹ ਬੁਲਾ ਕੇ ਇਥੋਂ ਵਿਦਾ ਹੋਏ। ਦੋ-ਦੋ ਘੰਟੇ ਵਾਰੋ ਵਾਰੀ ਉਪਰਲੇ ਫੱਟੇ 'ਤੇ ਮਾੜਾ ਮੋਟਾ ਲੇਟਾ ਲਾਇਆ ਅਤੇ ਜਦੋਂ ਹਨੇਰਾ ਮੁੱਕਣ ਵਾਲਾ ਸੀ, ਅਸੀਂ ਫਿਰ ਸ਼ਾਹਦਰੇ ਦੇ ਸਟੇਸ਼ਨ 'ਤੇ ਪੁੱਜ ਗਏ। ਇਥੋਂ ਸਾਡੀ ਗੱਡੀ ਹੁਣ ਨਨਕਾਣਾ ਸਾਹਿਬ ਲਈ ਦੂਜੀ ਲਾਈਨ 'ਤੇ ਪੈਣੀ ਸੀ। ਸ਼ਾਹਦਰੇ ਵਿੱਚ ਵੀ ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਨੂਰ ਜਹਾਂ ਦਾ ਮਕਬਰਾ ਹੈ। ਇਹ ਮਕਬਰੇ ਗੱਡੀ ਦੇ ਡੱਬੇ ਵਿਚੋਂ ਬੈਠਿਆਂ ਦਿਸਦੇ ਹਨ।



Sri Satguru Jagjit Singh Ji eLibrary NamdhariElibrary@gmail.com

# ਸਾਂਦਲ ਬਾਰ ਅਤੇ ਸ਼ੇਖ਼ੂਪੁਰਾ

ਸ਼ਾਹਦਰੇ ਤੋਂ ਸ਼ੇਖ਼ੂਪੁਰੇ ਤੱਕ ਛੋਟੇ-ਛੋਟੇ ਸਟੇਸ਼ਨ ਆਉਂਦੇ ਹਨ, ਪ੍ਰੰਤੂ ਮੈਨੂੰ ਨਾਮ ਚੀਚੋਂ ਕੀ ਮਲੀਆ ਦਾ ਹੀ ਚੇਤੇ ਰਿਹਾ। ਸਾਡੇ ਵਿਰਕੈਤ ਦੇ ਇਸ ਇਲਾਕੇ ਵਿੱਚ ਤੇਰਾ ਮਲੀਆਂ ਸਨ, ਇਹ ਇਨ੍ਹਾਂ ਵਿੱਚੋਂ ਇਕ ਸੀ। ਇਸ ਤੋਂ ਅੱਗੇ ਥੋੜ੍ਹਾ ਸਮਾਂ ਗੱਡੀ ਸ਼ੇਖ਼ੂਪੁਰਾ ਸ਼ਹਿਰ ਦੇ ਸਟੇਸ਼ਨ 'ਤੇ ਰੁਕੀ। ਇਕ ਸਟੇਸ਼ਨ ਸ਼ੇਖ਼ੂਪੁਰਾ ਕਿਲ੍ਹਾ ਵੀ ਸੀ। ਬਾਦਸ਼ਾਹ ਜਹਾਂਗੀਰ ਦਾ ਬਚਪਨ ਦਾ ਨਾਮ ਸ਼ੇਖੂ ਸੀ ਅਤੇ ਇਸ ਦੀ ਪਾਲਣਾ ਇਸੇ ਇਲਾਕੇ ਵਿੱਚ ਹੋਈ, ਜਿਸ ਨੂੰ ਸਾਂਦਲ ਬਾਰ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਵੀ ਆਪਣੇ ਤੁਖਾਰੀ ਰਾਗ ਦੇ ਬਾਰਾਂਮਾਹਾ ਵਿੱਚ ਆਪਣੇ ਇਸ ਇਲਾਕੇ ਵਾਸਤੇ ਬਾਰ ਸ਼ਬਦ ਦਾ ਉਪਯੋਗ ਕਰਦੇ ਹਨ :-

**"ਟੀਡੁ ਲਵੈ ਮੰਝਿ ਬਾਰੇ"- ਪੰਨਾ 1108, ਸ੍ਰੀ ਆਦਿ ਗ੍ਰੰਥ**

ਬਾਰ ਦਾ ਅਰਥ ਜੰਗਲ, ਰੋਹੀ, ਬੀਆਬਾਨ, ਝਾੜ-ਬੂਟ ਵਾਲਾ ਇਲਾਕਾ ਹੈ। ਲੋਕ ਗੀਤਾਂ ਵਿੱਚ ਇਸ ਦਾ ਵਾਹਵਾ ਵਰਣਨ ਮਿਲਦਾ ਹੈ :-

**ਚਿੜੀਆਂ ਵੇ ਦੋ ਬਾਰ ਦੀਆਂ।**
**ਰੱਜ ਕੇ ਨਾ ਡਿੱਠੀਆਂ ਅੱਖੀਂ ਸਾਂਵਲ ਯਾਰ ਦੀਆਂ।**

ਇਹ ਭੱਟੀਆਂ ਦਾ ਇਲਾਕਾ ਸੀ। ਰਵਾਇਤ ਹੈ ਕਿ ਦੁੱਲੇ ਭੱਟੀ ਅਤੇ ਸ਼ਹਿਜ਼ਾਦੇ ਸ਼ੇਖ਼ੂ ਨੇ ਇਕੋ ਮਾਂ ( ਭਾਵ ਦੁੱਲੇ ਦੀ ਮਾਂ) ਦਾ ਦੁੱਧ ਚੁੰਘਿਆ ਸੀ। ਜਹਾਂਗੀਰ ਨੇ ਬਾਦਸ਼ਾਹ ਬਣਨ ਤੋਂ ਬਾਅਦ ਇੱਥੇ ਇਸ ਲਈ ਸ਼ੇਖ਼ੂਪੁਰਾ ਨਾਮ ਦਾ ਸ਼ਹਿਰ ਆਪਣੇ ਬਚਪਨ ਦੀ ਯਾਦ ਵਿੱਚ ਕਾਇਮ ਕੀਤਾ ਸੀ। ਸਮੇਂ ਦੇ ਰੰਗ ਵੇਖੋ ਦੋਵੇਂ ਬਚਪਨ ਦੇ ਲੰਗੋਟੀਏ ਬੇਲੀ ਇਕ ਨੂੰ ਵੱਡਿਆਂ ਹੋ ਕੇ ਤਖ਼ਤ ਮਿਲ ਗਿਆ ਤੇ ਦੂਜਾ ਦੁੱਲਾ ਰਾਜ ਦਾ ਬਾਗ਼ੀ ਬਣ ਗਿਆ ਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ ਲਾਹੌਰ ਵਿੱਚ ਉਹਨੂੰ ਜਾਨੋਂ ਮਾਰ ਦਿੱਤਾ ਗਿਆ। ਦੁੱਲੇ ਦੇ ਪਿਓ ਦਾ ਨਾਂ ਫਰੀਦ ਅਤੇ ਦਾਦੇ ਦਾ ਨਾਂ ਸਾਂਦਲ ਸੀ, ਇਸ ਲਈ ਇਹਨੂੰ ਸਾਂਦਲ ਬਾਰ ਜਾਂ ਦੁੱਲੇ ਦੀ ਬਾਰ ਵੀ ਕਿਹਾ ਜਾਂਦਾ ਹੈ। ਉਂਝ ਪੁਸਤਕ "ਸਾਂਦਲ ਬਾਰ ਦਾ ਇਤਿਹਾਸ ਵਿਰਕ ਅਤੇ ਹੋਰ" ਵਿੱਚ ਭਗਵੰਤ ਸਿੰਘ ਆਜ਼ਾਦ ਹੋਰਾਂ ਸਾਂਦਲ ਸ਼ਬਦ ਦੀਆਂ ਕਾਫ਼ੀ ਧਾਤੂਆਂ ਖੋਜ ਕੇ ਹੋਰ ਵੀ, ਜਿਵੇਂ ਕਿ ਸਮਤਲ ਪੱਧਰ ਇਲਾਕੇ ਤੋਂ ਵਿਗੜ ਕੇ ਸਾਂਦਲ। 'ਸੰਧਿਆ ਬਲ' ਰਾਤ ਸਮੇਂ ਦੇ ਹਮਲਾ ਕਰਨ ਵਾਲੇ ਲੋਕਾਂ ਤੋਂ ਵਿਗੜ ਕੇ ਸਾਂਦਲ ਇਕ ਪੌਰਾਣਿਕ ਰਿਖੀ, "ਸ਼ਾਂਡਿਲਯ" ਵੀ ਹੋਏ ਹਨ, ਉਨ੍ਹਾਂ ਦਾ ਵੀ ਇਹ ਤਪੋ ਸਥਾਨ ਹੋ ਸਕਦਾ ਹੈ। ਵਗ਼ੈਰਾ-ਵਗ਼ੈਰਾ--ਖੈਰ ਆਪਾਂ ਤੇ ਗੱਲ ਸ਼ੇਖ਼ੂਪੁਰਾ ਦੀਆਂ ਉੱਚੀਆਂ-ਲੰਮੀਆਂ ਵਿਸ਼ਾਲ ਹਵੇਲੀਆਂ ਤੇ ਦਰਵਾਜ਼ਿਆਂ ਵਾਲੇ ਸ਼ਹਿਰ ਅਤੇ ਕਿਲ੍ਹੇ ਦੀ ਕਰ ਰਹੇ ਸਾਂ। ਸ਼ੇਖ਼ੂਪੁਰੇ ਦੇ ਕਿਲ੍ਹੇ ਵਿੱਚ ਸਿੱਖ ਮਿਸਲਾਂ ਦੇ ਸਮੇਂ ਸ੍ਰ. ਅਮੀਰ ਸਿੰਘ ਭਿੱਖੀ ਜਾਂ ਉਨ੍ਹਾਂ ਦੇ ਵੰਸ਼ਜਾਂ ਦਾ ਕਬਜ਼ਾ ਸੀ। ਇਹ



Sri Satguru Jagjit Singh Ji eLibrary NamdhariElibrary@gmail.com

ਅਮੀਰ ਸਿੰਘ ਟੈਕਸ ਦੇ ਤੌਰ 'ਤੇ ਬਾਰ ਵਿੱਚ ਚਰਨ ਵਾਲੇ ਹਰ ਪਸ਼ੂ ਪਿੱਛੇ ਇਕ ਛੰਨਾ ਘਿਓ ਦਾ ਲਿਆ ਕਰਦੇ ਸਨ, ਜਿਸ ਨੂੰ ਤਿਣੀ ਆਖਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਵਿਰਕ ਸਰਦਾਰਾਂ ਤੋਂ ਬੜੀ ਭਾਰੀ ਜੱਦੋ-ਜਹਿਦ ਬਾਅਦ ਇਹ ਕਿਲ੍ਹਾ ਹਾਸਲ ਕੀਤਾ ਸੀ। ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਆਪਣੇ ਇਤਿਹਾਸਕ ਗ੍ਰੰਥ "ਸਰਕਾਰ ਖਾਲਸਾ" ਵਿੱਚ ਲਿਖਦੇ ਹਨ:--

ਅਠਾਰਾਂ ਦਿਨ ਲੜਾਈ ਦਾ ਜ਼ੋਰ ਰਿਹਾ<br>
ਵਿਰਕਾਂ ਬੜੀ ਦਲੇਰੀ ਵਿਖਾਈ ਸੀ ਜੀ।<br>
ਓੜਕ ਸਿੰਘ ਰਣਜੀਤ ਨੇ ਖਾ ਗੁੱਸਾ,<br>
ਤੋਪ ਭੰਗੀਆਂ ਵਾਲੀ ਮੰਗਾਈ ਸੀ ਜੀ।<br>
ਬੰਨ੍ਹ ਦਮਦਮਾ ਬੀੜ ਕੇ ਤੋਪ ਉੱਚੀ,<br>
ਸਿੱਧੀ ਕਿਲ੍ਹੇ ਨੂੰ ਕਰ ਚਲਾਈ ਸੀ ਜੀ।<br>
ਗੜਗਹਾਟ ਹੋਈ ਪਿਆ ਸ਼ੋਰ ਭਾਰਾ,<br>
ਢੱਠੀ ਕਿਲ੍ਹੇ ਦੀ ਦੱਖਣੀ ਬਾਹੀ ਸੀ ਜੀ।<br>
ਫੜੇ ਗਏ ਸਰਦਾਰ ਕਰਤਾਰ ਸਿੰਘਾ,<br>
ਪਈ ਸ਼ਹਿਰ ਦੇ ਵਿੱਚ ਦੁਹਾਈ ਸੀ ਜੀ।

ਅੰਗਰੇਜ਼ ਹੱਥੋਂ ਹੋਈ ਸਿੱਖ ਸੈਨਾ ਦੀ ਹਾਰ ਤੋਂ ਬਾਅਦ, ਨਾਬਾਲਿਗ ਮਹਾਰਾਜੇ ਦਲੀਪ ਸਿੰਘ ਦੀ ਮਾਤਾ ਅਤੇ ਸ਼ੇਰੇ ਪੰਜਾਬ ਦੀ ਵਿਧਵਾ ਮਹਾਰਾਣੀ ਜਿੰਦ ਕੌਰ ਨੂੰ ਵੀ ਅੰਗਰੇਜ਼ਾਂ ਨੇ ਇਸੇ ਸ਼ੇਖ਼ੂਪੁਰੇ ਦੇ ਕਿਲ੍ਹੇ ਵਿੱਚ ਕੈਦ ਕੀਤਾ ਸੀ ਲਾਹੌਰ ਤੋਂ ਲਿਜਾ ਕੇ।

ਮਾਈਸਰ ਖਾਨੇ ਵਾਲੀ ਮਾਈ ਅਤਰੀ ਜੋ ਗੁਰੂ ਬਚਨ ਦੀ ਪਾਲਣਾ ਨਾ ਕਰਨ ਸਦਕਾ ਫਿਟਕ ਗਈ ਸੀ ਅਤੇ ਜਿਸ ਨੂੰ ਨਾਮਧਾਰੀ ਸਿੰਘਾਂ ਨੇ 1904 ਈ ਵਿੱਚ ਸੋਧ ਦਿੱਤਾ ਸੀ, ਉਸ ਦਾ ਇਕ ਕਾਤਲ ਕਿਸ਼ਨ ਸਿੰਘ ਪਿੰਡ ਵਰਨ ਜਦੋਂ ਫੜਿਆ ਗਿਆ ਤਾਂ ਕਈ ਚਿਰ ਉਹ ਸ਼ੇਖ਼ੂਪੁਰੇ ਦੀ ਜੇਲ੍ਹ ਵਿੱਚ ਰਿਹਾ ਸੀ, ਜਿਸ ਲਈ ਰੋਜ਼ ਸੋਧ ਦਾ ਪ੍ਰਸ਼ਾਦਾ ਪਹੁੰਚਾਉਣ ਦੀ ਸੇਵਾ, ਮੇਰੇ ਦਾਦਾ ਸੰਤ ਜਿਊਣ ਸਿੰਘ ਝੱਬਰ ਛੇ ਮਹੀਨੇ ਲਗਾਤਾਰ ਕਰਦੇ ਰਹੇ ਸਨ। ਗੱਡੀ ਬਹੁਤ ਹੌਲੀ-ਹੌਲੀ ਚੱਲ ਰਹੀ ਸੀ ਅਤੇ ਅਸੀਂ ਯਾਦਾਂ ਦੇ ਮਾਨ ਸਰੋਵਰ ਵਿੱਚ ਤਾਰੀਆਂ ਲਾਉਂਦੇ ਜਾ ਰਹੇ ਸਾਂ।

ਜ਼ਿਲ੍ਹਾ ਸ਼ੇਖ਼ੂਪੁਰਾ ਦੇ ਪਿੰਡਾਂ ਦਾ ਦ੍ਰਿਸ਼ ਕੁਝ ਉਹੋ ਜਿਹਾ ਸੀ ਜਿਹੋ ਜਿਹਾ ਕੁਝ 40-50 ਵਰ੍ਹੇ ਪਹਿਲਾਂ ਸਾਡੇ ਇਧਰਲੇ ਪਿੰਡਾਂ ਦਾ ਹੁੰਦਾ ਸੀ। ਕੋਠੇ ਤਕਰੀਬਨ ਕੱਚੇ। ਕੋਈ ਵੀ ਵੱਡਾ ਬੂਹਾ ਲੱਕੜ ਜਾਂ ਲੋਹੇ ਦਾ ਬਣਿਆ ਨਹੀਂ, ਸਗੋਂ ਬੂਹਿਆਂ ਅੱਗੇ ਤਾਂ ਗੱਡੇ ਵਗ਼ੈਰਾ ਤੇ ਜਾਂ ਫਿਰ ਦੋ ਕੁ ਲੰਮੀਆਂ ਲੱਕੜਾਂ ਦਿੱਤੀਆਂ ਤਾਂ ਕਿ ਬਿਗਾਨਾ ਮਾਲ ਪਸ਼ੂ ਨਾ ਆਏ।



Sri Satguru Jagjit Singh Ji eLibrary NamdhariElibrary@gmail.com

ਉਂਜ ਗੱਡਾ ਵੀ ਕਿਸੇ ਕਰਮਾਂ ਵਾਲੇ ਘਰ ਹੀ ਸੀ। ਜ਼ਿਆਦਾਤਰ ਲੋਕਾਂ ਦੇ ਵਿਹੜਿਆਂ ਵਿੱਚ ਗੱਦੋਂ, ਖੋਤੀਆਂ ਹੀ ਖਲੋਤੀਆਂ ਦਿੱਸੀਆਂ। ਕਈ ਹਿੰਮਤੀ ਸਵੇਰੇ-ਸਵੇਰੇ ਪੱਠਿਆਂ ਦਾ ਲੱਦਾ ਲਈ ਆ ਰਹੇ ਸਨ, ਕਈ ਅਜੇ ਵਾਰਿਸ ਸ਼ਾਹ ਦੇ ਸ਼ਬਦਾਂ ਵਿੱਚ ਗੁਸਲ ਨੂੰ ਦੌੜੇ ਜਾ ਰਹੇ ਸਨ। ਜਿੱਥੋਂ-ਜਿੱਥੋਂ ਵੀ ਸਾਡੀ ਗੱਡੀ ਲੰਘ ਰਹੀ ਸੀ ਬੱਚੇ, ਬੁੱਢੇ, ਤ੍ਰੀਮਤਾਂ, ਗੱਭਰੂ ਸਭ ਕਤਾਰਾਂ ਬੰਨ੍ਹੀ ਖਲੋਤੇ ਸਨ। ਕਈ ਆਪਣੇ ਵਿਹੜਿਆਂ ਵਿੱਚੋਂ ਹੱਥ ਹਲਾ-ਹਲਾ ਕੇ ਅੱਧੀ ਸਦੀ ਪਹਿਲੋਂ ਹੋਈ ਦੋਹਾਂ ਮੁਲਕਾਂ ਦੀ ਵੰਡ ਨੂੰ ਦੁਰ ਫਿਟੇ ਮੂੰਹ ਕਹਿ ਰਹੇ ਸਨ। ਪਹਾੜੀ ਕਿੱਕਰ ਕਾਫ਼ੀ ਸਨ। ਭੋਇੰ ਕਲਰਾਠੀ ਜਿਹੀ ਸੀ।

ਝਨਾਂ ਵਿੱਚੋਂ ਨਿਕਲ਼ੀ ਨਹਿਰ ਗੋਗੀਰਾਂ ਬ੍ਰਾਂਚ ਕਾਫ਼ੀ ਵੱਡੀ ਨਹਿਰ ਸੀ, ਤਕਰੀਬਨ ਇਕ ਕਿੱਲੇ ਵਿੱਚ ਇਸਦਾ ਪਾੜ ਸੀ। ਇਸੇ ਨਹਿਰ ਤੋਂ ਲੰਘਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਸ੍ਰ. ਕੁਲਵੰਤ ਸਿੰਘ ਵਿਰਕ ਦੀ ਕਹਾਣੀ “ਮੁਰਦੇ ਦੀ ਤਾਕਤ” ਚੇਤਿਆਂ ਵਿੱਚ ਉਭਰੀ। ਇਸ ਨਹਿਰ ਵਿੱਚ ਇਕ ਮੁਰਦਾ ਰੁੜ੍ਹਿਆ ਜਾਂਦਾ ਹੈ ਤੇ ਉਸਨੂੰ ਵੇਖਣ ਵਾਲੇ ਜਦੋਂ ਉਹਦੇ ਦੂਜੇ ਧਰਮ ਨਾਲ ਸਬੰਧਿਤ ਹੋਣ ਬਾਰੇ ਪੱਕ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ ਕਿ ਚਲੋ ਮਰਨ ਵਾਲਾ ਸਾਡੇ ਧਰਮ ਦਾ ਤਾਂ ਨਹੀਂ ਸੀ। ਇਹੋ ਮੁਰਦੇ ਦੀ ਤਾਕਤ ਜਿਊਂਦੇ ਲੋਕਾਂ ਲਈ ਬਚੀ ਸੀ। ਨਹਿਰ ਕੱਚੀ ਹੀ ਸੀ ਤੇ ਆਲੇ-ਦੁਆਲੇ ਝਾੜ-ਬੂਟ ਸਰਕੜਾ ਕਾਫ਼ੀ ਸੀ ਅਤੇ ਛੋਟੀਆਂ ਨਹਿਰਾਂ ਵੀ ਨਾਲ-ਨਾਲ ਜਾ ਰਹੀਆਂ ਸਨ।



Sri Satguru Jagjit Singh Ji eLibrary NamdhariElibrary@gmail.com

## ਜੇ.ਪੀ. ਵਾਰਬਰਟਨ ਦੇ ਨਾਂ 'ਤੇ ਵੱਸਿਆ-ਕਸਬਾ ਵਾਰਬਰਟਨ

ਹੁਣ ਅਸੀਂ ਵਾਰਬਰਟਨ ਮੰਡੀ ਦੇ ਕੋਲੋਂ ਲੰਘ ਰਹੇ ਸਾਂ। ਇਹ ਮੰਡੀ ਜੇ.ਪੀ.ਵਾਰਬਰਟਨ, ਜੋ ਐਂਗਲੋ ਇੰਡੀਅਨ ਸੀ ਅਤੇ ਢੇਰ ਚਿਰ ਲੁਧਿਆਣੇ ਜ਼ਿਲ੍ਹੇ ਦਾ ਪੁਲੀਸ ਮੁਖੀ ਰਿਹਾ ਸੀ, ਉਸ ਨੇ ਸੇਵਾ ਮੁਕਤ ਹੋ ਕੇ ਵਸਾਈ ਸੀ। ਸਰਕਾਰ ਬਰਤਾਨੀਆਂ ਨੇ ਆਪਣੇ ਬਾਗ਼ੀ ਕੂਕਿਆਂ ਨੂੰ ਸਖ਼ਤੀ ਨਾਲ ਦਬਾਉਣ ਲਈ ਕੀਤੀਆਂ ਉਸਦੀਆਂ ਖਿਦਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਸਨੂੰ ਇਸ ਜਗ੍ਹਾ ਚੋਖੇ ਮੁਰੱਬੇ ਜਮੀਨ ਦੇ ਕੇ ਨਿਵਾਜਿਆ ਸੀ। ਜਿੱਥੇ ਉਹ ਆਪ ਬੜਾ ਕਠੋਰ ਦਿਲ ਸੀ, ਉਸ ਦੀ ਮੇਮ ਬੜੀ ਨੇਕ ਦਿਲ ਸੀ ਅਤੇ ਰਾਇਪੁਰੀਏ ਦਰਬਾਰਾ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿਖੇ ਹੋਣ ਦੀ ਦੱਸ ਇਸੇ ਮੇਮ ਤੋਂ ਪਈ ਸੀ। ਮੇਰੇ ਚੇਤਿਆਂ ਵਿੱਚ 2010 ਬਿਕਰਮੀ ਦੇ ਸਤਿਜੁਗ ਦੇ ਬਸੰਤ ਅੰਕ ਵਿੱਚ ਛਪੀ ਆਪਣੇ ਮਾਮੇ ਨਿਰੰਜਨ ਸਿੰਘ ਮ੍ਰਿਗੇਸ਼ ਦੀ ਕਵਿਤਾ " ਰਾਮ ਦੀ ਭਾਲ" ਦੀਆਂ ਤੁਕਾਂ ਘੁੰਮਣ ਲੱਗੀਆਂ:--

ਇੰਡੀਅਨ ਐਂਗਲੋ ਪੁਲਸ ਕਪਤਾਨ ਲੱਗਾ,
ਲੁਧਿਆਣੇ ਦੇ ਵਿੱਚ ਜ਼ਰੂਰ ਹੈ ਸੀ।
ਬਾਰ ਬਟਣ ਸੀ ਆਖਦੇ ਨਾਮ ਉਸਦਾ,
ਜ਼ਾਲਮ ਨੀਚ ਇਨਸਾਨ ਤੋਂ ਦੂਰ ਹੈ ਸੀ।
ਅੰਨ੍ਹਾ ਆਦਮੀ ਗਵਾਹ ਭੁਗਤਾਏ ਦਿੱਤਾ,
ਖੁੱਲ੍ਹਾ ਪਾਜ ਐਸਾ ਬੇਸ਼ਹੂਰ ਹੈ ਸੀ।

--------------------------------

ਫਿਰ ਵੀ ਸ਼ਰਮ ਨਾ ਆਂਵਦੀ ਏਸ ਤਾਂਈ,
ਮਨ ਘੜਤ ਹੀ ਦੋਸ਼ ਲਗਾਏ ਕਈ।
ਅਹਿਮਦ ਸ਼ਾਹ, ਔਰੰਗ, ਮਹਿਮੂਦ ਵਾਂਗੂੰ,
ਕਰਕੇ ਜ਼ੁਲਮ ਗ਼ਰੀਬ ਸਤਾਏ ਕਈ।
ਬੱਚੇ ਉਮਰ ਮਾਸੂਮ ਤੇ ਔਰਤਾਂ ਵੀ,
ਅੱਗੇ ਤੋਪ ਦੇ ਧਰ ਉਡਾਏ ਕਈ।
ਬਹੁਤੇ ਬੇਗੁਨਾਹਾਂ ਗਲ ਪਾਈ ਫਾਂਸੀ।
ਸੂਲੀ ਵਾਂਗ ਮਨਸੂਰ ਚੜ੍ਹਾਏ ਕਈ।
ਯੋਰਪੀਨ ਘਰ ਏਸ ਦੇ ਮੇਮ ਹੈ ਸੀ,
ਨੇਕ ਦਿਲ ਇਨਸਾਫ ਵਿਚਾਰ ਵਾਲੀ।



Sri Satguru Jagjit Singh Ji eLibrary NamdhariElibrary@gmail.com

ਕੀਤਾ ਦਰਸ ਉਸਨੇ ਚੀਨੀ ਵਾਲੜੇ ਦਾ,
ਖਿੜ ਪਈ ਕਲੀ ਉਹ ਭੌਰ ਦੀਦਾਰ ਵਾਲੀ।

---

ਬਾਬਾ ਗਿਆ ਦਰਬਾਰਾ ਸਿੰਘ ਲੁਧਿਆਣੇ,
ਰਾਏਪੁਰ ਦਾ ਖ਼ਾਸ ਵਸਨੀਕ ਹੈ ਸੀ।
ਪੰਥਕ ਮਾਮਲੇ ਕੁੱਲ ਨਜਿੱਠਣੇ ਲਈ,
ਕੀਤਾ ਗੁਰਾਂ1 ਨੀਯਤ ਉਸਨੂੰ ਠੀਕ ਹੈ ਸੀ।
ਬਾਰ ਬਟਣ ਨੇ ਸੱਦਿਆ ਓਸ ਤਾਈਂ,
ਕਰਨਾ ਕੰਮ ਕੋਈ ਤਸਦੀਕ ਹੈ ਸੀ।
ਗੱਲਾਂ ਕਰਦਿਆਂ ਸਦਾ2 ਦੇ ਲਾਲ ਵਾਲਾ,
ਸਾਰਾ ਖੋਲ੍ਹਿਆ ਹਾਲ ਹਕੀਕ ਹੈ ਸੀ।
ਭਰਿਆ ਵਾਂਗ ਫੋੜੇ ਦਿਲ ਦਰਦ ਹੈ ਸੀ,
ਵੱਜੀ ਸੱਟ ਵੈਰਾਗ ਝੱਟ ਖੁੱਲ੍ਹ ਗਿਆ।
ਬੱਝੀ ਬ੍ਰਿਹੋਂ ਦੀ ਅੱਗ ਸੀ ਭੜਕ ਉੱਠੀ,
ਘਿਓ ਆਣ ਅੰਗਾਰ 'ਤੇ ਡੁੱਲ੍ਹ ਗਿਆ।
ਉੱਠੀ ਦਿਲ ਦਰਿਆ ਥੀਂ, ਲਹਿਰ ਜਦੋਂ,
ਉਥੇ ਮਹਿਕਮਾ ਸਾਫ਼ ਹੋ ਕੁੱਲ ਗਿਆ।
ਪੱਥਰ ਦਿਲ ਢਲ ਮੋਮ ਦੇ ਵਾਂਗ ਬਣ ਗਏ,
ਅਤੇ ਨੈਣਾਂ ਤੋਂ ਨੀਰ ਅਛੁੱਲ ਗਿਆ।
ਮੇਮ ਵੇਖਕੇ ਹਾਲ ਨਾ ਜਰ ਸੱਕੀ,
ਝੱਟ ਵਾਂਗ ਪਤੰਗ ਨਿਸ਼ੰਗ ਹੋ ਗਈ।
ਗੱਜੀ ਸ਼ੇਰਨੀ ਜਦੋਂ ਮੈਦਾਨ ਅੰਦਰ,
ਚਾਲ ਸਾਹਿਬ ਦੀ ਵਾਂਗ ਕੁਰੰਗ ਹੋ ਗਈ।
ਸੁਣਕੇ ਬੇਇਨਸਾਫ਼ ਦਿਲ ਤਰਸ ਆਇਆ,
ਸੁਖਨ ਸਾਹਿਬ ਦੇ ਸੁਣਦਿਆਂ ਤੰਗ ਹੋ ਗਈ।
ਦੜ ਵੱਟ ਖਰਗੋਸ਼3 ਖਾਮੋਸ਼ ਹੋਇਆ,
ਪਾਪ ਹਰਨ ਭਗੀਰਥੀ ਗੰਗ ਹੋ ਗਈ।

ਨੋਟ : 1. ਗੁਰੂ ਹਰੀ ਸਿੰਘ ਜੀ, 2. ਸਤਿਗੁਰੂ ਰਾਮ ਸਿੰਘ ਜੀ ਦੀ ਮਾਤਾ ਦਾ ਨਾਂ ਸਦਾ ਕੌਰ ਸੀ, 3. ਵਾਰਬਟਨ



Sri Satguru Jagjit Singh Ji eLibrary NamdhariElibrary@gmail.com

ਘਰ ਦੈਂਤ ਦੇ ਪੁੱਤ ਪ੍ਰਹਿਲਾਦ ਜਿਵੇਂ,
ਰਾਮ ਨਾਮ ਦਾ ਕਰਨ ਉਪਦੇਸ਼ ਆਈ।
ਜਾਂ ਉਹ ਆਪ ਅਕਾਲ ਦੀ ਖੇਡ ਹੈ ਸੀ,
ਚੀਨੀ ਵਾਲੇ ਦਾ ਦੇਣ ਸੰਦੇਸ਼ ਆਈ।
ਕੌਤਕ ਰਚਕੇ ਸਵਾਂਗ ਬਣਾਏ ਬੈਠਾ,
ਜਾਂ ਇਹ ਨਵਾਂ ਉਹ ਸਾਜਕੇ ਭੇਸ ਆਈ।
ਖਾਤਰ ਦੇਸ਼ ਪ੍ਰਦੇਸ਼ ਮਿਰਗੇਸ਼ ਸਤਿਗੁਰ,
ਕਰਸੀ ਮੇਲ ਵਕੀਲ ਬਣ ਪੇਸ਼ ਆਈ।
ਬੋਲੀ ਨਾਲ ਜ਼ਬਾਨ ਰਸੀਲੜੀ ਦੇ,
ਜਿਸਨੂੰ ਸੁਣਦਿਆਂ ਚਿਤ ਅਨੰਦ ਹੋਵੇ।
ਊਧੋ ਦੱਸਿਆ ਹਾਲ ਜਿਉਂ ਗੋਪੀਆਂ ਦਾ,
ਮਿਲਿਆ ਆਪ ਜਿਉਂ ਆਣ ਮੁਕੰਦ ਹੋਵੇ।
ਖਿਜ਼ਾਂ ਰੁੱਤ ਦੇ ਵਿੱਚ ਬਸੰਤ ਖਿੜ ਪਈ,
ਦਿਸਿਆ ਜਿਵੇਂ ਚਕੋਰ ਨੂੰ ਚੰਦ ਹੋਵੇ।
ਖੁਸ਼ੀ ਨਾਲ ਨਾ ਮਿਉਂਦੀ ਵਿੱਚ ਜਾਮੇ,
ਮਿਲਿਆ ਰੰਕ ਨੂੰ ਤਖ਼ਤ ਬੁਲੰਦ ਹੋਵੇ।
ਜਾਗੇ ਭਾਗ ਬ੍ਰਹਮਾ ਦੇ ਵਾਸੀਆਂ ਦੇ,
ਕੋਹਿ ਨੂਰ ਜਿਉਂ ਨੂਰ ਫੈਲਾ ਬੈਠਾ।
ਪਾਰਸ ਛੋਂਹਦਿਆਂ ਲੋਹੇ ਨੂੰ ਕਰੇ ਸਿਉਂਨਾ,
ਚੰਨਣ ਬਿਰਛ ਜਿਉਂ ਨਿੰਮ ਮਹਿਕਾ ਬੈਠਾ।
ਬੱਦਲ ਉੱਡ ਗਏ ਦੇਸ਼ ਪੰਜਾਬ ਉੱਤੋਂ,
ਉਥੇ ਮਿਹਰ ਦਾ ਮੀਂਹ ਵਰਸਾ ਬੈਠਾ।
ਰੋਵਨ ਗੋਪੀਆਂ ਸ਼ਾਮ ਨੂੰ ਯਾਦ ਕਰ ਕਰ,
ਕਾਹਨ ਵੱਖਰੀ ਪੁਰੀ ਰਚਾ ਬੈਠਾ।
ਫਿਰਨ ਭਾਲਦੇ ਪਏ ਪੰਤਗ ਕਿਧਰੇ,
ਸ਼ਮ੍ਹਾਂ ਆਪਣੀ ਜੋਤ ਛੁਪਾ ਬੈਠਾ।
ਧਰਨ ਦੂਰ ਅਗਿਆਨ ਅੰਧੇਰ ਦੇ ਨੂੰ,
ਸੂਰਜ ਵਾਂਗ ਪ੍ਰਕਾਸ਼ ਖਿੰਡਾ ਬੈਠਾ।

ਇਸ ਸਮੇਂ ਦੀ ਪਈ ਦੱਸ ਪਾਰੋਂ ਹੀ, ਬਾਬਾ ਦਰਬਾਰਾ ਸਿੰਘ ਰੰਗੂਨ ਜਾ ਕੇ ਚੀਨੀ



Sri Satguru Jagjit Singh Ji eLibrary NamdhariElibrary@gmail.com

ਵਾਲੇ ਪਾਤਸ਼ਾਹ ਦੇ ਦਰਸ਼ਨ ਕਰਨ ਵਾਲੇ ਪਹਿਲੇ ਕੂਕੇ ਸਿੱਖ ਸਨ। ਨਾਮਧਾਰੀਆਂ ਦੇ ਇਤਿਹਾਸ ਵਿੱਚ ਕਾਵਨ ਦੀ ਮੇਮ ਜਿਉਂ ਬਟਨ ਦੀ ਮੇਮ ਦਾ ਨਾਉਂ ਵੀ ਹਮੇਸ਼ਾਂ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਏਗਾ। ਸਤਿਗੁਰੂ ਪ੍ਰਤਾਪ ਸਿੰਘ
ਜੀ ਨੇ ਬਾਰ ਦੇ ਇਕ ਦੌਰੇ ਸਮੇਂ ਬਿਰਧ ਹੋਏ ਬਾਰ ਬਟਨ ਨਾਲ ਮੁਲਾਕਾਤ ਕੀਤੀ ਸੀ ਇੱਥੇ ਇਸੇ ਕਸਬੇ ਬਾਰ ਬਟਨ ਵਿੱਚ ਆ ਕੇ। ਮੇਰੇ ਪਿਤਾ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ, ਦੱਸਿਆ ਕਰਦੇ ਸਨ ਕਿ ਸਤਿਗੁਰੂ ਜੀ ਨੇ ਉਸ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦੇ ਜ਼ਬਤ ਹੋਏ ਹੁਕਮਨਾਮਿਆਂ ਦਾ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ, ਪਰ ਉਹ ਇਹ ਕਹਿ ਕੇ ਟਾਲ ਗਿਆ ਕਿ ਮੈਂ ਇਹਨਾਂ ਦਾ ਸੁਬਹਾ ਸ਼ਾਮ ਨਿੱਤਨੇਮ ਜਿਉਂ ਪਾਠ ਕਰਦਾ ਹਾਂ ਕਿਸੇ ਨੂੰ ਨਹੀਂ ਵਿਖਾਉਂਦਾ। ਸ਼ਾਇਦ ਉਦੋਂ ਤੱਕ ਉਹ ਹੁਕਮਨਾਮੇ ਵਲਾਇਤ ਭੇਜ ਚੁੱਕਾ ਹੋਵੇ। ਭਾਈ ਸੁਰਜੀਤ ਸਿੰਘ 'ਜੀਤ' ਹੋਰਾਂ ਨੂੰ ਉੱਥੇ ਵਲਾਇਤ ਵਿੱਚ ਇਹਨਾਂ ਦੀ ਖੋਜ ਕਰਨੀ ਚਾਹੀਦੀ ਹੈ।

ਮੋਗੇ ਦੇ ਇਲਾਕੇ ਵਿੱਚ 'ਕਾਕਾ ਪ੍ਰਤਾਪੀ'ਦਾ ਇਕ ਰੋਮਾਂਟਿਕ ਕਿੱਸਾ ਵੀ ਹੋਇਆ ਹੈ। ਪ੍ਰਤਾਪੀ ਨੂੰ ਮਾਰ ਕੇ ਟਿੱਬਿਆਂ ਵਿੱਚ ਨੱਪ ਦਿੱਤਾ ਗਿਆ ਸੀ। ਉਥੋਂ ਉਸ ਦੀਆਂ ਹੱਡੀਆਂ ਬਾਰ ਬਟਨ ਨੇ ਹੀ ਲੱਭੀਆਂ ਸਨ ਮੁਕਦਮਾ ਚਲਾਉਣ ਲਈ। ਤਦੇ ਹੀ ਤਾਂ ਲੋਕ ਬੋਲੀ ਹੈ:--

**ਹੱਡ ਪਰਤਾਪੀ ਦੇ ਬਟਨ ਸਾਹਿਬ ਨੇ ਟੋਲੇ।**

ਇਧਰ ਬਾਰ ਦੇ ਇਲਾਕੇ ਵਿੱਚ ਵੀ ਬਟਨ ਪੁਰਾਣੀਆਂ ਚੋਰੀਆਂ 50-100 ਸਾਲ ਤੱਕ ਦੀਆਂ ਲੱਭਣ ਵਿੱਚ ਵੀ ਦੱਸਦੇ ਹਨ ਸਫ਼ਲ ਹੋਇਆ ਸੀ ਭਾਵੇਂ ਇਹ ਉਸਦਾ ਪੰਚਾਇਤੀ ਢੰਗ ਹੀ ਸੀ। ਪੰਜਾਬੀ ਸੱਭਿਆਚਾਰ ਨੇ ਆਪਣੀ ਝੋਲੀ ਵਿੱਚ ਪਾ ਕੇ ਇਸ ਵਿਦੇਸ਼ੀ ਕਿਰਦਾਰ ਨੂੰ ਅਲੋਪ ਹੋਣ ਤੋਂ ਬਚਾ ਲਿਆ।

ਤਕਰੀਬਨ 9-10ਵਜੇ ਦੇ ਦਰਮਿਆਨ ਸੁਬਹ 2 ਨਵੰਬਰ ਨੂੰ ਮਟਕ-ਮਟਕ ਤੁਰਦੀ ਸਾਡੀ ਰੇਲ ਗੱਡੀ ਨਨਕਾਣਾ ਸਾਹਿਬ ਦੇ ਸਟੇਸ਼ਨ 'ਤੇ ਅੱਪੜੀ। ਇਸ ਗੱਡੀ ਨੇ ਪੁਰਾਣੇ ਲੋਕ ਗੀਤ ਝੂਠੇ ਕਰ ਦਿੱਤੇ ਸਨ। ਕਿਉਂਕਿ 'ਯਾਰ ਦੀ ਤਰੀਕੇ ਜਾਣ' ਵਾਲੇ ਕਿਸੇ ਨੇ ਟਾਂਗੇ ਨੂੰ ਛੇਤੀ-ਛੇਤੀ ਟੋਰਨ ਲਈ ਕਿਹਾ ਤਾਂ ਉਹਦਾ ਸੁਆਲ ਸੀ:-

**ਸਾਡੇ ਯੱਕੇ ਨੇ ਮਟਕ ਨਾਲ ਤੁਰਨਾ,**
**ਕਾਹਲੀ ਏ ਤਾਂ ਰੇਲ ਚੜ੍ਹ ਜਾ।**

ਸਟੇਸ਼ਨ 'ਤੇ ਉਤਰ ਕੇ ਮੂੰਹ ਹੱਥ ਧੋ ਕੇ ਸਮਾਨ ਇਕ ਖੱਚਰ ਰੇਹੜੇ 'ਤੇ ਲੱਦ ਕੇ ਪਹੁੰਚ ਗਏ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ, ਸ਼ਹਿਰ ਦੇ ਮੇਨ ਬਾਜ਼ਾਰ ਵਿੱਚ ਵਾਹਵਾ ਰੌਣਕ ਸੀ ਗੁਰਪੁਰਬ 'ਤੇ ਆਏ ਸਿੱਖ ਯਾਤਰੂਆਂ ਦੇ ਦਰਸ਼ਨ ਦੀਦਾਰੇ ਕਰਨ ਦਾ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਵੱਡਾ ਚਾਉ ਅਤੇ ਉਮਾਹ ਬਣਿਆ ਰਹਿੰਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਕਦੇ ਰਾਇ ਭੋਇ ਦੀ ਤਲਵੰਡੀ- ਹੁਣ ਨਨਕਾਣਾ ਸਾਹਿਬ

ਇਹ ਸੀ ਸਿੱਖ ਸੰਸਾਰ ਦਾ ਮੱਕਾ ਜਾਂ ਯੋਰੋਸਲਮ, ਜਿਥੇ 529 ਵਰ੍ਹੇ ਪਹਿਲਾਂ ਅਵਤਾਰ ਧਾਰ ਕੇ ਗੁਰੂ ਨਾਨਕ ਨੇ ਵਿਚਾਰਾਂ ਦੀ ਪਈ ਧੁੰਦ ਵਿੱਚੋਂ, ਸੱਚ ਦਾ ਸੂਰਜ, ਆਪਣੀ ਇਲਾਹੀ ਬਾਣੀ ਨਾਲ ਪ੍ਰਗਟ ਕੀਤਾ ਸੀ।

ਇਹ ਉਹੋ ਮੁਕੱਦਸ ਜਗ੍ਹਾ ਸੀ ਜਿੱਥੇ ਬਾਲ ਗੁਰੂ ਨਾਨਕ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਸਨ। ਪਹਿਲੀਆਂ ਕਿਲਕਾਰੀਆਂ ਮਾਰੀਆਂ ਸਨ। ਹੱਥ ਮੀਟੇ ਤੇ ਬੁੱਲ੍ਹ ਮਚਕੋੜੇ ਹੋਣਗੇ। ਜਿਥੇ ਉਹ ਪਹਿਲਾਂ ਗੋਡਿਆਂ ਭਾਰ ਰਿੜ੍ਹਿਆ ਅਤੇ ਫਿਰ ਨਿੱਕੀਆਂ-ਨਿੱਕੀਆਂ ਪਲਾਂਘਾ ਪੁੱਟਦਾ ਅਖੀਰ ਇਕ ਕਲਾਕਾਰ ਦੇ ਬਣਾਏ ਚਿੱਤਰ ਵਿੱਚ, ਇਕ ਪਲਾਂਘ ਵਿੱਚ ਹੀ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਇਥੇ ਹੀ ਬਾਬਾ ਹਾਣੀਆਂ ਨਾਲ ਲੁਕਣ ਮੀਟੀ, ਅੱਡੀ ਛੜੱਪਾ ਅਤੇ ਕਿਰਲ ਕਾਂਗਾ ਖੇਡਦਾ ਰਿਹਾ ਹੋਵੇਗਾ। ਇਥੇ ਹੀ ਪਿੰਡ ਦੇ ਮਾਲਕ ਰਾਏ ਬੁਲਾਰ ਭੱਟੀ ਨੇ ਇਸ ਵਿਲੱਖਣ ਸ਼ਖਸੀਅਤ ਵਾਲੇ ਬਾਲ ਦੀਆਂ ਅੱਖਾਂ ਵਿੱਚ ਜਗਤ ਜਲੰਦੇ ਲਈ ਇਕ ਕਲਿਆਣਕਾਰੀ ਸੋਚ ਪਲਦੀ ਵੇਖ ਕੇ, ਉਹਨੂੰ ਪਛਾਣ ਲਿਆ ਸੀ। ਇਹੋ ਉਹ ਥਾਂ ਸੀ ਜਿੱਥੇ ਬਾਬੇ ਨੇ ਛੋਟੀ ਉਮਰ ਵਿੱਚ, ਹਿੰਦਕੀ ਤੋਰਕੀ ਭਾਸ਼ਾਵਾਂ ਪੜ੍ਹੀਆਂ ਅਤੇ ਇਸ ਤਰ੍ਹਾਂ ਹਿੰਦੂ ਮੱਤ ਅਤੇ ਇਸਲਾਮ ਦੀਆਂ ਬੁਨਿਆਦੀ ਸਿੱਖਿਆਵਾਂ ਨੂੰ ਆਤਮ-ਸਾਤ ਕਰਕੇ ਫਿਰ ਇਸ ਨਿਰਨੇ 'ਤੇ ਪੁੱਜਾ ਕਿ ਧਰਮ ਗ੍ਰੰਥਾਂ ਦਾ ਸੱਚ, ਉਸ ਸੱਚ ਤੋਂ ਭਿੰਨ ਹੈ ਜਿਸ 'ਤੇ ਆਮ ਲੋਕ ਚੱਲ ਰਹੇ ਹਨ। ਧਰਮਾਂ ਵਿੱਚ ਆਈ ਜੜ੍ਹਤਾ ਨੂੰ ਤੋੜਣ ਲਈ ਬਾਬਾ ਇੱਥੋਂ ਹੀ ਘਰ ਛੱਡ ਕੇ ਤੁਰਿਆ ਸੀ। ਇਸੇ ਰਾਇ ਭੋਇੰ ਦੀ ਤਲਵੰਡੀ ਵਿੱਚ ਹੀ ਮਰਦਾਨੇ ਦੀ ਰਬਾਬ ਦੀਆਂ ਸੁਰਾਂ ਸੁਣਾ ਕੇ ਬਾਬੇ ਨੇ ਪਹਿਲੀ ਬਾਣੀ ਉਚਾਰੀ ਹੋਏਗੀ। ਨਨਕਾਣਾ ਸਾਹਿਬ ਵਿੱਚ ਹੀ ਭਾਈ ਬਾਲੇ ਦੇ ਖੂਹ ਦੇ ਅਵਸ਼ੇਸ਼ ਮੌਜੂਦ ਹੋਣੇ, ਉਨ੍ਹਾਂ ਇਤਿਹਾਸਕਾਰਾਂ ਦਾ ਮੂੰਹ ਚਿੜਾਉਂਦੇ ਹਨ, ਜੋ ਬਾਲੇ ਨੂੰ ਕੋਈ ਕਲਪਿਤ ਵਿਅਕਤੀ ਸਮਝਦੇ ਹਨ। ਅਖੇ ਭਾਈ ਗੁਰਦਾਸ ਨੇ ਜੂ ਉਹਦਾ ਨਾਂ ਨਹੀਂ ਲਿਖਿਆ, ਆਪਣੀਆਂ ਵਾਰਾਂ ਵਿੱਚ। ਉਹਨਾਂ ਭਾਣੇ ਅੰਤਿਮ ਸੱਚ ਭਾਈ ਗੁਰਦਾਸ ਹੋਰਾਂ 'ਤੇ ਆ ਕੇ ਰੁਕ ਜਾਂਦਾ ਹੈ। ਇਸੇ ਪਿੰਡ ਦੀ ਜੂਹ ਵਿੱਚ ਹੀ ਲੰਮੀਆਂ ਉਦਾਸੀਆਂ 'ਤੇ ਨਿਕਲੇ ਗੁਰੂ ਨਾਨਕ ਨੂੰ ਉਡੀਕ-ਉਡੀਕ ਕੇ ਬਾਪੂ ਕਾਲੂ ਅਤੇ ਬੇਬੇ ਤ੍ਰਿਪਤਾ ਨੇ ਆਪਣੇ ਦੀਦੇ ਗਾਲੇ ਹੋਣਗੇ ਤੇ ਇਸੇ ਜੂਹ ਵਿੱਚ ਘੁਲੀਆਂ ਹੋਣਗੀਆਂ ਗੁਰੂ ਪਤਨੀ ਸੁਲੱਖਣੀ ਦੀਆਂ ਸਿਸਕੀਆਂ, ਜਿਹੜੀ ਦੂੰਹ ਬੋਟਾਂ ਨੂੰ ਆਪਣੇ ਆਪਣੀ ਹਿਕੜੀ ਨਾਲ ਲਾ ਕੇ, ਤਾਰਿਆਂ ਤੋਂ ਪ੍ਰਦੇਸੀਆਂ ਦੇ ਮੁੜਣ ਦਾ ਰਾਹ ਪੁੱਛਦੀ ਰਹਿੰਦੀ ਹੋਵੇਗੀ। ਇਥੇ ਹੀ ਰਹਿੰਦੀ ਸੀ ਮਿਰਾਸੀ ਮਰਦਾਨੇ ਦੀ ਉਹ ਘਰ ਵਾਲੀ, ਜਿਹਦੇ ਬਾਰੇ ਪ੍ਰਦੇਸ ਵਿੱਚ ਮਰਦਾਨੇ ਦੇ ਫੌਤ ਹੋ ਜਾਣ 'ਤੇ ਬਾਬੇ ਨੇ ਹੌਕਾ ਭਰਿਆ ਸੀ



Sri Satguru Jagjit Singh Ji eLibrary NamdhariElibrary@gmail.com

ਮਰਦਾਨਿਆ ਮੈ ਘਰ ਜਾ ਕੇ ਕੀ ਦੱਸਾਂਗਾ ਤੇਰੀ ਮਿਰਾਸਣ ਨੂੰ ਜਦੋਂ ਉਸ ਪੁੱਛਿਆ, "ਨਾਨਕਾ! ਬੇਲੀ ਨੂੰ ਕਿੱਥੇ ਛੋੜ ਆਇਆ ਏਂ?"

ਇਥੇ ਸਾਡਾ ਨਿਵਾਸ ਗੁਰਦੁਆਰੇ ਦੀ ਦਰਸ਼ਨੀ ਡਿਉੜੀ ਵਿੱਚ ਵੜਦਿਆਂ ਸੱਜੇ ਹੱਥ ਜੋ ਗੁੰਬਦ ਹਨ, ਉਨ੍ਹਾਂ ਦੀ ਦੂਜੀ ਛੱਤ 'ਤੇ ਹੋਇਆ। ਮਿੱਟੀ ਕੱਚੀ ਦਾ ਹੇਠਾਂ ਪੋਚਾ ਫਿਰਿਆ ਸੀ ਕਮਰੇ ਦੇ ਫਰਸ਼ 'ਤੇ ਅਤੇ ਉੱਤੇ ਲੱਕੜਾਂ ਦੀ ਸੰਦੂਖੀ ਛੱਤ ਸੀ। ਦਰੀ ਇਕੋ ਹੀ ਮਿਲੀ। ਇਸ ਲਈ ਮੈਂ ਤੇ ਅਸਪਾਲ ਤਿੰਨ ਰਾਤਾਂ ਬਿਨਾਂ ਦਰੀ ਤੋਂ ਹੀ ਕੱਲਰ ਵਾਲੀ ਮਿੱਟੀ 'ਤੇ ਦੋ ਚਾਦਰਾਂ ਵਿਛਾ ਕੇ ਬਿਰਾਜਦੇ ਰਹੇ। ਦਿਨ ਭਰ ਤੁਰ ਫਿਰ ਕੇ ਏਨਾ ਥੱਕ ਜਾਈਦਾ ਸੀ ਕਿ ਰਾਤ ਨੂੰ ਨੀਂਦ ਇਸ ਤਰ੍ਹਾਂ ਆ ਜਾਂਦੀ ਸੀ ਜਿਵੇਂ ਕਿਸੇ ਮਖਮਲੀ ਬਿਸਤਰੇ 'ਤੇ ਪਏ ਹੋਈਏ। ਸੌਣ-ਬਹਿਣ ਦੀ ਥਾਂ ਤੋਂ ਪਖਾਨੇ ਤੇ ਇਸ਼ਨਾਨ ਦੀ ਜਗ੍ਹਾ ਵੀ ਵਾਹਵਾ ਦੂਰ ਸੀ, ਪਰ ਲੰਗਰ ਦੀ ਨਵੀਂ ਬਣੀ ਇਮਾਰਤ ਸਾਡੇ ਲਾਗੇ ਹੀ ਸੀ। ਜੈਸਾ ਸਾਫ਼ ਸਵੱਛ ਚਸ਼ਮੇ ਦਾ ਕੁੰਗੂ ਵਰਗਾ ਨਿਤਰਿਆ ਪਾਣੀ ਪੰਜੇ ਸਾਹਿਬ ਦਾ ਸੀ, ਉਹਦੇ ਮੁਕਾਬਲੇ ਇਥੋਂ ਦਾ ਪਾਣੀ ਭਾਰਾ ਸੀ ਅਤੇ ਭੁੱਖ ਘੱਟ ਲਾਉਂਦਾ ਸੀ। ਇਸ ਪਾਣੀ ਨਾਲ ਤਾਂ ਦਾਹੜੇ ਵਿੱਚੋਂ ਸਾਬਣ ਵੀ ਚੱਜ ਨਾਲ ਨਹੀਂ ਸੀ ਨਿਕਲਦਾ। ਸਰੋਵਰ ਕਾਫ਼ੀ ਵੱਡਾ ਸੀ। ਪਰ ਉਸ ਵਿੱਚ ਤਾਜ਼ਾ ਜਲ ਪਤਾ ਨਹੀਂ ਕਦੋਂ ਦਾ ਛੱਡਿਆ ਗਿਆ ਸੀ। ਉਸ ਵਿੱਚ ਪੂਰੇ ਪਏ ਹੋਏ ਸਨ।

ਸਾਮਾਨ ਟਿਕਾ ਕੇ, ਇਸ਼ਨਾਨ ਜਲ ਪਾਨ ਆਦਿ ਕਰਕੇ ਅਸੀਂ ਗੁਰਦੁਆਰਾ ਜਨਮ ਸਥਾਨ ਦੇ ਮੁੱਖ ਦੁਆਰ ਤੋਂ ਫਿਰ ਬਾਹਰ ਨਿਕਲੇ। ਬਾਹਰ ਸੈਂਕੜਿਆਂ ਦੀ ਗਿਣਤੀ ਵਿੱਚ ਮੁਸਲਮਾਨ ਸੱਜਣ ਖਲੋਤੇ ਸਨ, ਜੋ ਇਧਰੋਂ ਉਨ੍ਹਾਂ ਦੇ ਪਿੰਡਾਂ ਵਿੱਚੋਂ ਗਏ ਜਾਂ ਉਧਰਲੇ ਪੰਜਾਬ ਵਿਚਲੇ ਉਹਨਾਂ ਦੇ ਪਿੰਡਾਂ ਵਿੱਚੋਂ ਆਏ ਸਿੱਖ ਯਾਤਰੀਆਂ ਨਾਲ ਰਾਬਤਾ ਕਾਇਮ ਕਰਨ ਲਈ ਡਾਢੇ ਉਤਾਵਲੇ ਸਨ ਤਾਂ ਕਿ ਪੁਰਾਣੀਆਂ ਸਾਂਝਾਂ ਸਿਆਣਾਂ ਅਤੇ ਯਾਦਾਂ ਨੂੰ ਪੁਨਰ ਜੀਵਤ ਕੀਤਾ ਜਾ ਸੱਕੇ। ਅਣਵੰਡੇ ਪੰਜਾਬ ਦੀ ਰੂਹ ਇੱਥੇ ਫੜਫੜਾਉਂਦੀ ਨਜ਼ਰ ਆਉਂਦੀ ਹੈ।

ਸਾਡੇ ਕੋਲ ਇੱਥੋਂ ਨੇੜੇ ਦੇ ਹੀ ਪਿੰਡ ਬੱਢੇ ਦੇ ਆਸ਼ਕ ਮਨੇਸ਼ ਨੂੰ ਦੇਣ ਲਈ ਇਕ ਖ਼ਤ ਸੀ ਜੋ ਕਰੀਵਾਲੇ ਤੋਂ ਸੇਠ ਕੁੰਦਨ ਸਿੰਘ ਝੱਬਰ, ਸੇਵਾ ਸਿੰਘ ਵਕੀਲ ਅਤੇ ਕਾਮਰੇਡ ਬਲਰਾਜ ਸਿੰਘ ਬਣੀ ਨੇ ਸਾਨੂੰ ਦਿੱਤਾ ਸੀ। ਕਾਮਰੇਡ ਚੰਨਣ ਸਿੰਘ ਵਿਰਕ ਕਰੀਵਾਲਾ ਨੇ ਉਸਦਾ ਫੋਨ ਨੰਬਰ ਵੀ ਦਿੱਤਾ ਸੀ। ਸੋ ਅਸਾਂ ਸੋਚਿਆ ਕਿ ਬਾਜ਼ਾਰ ਵਿੱਚੋਂ ਫੋਨ ਕਰਕੇ ਉਨ੍ਹਾਂ ਨੂੰ ਇੱਥੇ ਸੱਦ ਲੈਂਦੇ ਹਾਂ। ਅਸੀਂ ਮੁੱਖ ਗੇਟ ਤੋਂ ਅਜੇ 20-25 ਕਦਮ ਹੀ ਗਏ ਸਾਂ ਕਿ ਇਕ ਭਰਵੇਂ ਜੁੱਸੇ ਵਾਲੇ ਅਧਖੜ ਉਮਰ ਦੇ, ਰਤਾ ਪੱਕੇ ਰੰਗ ਵਾਲੇ, ਸਲਵਾਰ ਕਮੀਜ਼ ਪਾਈ, ਘੋਖਵੀਆਂ ਨਜ਼ਰਾਂ ਨਾਲ ਸਾਨੂੰ ਪੜਤਾਲਦੇ ਪੱਗ ਬੰਨ੍ਹੀ ਵਾਲੇ ਸੱਜਣ ਨੇ ਪੁੱਛਿਆ ਕਿ ਤੁਸੀਂ ਸਿਰਸੇ ਜ਼ਿਲ੍ਹੇ ਵਿਚੋਂ ਆਏ ਹੋ। ਸਾਡੇ ਹਾਂ ਕਹਿਣ 'ਤੇ ਉਸ ਫਿਰ ਪੁੱਛ ਲਿਆ ਕਿ ਕਰੀਵਾਲੇ



Sri Satguru Jagjit Singh Ji eLibrary NamdhariElibrary@gmail.com

ਤੋਂ ਆਏ ਹੋ। ਹੁਣ ਵਾਰੀ ਪੁੱਛਣ ਦੀ ਸਾਡੀ ਸੀ ਮੈਂ ਕਿਹਾ, "ਤੁਸੀਂ ਆਸ਼ਕ ਬੱਢਾ ਹੋ।" ਉਹਦੇ ਹਾਂ ਕਹਿਣ ਤੋਂ ਪਹਿਲਾਂ ਹੀ ਦੁਪਾਸੀ ਜੱਫੀਆਂ ਪੈ ਗਈਆਂ। ਜਿਵੇਂ ਚਿਰ ਵਿੱਛੜੇ ਸੱਜਣ ਇਕ ਦੂਜੇ ਨੂੰ ਮਿਲਦੇ ਹਨ। ਦਰਅਸਲ ਸਾਡੇ ਨਾਲ ਨਾਮਧਾਰੀ ਦਸਤਾਰਾਂ ਵਾਲੇ ਕੁਝ ਯੁਵਕ ਵੀ ਸਨ ਜੋ ਸਾਡੇ ਇਲਾਕਾ ਜੀਵਨ ਨਗਰ ਦੇ ਵਾਸੀ ਹੋਣ ਦੀ ਨਿਸ਼ਾਨਦੇਹੀ ਕਰਦੇ ਸਨ।

ਬੱਢਾ ਪਿੰਡ ਇਥੋਂ ਨੇੜੇ ਹੀ ਸੀ ਅਤੇ ਆਸ਼ਕ ਮਨੇਸ਼ ਗੋਤ ਦੇ ਜੱਟਾਂ ਦੇ ਪਰਿਵਾਰ ਨਾਲ ਸੰਬੰਧਿਤ ਹੈ। ਉਹ ਸ਼ੇਖੂਪੁਰਾ ਜ਼ਿਲ੍ਹੇ ਦੇ ਡਿਸਟਰਿਕਟ ਬੋਰਡ ਦਾ ਮੈਂਬਰ ਵੀ ਰਿਹਾ ਹੈ ਅਤੇ ਨਨਕਾਣਾ ਸਾਹਿਬ ਦੀ ਸ਼ੂਗਰ ਮਿੱਲ ਦਾ ਡਾਇਰੈਕਟਰ ਵੀ ਚੁਣਿਆ ਜਾਂਦਾ ਹੈ। ਉਸਦੇ ਪੁਰਖੇ ਕਦੇ ਭੱਟੀਆਂ ਵਿੱਚੋਂ ਨਿਕਲ ਕੇ ਫਿਰ ਮਨੇਸ ਜੱਟ ਬਣ ਗਏ ਸਨ। ਇਹ ਭੱਟੀ ਰਾਜਪੂਤ ਬਠਿੰਡਾ ਤੋਂ ਹਨੂੰਮਾਨਗੜ੍ਹ ਤੱਕ ਫੈਲੇ ਭਟਿਆਣੇ ਵਿੱਚ ਰਹਿੰਦੇ ਸਨ। ਆਸ਼ਕ ਦੇ ਦੱਸਣ ਮੁਤਾਬਿਕ ਇਹ ਲੋਕ ਕੁਝ ਸਦੀਆਂ ਪਹਿਲਾਂ ਜ਼ਿਲ੍ਹਾ ਸਿਰਸਾ ਦੇ ਰਾਣੀਆਂ ਇਲਾਕੇ ਦੇ ਵਿੱਚੋਂ ਹੀ ਸ਼ੇਖੂਪੁਰੇ ਵੱਲ ਆ ਕੇ ਆਬਾਦ ਹੋ ਗਏ ਸਨ। ਇਸ ਲਈ ਜ਼ਿਲ੍ਹਾ ਸਿਰਸਾ ਵਿੱਚੋਂ ਜਾਣ ਵਾਲਾ ਹਰ ਸਿੱਖ ਯਾਤਰੀ ਜਥਾ ਜੋ ਮੁੱਖ ਤੌਰ 'ਤੇ ਰਾਣੀਆਂ ਇਲਾਕੇ ਦੇ ਪਿੰਡਾਂ ਵਿੱਚੋਂ ਹੀ ਗਿਆ ਹੁੰਦਾ ਹੈ, ਆਸ਼ਕ ਮਨੇਸ ਬੱਢੇ ਦੀ ਖਿੱਚ ਦਾ ਵਿਸ਼ੇਸ਼ ਕੇਂਦਰ ਹੁੰਦਾ ਹੈ। ਇਹ ਗੱਲ ਮੈਥੋਂ ਪਹਿਲਾਂ ਇਧਰ ਆਉਣ ਵਾਲੇ ਲੋਕਾਂ ਨੇ ਮੈਨੂੰ ਦੱਸੀ ਸੀ ਅਤੇ ਬੱਢੇ ਨਾਲ ਸੰਪਰਕ ਸਾਧਨ ਲਈ ਚਿੱਠੀ ਵੀ ਉਹਨਾਂ ਤਾਂ ਹੀ ਦਿੱਤੀ ਸੀ। ਸਾਨੂੰ 10-12 ਜਣਿਆਂ ਨੂੰ ਉਹ ਤੁਰੰਤ ਨਾਲ ਲੱਗਦੀ ਦੁਕਾਨ 'ਤੇ ਲੈ ਗਿਆ ਅਤੇ ਠੰਢਿਆਂ ਨਾਲ ਰਾਤ ਦੇ ਰੇਲ ਦੇ ਸਫ਼ਰ ਦੀ ਸਾਰੀ ਗਰਮੀ ਦੂਰ ਕੀਤੀ। ਬਾਅਦ ਵਿੱਚ ਪਤਾ ਲੱਗਾ ਕਿ ਬੱਢੇ ਨੇ ਹੋਰ ਵੀ ਪਟਿਆਲਾ ਫਿਰੋਜ਼ਪੁਰ ਆਦਿ ਜ਼ਿਲ੍ਹਿਆਂ ਦੇ ਯਾਤਰੀਆਂ ਦੀ ਜੋ ਉਹਦੇ ਜਾਣ-ਪਛਾਣ ਵਾਲਿਆਂ ਨੂੰ ਮਿਲ ਕੇ ਆਏ ਸਨ, ਉਨ੍ਹਾਂ ਦੀ ਵੀ ਚੰਗੀ ਟਹਿਲ ਸੇਵਾ ਕੀਤੀ। ਪਟਿਆਲੇ ਜ਼ਿਲ੍ਹੇ ਵਿੱਚ ਉਹਦੇ ਬੱਢੇ ਪਿੰਡ ਦਾ ਮਨੇਸ਼ ਸਿੱਖ ਭਾਈਚਾਰਾ ਰਹਿੰਦਾ ਹੈ। ਉਹ ਵਰ੍ਹੇ ਦੋ ਵਰ੍ਹਿਆਂ ਬਾਅਦ ਅਕਸਰ ਓਧਰ ਵੀ ਜਾਂਦਾ ਹੈ, ਉਹਨਾਂ ਦੀ ਖੁਸ਼ੀ ਗਮੀ ਵਿੱਚ ਸ਼ਿਰਕਤ ਕਰਦਾ ਹੈ। ਜਿੰਨੇ ਦਿਨ ਜਥਾ ਨਨਕਾਣਾ ਸਾਹਿਬ ਜਾਂ ਲਾਹੌਰ ਰਹਿੰਦਾ ਹੈ, ਉਹ ਪ੍ਰਛਾਵੇਂ ਵਾਂਗ ਇਹਦੇ ਨਾਲ-ਨਾਲ ਰਹਿੰਦਾ ਹੈ ਅਤੇ ਆਪਣੇ ਮੇਲੀਆਂ ਗੇਲੀਆਂ ਸਣੇ ਭਾਰਤੀ ਪੰਜਾਬ ਦੇ ਆਪਣੇ ਪੁਰਾਣੇ ਜਾਣੂਆਂ ਦੀ ਖਿਦਮਤ ਕਰਕੇ ਡਾਢਾ ਅਨੰਦ ਮਾਣਦਾ ਹੈ। ਸਾਡੇ ਇਲਾਕੇ ਵਿੱਚ ਤਾਂ ਅਦੁੱਤੀ ਪ੍ਰਾਹੁਣਾਚਾਰੀ ਸਦਕਾ ਆਸ਼ਕ ਬੱਢਾ ਇਕ ਘਰੇਲੂ ਨਾਮ ਬਣ ਚੁੱਕਾ ਹੈ। ਪਿਛਲੇ ਵਰ੍ਹੇ ਹਰਿਆਣਾ ਦਾ ਸਾਬਕਾ ਮੰਤਰੀ ਚੌਧਰੀ ਜਗਦੀਸ਼ ਨਹਿਰਾ ਜਦੋਂ ਬਹਾਵਲ ਨਗਰ ਨੇੜੇ ਆਪਣੇ ਪੁਰਾਣੇ ਪਿੰਡ ਨੂੰ ਵੇਖਣ ਗਿਆ ਸੀ ਤਾਂ ਏਧਰਲੇ ਮਿੱਤਰਾਂ ਦੇ ਸੁਨੇਹੇ ਤੇ ਉਸਦਾ ਸੁਆਗਤ ਕਰਨ ਲਈ ਲਾਹੌਰ ਆਸ਼ਕ ਬੱਢਾ ਸਭ ਤੋਂ ਪਹਿਲਾਂ ਪੁੱਜਿਆ ਸੀ ਤੇ ਉਸਦੇ



Sri Satguru Jagjit Singh Ji eLibrary NamdhariElibrary@gmail.com

ਕਿਆਮ ਦੌਰਾਨ ਉਹਦੇ ਨਾਲ-ਨਾਲ-ਨਾਲ ਰਿਹਾ ਸੀ। ਪੰਜਾਬ ਕੇਸਰੀ ਵਿੱਚ ਛਪੇ ਉਸਦੇ ਯਾਤਰਾ ਬਿਰਤਾਂਤ ਵਿੱਚ ਨਹਿਰੇ ਨੇ ਆਸ਼ਕ ਬੱਢੇ ਦੇ ਇਸ ਪੁਰ ਖਲੂਸ ਸੁਭਾਉ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਸੀ। ਜਲਪਾਨ, ਫਲੋਹਾਰ ਆਦਿ 'ਤੇ ਵਾਹਵਾ ਖਰਚਾ ਕਰਕੇ ਬਦੇਸ਼ੀ ਪ੍ਰਾਹੁਣਿਆਂ ਦੀ ਪ੍ਰਾਹੁਣਾਚਾਰੀ ਲੁੱਟਣਾ 'ਬੱਢੇ' ਦਾ ਸ਼ੁਗਲ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਦੇ ਲੋਕ ਦੋਹਾਂ ਦੇਸ਼ਾਂ ਦੇ ਵਿਚਾਲੇ ਦੋਸਤੀ ਦੇ ਮਜ਼ਬੂਤ ਪੁਲਾਂ ਦੀ ਉਸਾਰੀ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਜਦੋਂ ਵੀ ਬੱਢਾ ਸਾਡੇ ਏਧਰ ਆਉਂਦਾ ਹੈ ਤਾਂ ਉਹਦੇ ਏਧਰਲੇ ਸੱਜਣ ਮਿੱਤਰ ਵੀ ਉਹਨੂੰ ਹੱਥਾਂ 'ਤੇ ਚੁੱਕੀ ਫਿਰਦੇ ਹਨ। ਉਹਦੀਆਂ ਦਾਅਵਤਾਂ ਅਤੇ ਮਹਿਫ਼ਿਲਾਂ ਮੁੱਕਣ ਵਿੱਚ ਨਹੀਂ ਆਉਂਦੀਆਂ। ਉਹਦੇ ਵੀਜ਼ੇ ਦੇ ਦਿਨ ਮੁੱਕ ਜਾਂਦੇ ਹਨ।

ਨਨਕਾਣਾ ਸਾਹਿਬ ਗੁਰਦੁਆਰੇ ਵਿੱਚ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਸੀ। ਪਰ ਇੱਕ ਚੀਜ਼ ਜਿਹਨੇ ਕੁਝ-ਕੁਝ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਚੋਖਾ ਪ੍ਰੇਸ਼ਾਨ ਕੀਤਾ ਉਹ ਸੀ ਇਥੋਂ ਦੇ ਸਿੰਧੀ ਨੌਜੁਆਨਾਂ ਮੁੰਡਿਆਂ-ਕੁੜੀਆਂ ਦੁਆਰਾ ਲਗਾਤਾਰ ਤਿੰਨ ਦਿਨ ਤੱਕ ਭੌਂ ਪਟਾਕਿਆਂ ਅਤੇ ਹੋਰ ਵੱਡੇ ਪਟਾਕਿਆਂ ਦੇ ਕੰਨ-ਪਾੜਵੇਂ ਸ਼ੋਰ ਦੀ ਮੁਹਿੰਮ ਚਲਾਈ ਰੱਖਣਾ। ਨਾ ਤਾਂ ਬਾਣੀ ਦੀ ਕੋਈ ਤੁਕ ਕੰਨਾਂ ਵਿੱਚ ਪੈਂਦੀ ਸੀ ਨਾ ਆਪੋ ਵਿੱਚ ਚੱਜ ਨਾਲ ਕੋਈ ਗੱਲ ਬਾਤ ਕੀਤੀ ਜਾ ਸਕਦੀ ਸੀ। ਰਾਤ ਨੂੰ ਤਾਂ ਇਉਂ ਹੁੰਦਾ ਸੀ ਜਿਵੇਂ ਸੈਨਾ ਦੀ ਚਾਂਦਮਾਰੀ ਹੋ ਰਹੀ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਸੱਜਣਾਂ ਨੂੰ ਇਸ ਪਟਾਕਿਆਂ ਦੇ ਸ਼ੋਰ ਸ਼ਰਾਬੇ ਬਾਰੇ ਕੁਝ ਸੋਚਣਾ ਚਾਹੀਦਾ ਹੈ।

ਲੰਗਰ ਪਾਣੀ ਤੋਂ ਬਾਅਦ ਦੁਪਹਿਰੇ ਕਰਨੈਲ ਸਿੰਘ ਅਸਪਾਲ, ਨਰਾਇਣ ਸਿੰਘ ਭਿੰਡਰ ਅਤੇ ਮੈਂ ਮਰਹੂਮ ਵਕੀਲ ਰਾਜੇ ਖਾਂ ਕੱਧਰ ਦੇ ਪਰਿਵਾਰ ਨੂੰ ਕਾਮਰੇਡ ਚੰਨਣ ਸਿੰਘ ਵਿਰਕ ਹੋਰਾਂ ਦਾ ਪੱਤਰ ਦੇਣ ਲਈ ਨਨਕਾਣਾ ਸਾਹਿਬ ਦੇ ਲੰਮ-ਸਲੰਮੇ ਬਾਜ਼ਾਰਾਂ ਵਿੱਚੋਂ ਹੁੰਦੇ ਹੋਏ ਥੋੜ੍ਹਾ ਪੁਰਾਣੇ ਸ਼ਹਿਰ ਤੋਂ ਬਾਹਰ ਨੂੰ ਨਿਕਲੇ। ਇਥੋਂ ਉਕਾੜਾ ਕੋਲ ਦੇ ਦੋ ਨੌਜੁਆਨ ਮੁੰਡਿਆਂ ਨੇ ਆਵਾਜ਼ ਦੇ ਕੇ ਰੋਕ ਲਿਆ। ਬਹੁਤੇ ਸੁਹਣੇ ਗੋਰੇ ਨਿਛੋਹ ਤਿੱਖੇ ਨਕਸ਼ਾਂ ਵਾਲੇ, ਦੋਵੇਂ ਮੁੰਡੇ ਭਰਾ ਸਨ ਤੇ ਭਗਵਾਨ ਸਿੰਘ ਕਵੀ ਦੇ ਸ਼ਬਦਾਂ ਵਿੱਚ :-

**ਸੁੰਦਰ ਸਰੂਪ ਤੇ ਅਨੂਪ ਮੁੱਖ ਰਾਂਝਣੇ ਦਾ,**
**ਪਤਲਾ ਪੰਤਗ ਜਾਣੀ ਦੇਖਦੇ ਹੀ ਰਹੀਏ ਨੀ।**
**ਕੰਨੀ ਉਹਦੇ ਬੁੰਦੇ ਤੇ ਫੁਲੇਲ ਭਿੰਨੇ ਜ਼ੁੰਡੇ ਉਹਦੇ,**
**ਸੋਹਣੇ ਜਿਹੇ ਮੁੰਡੇ ਦੀ ਸਿਫ਼ਤ ਕੀਕੂੰ ਕਹੀਏ ਨੀ।**

ਇਸ ਤੇ ਵੀ ਤੁਰਾ ਇਹ ਕਿ ਦੋਵੇਂ ਮੁੰਡੇ ਠੇਠ ਮਿੱਠੀ ਠੁੱਕਦਾਰ ਮਾਝੀ ਵਿੱਚ ਗੱਲਬਾਤ ਕਰ ਰਹੇ ਸਨ। ਮੈਨੂੰ ਆਪਣੇ ਨਾਨਕੇ ਸਿਰਹਾਲੀ(ਅੰਮ੍ਰਿਤਸਰ) ਦਾ ਇਲਾਕਾ ਚੇਤੇ ਆ ਗਿਆ। ਮੁੰਡੇ ਤਾਂ 20-22 ਸਾਲਾਂ ਦੇ ਗੇੜ ਵਿੱਚ ਸਨ ਤੇ ਜਦੋਂ ਅਸੀਂ ਉਨ੍ਹਾਂ ਦੇ



Sri Satguru Jagjit Singh Ji eLibrary NamdhariElibrary@gmail.com

ਵਡਿੱਕਿਆਂ ਦਾ ਵਤਨ ਪੁੱਛਿਆ ਤਾਂ ਉਹ ਸਿਰਹਾਲੀ ਦੇ ਨੇੜੇ-ਤੇੜੇ ਦੇ ਹੀ ਨਿਕਲੇ। ਉਨ੍ਹਾਂ ਦਾ ਵਾਹਵਾ ਮੋਹ ਮੁਹੱਬਤ ਦੀਆਂ ਗੱਲਾਂ ਬਾਤਾਂ ਕੀਤੀਆਂ। ਪ੍ਰਮਾਣੂ ਧਮਾਕਿਆਂ ਦੀ ਦੁਪਾਸੀ ਨਿਖੇਧੀ ਕੀਤੀ। ਚਾਹ ਪਾਣੀ ਸਾਡੇ ਰੋਕਦਿਆਂ ਵੀ ਪਿਆਇਆ। ਮੰਗਣ 'ਤੇ ਅਸੀਂ ਕੜੇ ਉਹਨਾਂ ਨੂੰ ਭੇਟ ਕੀਤੇ ਜੋ ਕਿ ਅੰਮ੍ਰਿਤਸਰੋਂ ਅਸੀਂ ਵਾਹਵਾ ਲੈ ਗਏ ਸਾਂ, ਫਿਰ ਇਹ ਮੁੰਡੇ ਰਾਤ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ, ਸਾਡੇ ਕਮਰੇ ਵਿੱਚ ਵੀ ਸਾਨੂੰ ਆ ਕੇ ਮਿਲੇ ਜਿੱਥੇ ਅਸਪਾਲ ਨੇ ਉਨ੍ਹਾਂ ਨੂੰ ਇਕ ਨਾਰੀਅਲ ਭੇਟ ਕੀਤਾ।

ਰਾਜੇ ਖਾਂ ਕੱਧਰ ਪੇਸ਼ੇ ਵਲੋਂ ਵਕੀਲ ਸਨ। ਉਹਨਾਂ ਦਾ ਘਰ ਇਥੋਂ ਨੇੜੇ ਹੀ ਲੱਭ ਗਿਆ। ਉਹ ਦੋਵਾਂ ਪੰਜਾਬਾਂ ਦੇ ਵਿਚਾਲੇ ਮੁਹੱਬਤ ਅਤੇ ਸਾਂਝ ਦੀਆਂ ਤੰਦਾਂ ਦੀਆਂ ਕਹਾਣੀਆਂ ਅਕਸਰ ਲਿਖਦੇ ਰਹਿੰਦੇ ਸਨ, ਜੋ ਕੁਝ ਛਪੀਆਂ ਹਨ ਅਤੇ ਕੁਝ ਅਣਛਪੀਆਂ। ਬੜੇ ਨੇਕ ਦਿਲ ਇਨਸਾਨ ਸਨ। ਕੁਝ ਵਰ੍ਹੇ ਪਹਿਲਾਂ ਅੱਲ੍ਹਾ ਨੂੰ ਪਿਆਰੇ ਹੋ ਗਏ ਸਨ। ਉਨ੍ਹਾਂ ਦਾ ਇਕੋ ਇਕ ਪੁੱਤਰ ਇਮਰਾਨ ਬੈਂਕ ਮੁਲਾਜ਼ਮ ਹੈ ਅਤੇ ਉਹਨਾਂ ਜਿਉਂ ਹੀ ਯਾਰਾਂ ਦਾ ਯਾਰ ਹੈ। ਗੁੱਡੀਆਂ 5-6 ਹਨ। ਵੱਡੀ ਪੁੱਤਰੀ ਸਕੂਲਾਂ ਦੇ ਮਹਿਕਮੇ ਵਿੱਚ ਅਧਿਕਾਰੀ ਹੈ। ਛੋਟੀ ਅਧਿਆਪਕਾ ਹੈ। ਕੁੜੀਆਂ ਦੀ ਮਾਂ ਸਾਨੂੰ ਡਾਢੇ ਮੋਹ ਨਾਲ ਮਿਲੀ ਤੇ ਕੱਦਰ ਸਾਹਿਬ ਦੀਆਂ ਯਾਦਾਂ ਵਿੱਚ ਕਿੰਨਾ ਚਿਰ ਗੁਆਚੀ ਰਹੀ, ਜਦੋਂ ਅਸੀਂ ਕਾਮਰੇਡ ਵਿਰਕ ਦਾ ਖ਼ਤ ਉਨ੍ਹਾਂ ਨੂੰ ਦਿੱਤਾ। ਵਿਰਕ ਕਦੇ ਇਧਰ ਆਇਆ ਕੱਧਰ ਹੋਰਾਂ ਨੂੰ ਮਿਲ ਗਿਆ ਸੀ ਤੇ ਉਹਦਾ ਖਤੋ-ਕਿਤਾਬਤ ਉਹਨਾਂ ਨਾਲ ਚੱਲਦਾ ਰਹਿੰਦਾ ਸੀ।

ਸ਼ੈਲਫ 'ਤੇ ਦੋ ਫੋਟੋ ਸਨ। ਵੱਡੀ ਲੜਕੀ ਨੇ ਦੱਸਿਆ ਕਿ ਔਹ ਤੇ ਮੇਰੇ ਅੱਬੂ ਹਨ ਤੇ ਦੂਜੇ ਪੇਂਡੂ ਪਹਿਰਾਵੇ ਵਿੱਚ ਜਿਹੜੇ ਨੇ ਉਹ ਨਾਲੇ ਮੇਰੇ ਤਾਇਆ ਨੇ ਤੇ ਨਾਲੇ ਸਹੁਰਾ ਵੀ ਨੇ। ਇਸਲਾਮੀ ਭਾਈਚਾਰਾ ਸੁਣਿਆ ਸੀ ਕਿ ਸਿਰਫ਼ ਮਾਂ ਦਾ ਦੁੱਧ ਹੀ ਛੱਡਦਾ ਹੈ। ਉਹ ਪ੍ਰਤੱਖ ਇਥੇ ਵੇਖ ਲਿਆ। ਚਾਹ ਪਾਣੀ ਪੀ ਕੇ ਅਸੀਂ ਪਰਤ ਆਏ। ਇਮਰਾਨ ਬੈਂਕ ਵਿੱਚ ਸੀ ਤੇ ਉਸ ਸ਼ਾਮੀ ਆਉਣਾ ਸੀ। ਓਪਰਿਆਂ ਵਾਸਤੇ ਕੱਦਰ ਪਰਿਵਾਰ ਦੀਆਂ ਬੇਟੀਆਂ ਦੇ ਇਸ ਨਿੱਘ ਤੋਂ ਅਸੀਂ ਡਾਢੇ ਮੁਤਾਸਿਰ ਹੋਏ।



Sri Satguru Jagjit Singh Ji eLibrary NamdhariElibrary@gmail.com

# ਨਨਕਾਣਾ ਸਾਹਿਬ ਦੇ ਬਾਜ਼ਾਰ

ਉਂਜ ਜਦੋਂ ਅਸੀਂ ਇਧਰ ਆਉਣਾ ਸੀ ਤਾਂ ਸਾਨੂੰ ਭਾਰਤੀ ਕਮਿਊਨਿਸਟ ਪਾਰਟੀ ਹਰਿਆਣਾ ਦੇ ਸੈਕਟਰੀ ਅਤੇ ਸਾਬਕਾ ਵਿਧਾਇਕ ਡਾ. ਹਰਨਾਮ ਸਿੰਘ ਹੋਰਾਂ ਵੀ ਰਾਜੇ ਖਾਂ ਕੱਧਰ ਦੇ ਜੀਆਂ ਨੂੰ ਮਿਲ ਕੇ ਆਉਣ ਬਾਰੇ ਕਿਹਾ ਸੀ ਕਿਉਂਕਿ ਡਾ.ਹਰਨਾਮ ਸਿੰਘ ਹੋਰੀਂ ਵੀ ਵੰਡ ਤੋਂ ਪਹਿਲਾਂ ਨਨਕਾਣਾ ਸਾਹਿਬ ਦੇ ਹਸਪਤਾਲ ਵਿੱਚ ਕੰਪਾਊਡਰ ਰਹਿ ਚੁੱਕੇ ਸਨ ਅਤੇ ਉਹ ਪੜ੍ਹੇ ਵੀ ਨਨਕਾਣਾ ਸਾਹਿਬ ਵਿਖੇ ਹੀ ਸਨ ਜਿਥੇ ਰਾਜੇ ਖਾਂ ਉਨ੍ਹਾਂ ਨਾਲ ਸਕੂਲ ਵਿੱਚ ਪੜ੍ਹਦਾ ਰਿਹਾ ਸੀ ਤੇ ਉਨ੍ਹਾਂ ਦਾ ਬਾਲ ਸਖਾਈ ਲੰਗੋਟੀਆ ਬੇਲੀ ਸੀ। ਡਾ.ਸਾਹਿਬ ਤੇ ਕੱਦਰ ਇਕ ਦੂਜੇ ਨੂੰ, ਆਉਣ-ਜਾਣ ਵਾਲੇ ਜਥਿਆਂ ਦੀ ਮਾਰਫ਼ਤ ਸੁੱਖ-ਸੁਨੇਹੇ ਭੇਜਦੇ ਰਹਿੰਦੇ ਸਨ। ਅਸਾਂ ਡਾਕਟਰ ਸਾਹਿਬ ਦਾ ਜਿਕਰ ਬੇਗ਼ਮ ਰਾਜੇ ਖਾਂ ਨਾਲ ਕੀਤਾ, ਪਰ ਉਹ ਵਿਚਾਰੀ ਘੱਟ ਜਾਣਦੀ ਸੀ। ਕਾਮਰੇਡ ਚੰਨਣ ਸਿੰਘ ਵਿਰਕ ਦੀ ਇਸੇ ਵਰ੍ਹੇ ਗੁਜ਼ਰੀ ਪੁੱਤਰੀ ਸ਼ਬਨਮ ਦਾ ਅਫਸੋਸ ਤਾਂ ਉਨ੍ਹਾਂ ਸਾਡੇ ਨਾਲ ਜ਼ਰੂਰ ਕੀਤਾ।

ਨਨਕਾਣਾ ਸਾਹਿਬ ਦੇ ਬਾਜ਼ਾਰਾਂ ਵਿੱਚ ਜੋ ਦੁਕਾਨਦਾਰ ਮਿਲੇ, ਉਨ੍ਹਾਂ ਵਿੱਚੋਂ ਜ਼ਿਆਦਾਤਰ, ਦੁਆਬੇ ਦੇ ਇਲਾਕੇ ਵਿੱਚੋਂ ਆਏ ਹੋਏ ਸੱਜਣ ਹੀ ਸਨ। ਨੇੜੇ-ਤੇੜੇ ਦੇ ਪਿੰਡਾਂ ਵਿੱਚ ਆਬਾਦ ਮੁਸਲਮਾਨ ਵੱਸੋਂ ਵੀ ਦੁਆਬੇ ਵੱਲੋਂ ਹੀ ਇੱਧਰ ਆਈ ਹੈ। ਮੈਂ ਘਰਦਿਆਂ ਜੀਆਂ ਲਈ ਚੱਪਲਾਂ ਦਾ ਇਕ-ਇਕ ਜੋੜਾ ਖ਼ਰੀਦਿਆ। ਮਿਰਜ਼ੇ ਦੀ ਚੱਪਲ ਇੱਧਰ ਕਾਫੀ ਮਸ਼ਹੂਰ ਹੈ ਅਤੇ ਕੁਝ ਪਾਕਿਸਤਾਨੀ ਲੋਕ ਗਾਇਕਾਂ ਅਤੇ ਗਾਇਕਾਵਾਂ ਦੀਆਂ ਕੈਸੇਟਾਂ ਖਰੀਦਿਆਂ ਪਰ ਇਉਂ ਲੱਗਦਾ ਹੈ ਕਿ ਪੌਪ-ਸੰਗੀਤ ਨੇ ਇਧਰਲੀ ਲੋਕ ਗਾਇਕੀ 'ਤੇ ਵੀ ਹਾਲ ਦੀ ਘੜੀ ਲੱਤ ਫੇਰ ਛੱਡੀ ਹੈ। ਸਾਡੀ ਨਵੀਂ ਪੀੜ੍ਹੀ ਇਸ ਲੋਕ-ਸੰਗੀਤ ਨਾਲ ਇਕਸੁਰ ਹੋਣ ਵਿੱਚ ਕੁਝ ਔਖ ਮਹਿਸੂਸ ਕਰ ਰਹੀ ਹੈ।

ਚੰਡੀਗੜ੍ਹ ਵਿੱਚ ਜਦੋਂ ਮੈਂ 1970-73 ਈ. ਵਿੱਚ, ਪੰਜਾਬ ਯੂਨੀਵਰਸਿਟੀ ਵਿੱਚ ਲਾਅ ਦਾ ਵਿਦਿਆਰਥੀ ਸੀ ਤਾਂ ਇਕ ਪ੍ਰੋ. ਸ਼ੇਰ ਸਿੰਘ ਸ਼ੇਰ ਹੋਰਾਂ ਨਾਲ, ਉਥੇ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਸੀ। ਉਹ ਸਾਡੇ ਡਿਪਾਰਟਮੈਂਟ ਵਿੱਚ ਇਕ ਵੇਰ ਗੁਰੂ ਨਾਨਕ ਦੇ ਆਗਮਨ ਪੁਰਬ 'ਤੇ ਭਾਸ਼ਣ ਦੇਣ ਆਏ ਸਨ ਤੇ ਫਿਰ ਜਾਣੂ ਬਣ ਗਏ ਸਨ। ਉਹ ਆਪਣੇ ਦੁਆਰਾ ਲਿਖੀਆਂ ਪੁਸਤਕਾਂ ਸਦਕਾ ਵੀ ਚਰਚਿਤ ਸਨ ਜਿਨ੍ਹਾਂ ਵਿੱਚੋਂ ਸਭ ਤੋਂ ਪਹਿਲੀ ਸੀ, "ਬਾਰ ਦੇ ਢੋਲੇ" ਅਤੇ ਹੁਣ ਆਖਰੀ ਸੀ ਅੰਗਰੇਜ਼ੀ ਵਿੱਚ "ਮਲਕਾ ਵਿਕਟੋਰੀਆ" ਦੀ ਅੰਮ੍ਰਿਤਸਰ ਫੇਰੀ ਸਮੇਂ ਲਿਖੀ ਕਿਤਾਬ ਜਿਸ ਵਿੱਚ ਉਨ੍ਹਾਂ ਪੰਜਾਬ ਦੇ ਜੱਟਾਂ ਅਤੇ ਮਲਕਾ ਦੇ ਸਾਂਝੇ ਪੁਰਖਿਆਂ ਬਾਰੇ ਲਿਖਿਆ ਸੀ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਿੱਖ ਵਿਦਵਾਨ ਦੇ ਤੌਰ 'ਤੇ ਇਸ ਜਥੇ ਵਿੱਚ ਭੇਜੇ ਗਏ ਸਨ। ਮੈਂ 25-26



Sri Satguru Jagjit Singh Ji eLibrary NamdhariElibrary@gmail.com

ਵਰ੍ਹਿਆਂ ਦੇ ਵਕਫ਼ੇ ਬਾਅਦ ਮਿਲਣ 'ਤੇ ਵੀ ਉਨ੍ਹਾਂ ਦੇ ਚੂੜੀਦਾਰ ਪਜਾਮੇ, ਅਚਕਨ ਅਤੇ ਦੋਹਰਿਆਂ ਕੁੰਡਲਦਾਰ ਮਛੋਹਰਿਆਂ ਤੇ ਉੱਚੇ ਲੰਮੇ, ਝੂਲ ਕੇ ਤੁਰਨ ਵਾਲੇ ਸਰੀਰ ਸਦਕਾ, ਉਨ੍ਹਾਂ ਨੂੰ ਸਿਆਨਣ ਵਿੱਚ ਦੇਰ ਨਾ ਲਾਈ।

ਸ਼ਾਮ ਨੂੰ ਪ੍ਰੋ. ਸਾਹਿਬ ਅਤੇ ਸਾਡੀ ਮੁਲਾਕਾਤ ਇਥੇ, ਸਰਕਾਰੀ ਕਰਮਚਾਰੀਆਂ ਵਾਲੇ ਪਾਸੇ, ਪ੍ਰਿੰਸੀਪਲ ਗੁਲਾਮ ਰਸੂਲ ਆਜ਼ਾਦ ਸਾਹਿਬ ਨਾਲ ਹੋਈ। ਆਜ਼ਾਦ ਸਾਹਿਬ ਪਿਛੋਂ ਰਿਆਸਤ ਕਪੂਰਥਲਾ ਤੋਂ ਆਏ ਪਰਿਵਾਰ ਨਾਲ ਸੰਬੰਧਿਤ ਹਨ ਅਤੇ ਮੇਰੇ ਨੈਸ਼ਨਲ ਕਾਲਜ ਸਿਰਸਾ ਦੇ ਸਮੇਂ ਦੇ ਪੰਜਾਬੀ ਦੇ ਪ੍ਰਾਧਿਆਪਕ ਪ੍ਰੋ. ਗੁਰਚਰਨ ਸਿੰਘ ਸਾਕੀ ਐਮ.ਏ., ਪੀ.ਐਚ.ਡੀ. ਦੇ ਚੰਗੇ ਮਿੱਤਰ ਹਨ। ਉਹ ਪਹਿਲਾਂ ਨਨਕਾਣਾ ਸਾਹਿਬ ਕਾਲਜ ਵਿੱਚ ਪ੍ਰਿੰਸੀਪਲ ਹੁੰਦੇ ਸਨ ਅਤੇ ਕੱਤਕ ਪੁੰਨਿਆ ਤੇ ਗੁਰੂ ਬਾਬਾ ਨਾਨਕ ਨੂੰ ਖਰਾਜੇ ਅਕੀਦਤ ਭੇਟ ਕਰਨ ਲਈ ਹਰ ਵਰ੍ਹੇ, ਆਪਣੇ ਕਾਲਜ ਦੇ ਅਹਾਤੇ ਵਿੱਚ, ਇਕ ਵਿਸ਼ਾਲ ਪੰਜਾਬੀ ਮੁਸ਼ਾਇਰਾ ਰਚਾਇਆ ਕਰਦੇ ਸਨ। ਹੁਣ ਗੌਰਮਿੰਟ ਕਾਲਜ ਸ਼ੇਖੂਪੁਰਾ ਦੇ ਪ੍ਰਿੰਸੀਪਲ ਹਨ ਪਰ ਵਾਦੜੀਆਂ ਸਜਾਦੜੀਆਂ ਦੇ ਸਤਾਏ ਇਸ ਪੁਰਬ 'ਤੇ ਇਥੇ ਆ ਜਾਂਦੇ ਹਨ। ਓਡਾ ਵੱਡਾ ਮੁਸ਼ਾਇਰਾ ਤਾਂ ਨਹੀਂ ਹੁੰਦਾ ਪਰ ਕੁਝ ਕੁ ਸਥਾਨਕ ਸੱਜਣਾਂ ਨੂੰ ਇਕੱਠਾ ਕਰਕੇ ਰੰਗ ਲਾਉਂਦੇ ਹਨ। ਜਨਾਬ ਚੰਨਣ ਸਿੰਘ ਵਿਰਕ ਹੋਰਾਂ ਉਨ੍ਹਾਂ ਦੇ ਨਾਂਅ ਦਾ ਇਕ ਖ਼ਤ ਅਸਪਾਲ ਅਤੇ ਮੈਨੂੰ ਦਿੱਤਾ ਸੀ। ਖ਼ਤ ਵੇਖ ਕੇ ਬੜੇ ਖੁਸ਼ ਹੋ ਕੇ ਮਿਲੇ ਤੇ ਆਖਣ ਲੱਗੇ ਕਿ ਅੱਜ ਸ਼ਾਮ ਨੂੰ ਪੂਰਬੀ ਪੰਜਾਬ ਤੋਂ ਆਏ ਸਾਹਿਤਕਾਰਾਂ ਤੇ ਮਿੱਤਰਾਂ ਦੇ ਮਾਣ ਵਿੱਚ ਇਕ ਛੋਟੀ ਜਹੀ ਮਹਿਫ਼ਲ ਦਾ ਪ੍ਰਬੰਧ ਉਨ੍ਹਾਂ ਨੇ ਕਰ ਛੱਡਿਆ ਹੈ। ਸਾਨੂੰ ਨਾਲ ਲੈ ਕੇ ਦਿਨ ਛਿਪੇ ਉਹ ਨਨਕਾਣਾ ਸਾਹਿਬ ਦੇ ਮੇਨ ਬਾਜ਼ਾਰ ਵਿੱਚ ਨਿਕਲ ਤੁਰੇ। ਉਨ੍ਹਾਂ ਦਾ ਕੱਦ-ਕਾਠ ਉੱਚਾ-ਲੰਮਾ ਤੇ ਜੁੱਸਾ ਭਰਵਾਂ ਸੀ। ਆਖਣ ਲੱਗੇ "ਏਡੇ ਵਿੱਢ ਵਾਲਾ ਬੰਦਾ ਕਦੇ-ਕਦੇ ਤੱਕਦੇ ਹੋਵੋਗੇ। ਸਾਨੂੰ ਉਨ੍ਹਾਂ ਦੇ ਜੁੱਸੇ ਨਾਲੋਂ ਵੱਧ ਸ਼ਬਦ "ਵਿੱਢ" ਦੀ ਠੇਠਤਾ ਨੇ ਅਤੇ ਜਿਸ ਪ੍ਰਸੰਗ ਵਿੰਚ ਉਨ੍ਹਾਂ ਇਸ ਨੂੰ ਵਰਤਿਆ ਸੀ ਉਹਨੇ ਪ੍ਰਭਾਵਿਤ ਕੀਤਾ। ਇਕ ਦੰਦਾਂ ਦੇ ਡਾਕਟਰ ਦੀ ਦੁਕਾਨ ਸੀ ਬੇਰੀ ਵਾਲੇ ਚੌਂਕ ਦੇ ਲਾਗੇ। ਪਹਿਲਾਂ ਤਾਂ ਫਲ ਫਰੂਟ ਅਤੇ ਮਠਿਆਈਆਂ, ਚਾਹ ਪਾਣੀ ਨਾਲ ਸਾਡੀ ਸੇਵਾ ਕੀਤੀ ਕਿਉਂ ਜੋ ਅਸੀਂ 4-5 ਜਣੇ ਹੀ ਸਾਂ ਜਥੇ ਵਿਚੋਂ। ਪ੍ਰੋ. ਸ਼ੇਰ ਸਿੰਘ, ਗੁਰਦਾਸ ਸਿੰਘ ਘਾਰੂ, ਕਰਨੈਲ ਸਿੰਘ ਅਸਪਾਲ ਅਤੇ ਮੈਂ। ਉਨ੍ਹਾਂ ਨੇ ਇਕ ਕਵਾਲ ਨੂੰ ਬੁਲਾ ਰੱਖਿਆ ਸੀ ਜਿਸ ਪ੍ਰਿੰਸੀਪਲ ਆਜ਼ਾਦ ਅਤੇ ਉਨ੍ਹਾਂ ਦੇ ਪਿਤਾ ਦੇ ਕਲਾਮ ਤੋਂ ਇਲਾਵਾ ਹੋਰ ਗਾਇਕੀ ਨਾਲ ਸਾਨੂੰ ਨਿਹਾਲ ਕੀਤਾ ਅਤੇ ਅਸਾਂ ਹੁਣ ਤੱਕ ਦੇ ਸਫ਼ਰ ਦੀ ਸਾਰੀ ਥਕਾਵਟ ਤੋਂ ਨਜਾਤ ਹਾਸਲ ਕੀਤੀ। ਰਾਤ ਗਿਆਰਾਂ ਕੁ ਵਜੇ ਟੁਰਦੇ-ਟੁਰਦੇ ਗੁਰਦੁਆਰਾ ਵਿਖੇ ਆ ਕੇ ਆਪਣੇ ਗੁੰਬਦ ਦੇ ਕੱਚੇ ਫਰਸ਼ 'ਤੇ ਬਿਰਾਜ ਗਏ।

3 ਨਵੰਬਰ ਨੂੰ ਜਥੇ ਨੇ ਬੱਸਾਂ ਦੁਆਰਾ ਗੁਰਦੁਆਰਾ ਸੱਚਾ ਸੌਦਾ (ਚੂਹੜਕਾਣਾ)



Sri Satguru Jagjit Singh Ji eLibrary NamdhariElibrary@gmail.com

ਦੀ ਯਾਤਰਾ ਕਰਨੀ ਸੀ। ਸਾਡਾ ਪ੍ਰੋਗਰਾਮ ਕੋਈ ਟੈਕਸੀ ਵਗੈਰਾ ਲੈ ਕੇ ਇਥੋਂ ਚੱਲਣ ਦਾ ਸੀ ਤਾਂ ਕਿ ਅਸੀਂ ਆਪਣੇ ਪਿੰਡ ਝੱਬਰਾਂ ਅਤੇ ਉਸ ਦੇ ਗੁਆਂਢ ਜੰਡਿਆਲਾ ਸ਼ੇਰ ਖਾਂ ਵਿਖੇ ਸ਼੍ਰੋਮਣੀ ਪੰਜਾਬੀ ਸ਼ਾਇਰ ਸੱਯਦ ਵਾਰਿਸ ਸ਼ਾਹ ਦੀ ਕਬਰ ਦੀ ਜ਼ਿਆਰਤ ਕਰ ਸਕਦੇ। ਜਿਸ ਲਈ ਮੇਰੇ ਤੋਂ ਇਲਾਵਾ ਕਰੀਵਾਲਾ ਤੋਂ ਆਏ ਦੂਸਰੇ ਝੱਬਰ ਮੁੰਡੇ ਲਖਬੀਰ ਸਿੰਘ, ਮਹਿੰਗਾ ਸਿੰਘ ਆਦਿ ਵੀ ਇੱਛੁਕ ਸਨ। ਉਹ ਤਾਂ ਵੀਡੀਓ ਕੈਮਰਾ ਵੀ ਨਾਲ ਲੈ ਕੇ ਜਾਣਾ ਚਾਹੁੰਦੇ ਸਨ ਜਿਸ ਵਿੱਚ ਪਿੰਡ ਦੇ ਦ੍ਰਿਸ਼ਾਂ ਨੂੰ ਕੈਦ ਕੀਤਾ ਜਾ ਸਕਦਾ ਸੀ, ਪ੍ਰੰਤੂ ਸਾਡੇ ਬੇਲੀ ਅਸ਼ਕ ਬੱਢੇ ਨੇ ਜਿਹਨੇ ਟੈਕਸੀ ਦਾ ਪ੍ਰਬੰਧ ਕਰਕੇ ਦੇਣਾ ਸੀ, ਸਵੇਰੇ ਹੀ ਆ ਦੱਸਿਆ ਕਿ ਪੁਲਿਸ ਵਾਲਿਆਂ ਨੇ ਟੈਕਸੀਆਂ ਵਾਲਿਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ। ਕਈਆਂ ਨੂੰ ਸਣੇ ਟੈਕਸੀਆਂ ਥਾਣੇ ਵਿੱਚ ਡੱਕ ਦਿੱਤਾ ਹੈ। ਇਸ ਲਈ ਮੁਸ਼ਕਲ ਢੇਰ ਏ, ਜੇ ਬਹੁਤੀ ਜ਼ਿਦ ਕਰੋ ਤਾਂ ਵੇਖ ਲੈਂਦੇ ਹਾਂ। ਬਹੁਤੀ ਜ਼ਿਦ ਅਸੀਂ ਮੁਨਾਸਿਬ ਨਾ ਸਮਝੀ ਅਤੇ ਜਿਹੜੀ ਲੋਈ ਮੈਂ ਵਾਰਿਸ ਸ਼ਾਹ ਦੀ ਕਬਰ 'ਤੇ ਚੜ੍ਹਾਉਣੀ ਸੀ ਉਹ ਬੱਢੇ ਨੂੰ ਦੇ ਦਿੱਤੀ ਕਿ ਉਥੇ ਪੁਚਾ ਦਿੱਤੀ ਜਾਵੇ।



Sri Satguru Jagjit Singh Ji eLibrary NamdhariElibrary@gmail.com

# ਜਿੱਥੇ ਹੋਇਆ ਸੱਚਾ ਸੌਦਾ-ਮੰਡੀ ਚੂਹੜਕਾਣਾ

ਬੱਸਾਂ ਦੁਆਰਾ ਕੋਈ ਸਾਢੇ ਕੁ ਦਸ ਵਜੇ ਅਸੀਂ ਗੁਰਦੁਆਰਾ ਸੱਚਾ ਸੌਦਾ ਜਿਹਨੂੰ 'ਖਰਾ ਸੌਦਾ ਬਾਰ' ਵੀ ਕਿਹਾ ਜਾਂਦਾ ਹੈ ਲਈ ਚੱਲ ਪਏ। ਸੜਕ ਇਕਹਿਰੀ ਜਹੀ ਸੀ ਅਤੇ ਜਿਹੋ ਜਿਹੀ ਧੂੜ ਸਾਡੇ ਇਲਾਕੇ ਦੀਆਂ ਨਾਲੀ (ਘੱਗਰ) ਵਾਲੀਆਂ ਪੈਲ਼ੀਆਂ ਵੱਲ ਉੱਡਦੀ ਹੈ, ਉਹੋ ਜਿਹੀ ਹੀ ਧੂੜ, ਬਰੀਕ ਘੱਟਾ, ਇੱਧਰ ਉੱਡ ਰਿਹਾ ਸੀ। ਪਰ ਇਹ ਆਪਣੇ ਪੁਰਖਿਆਂ ਦੇ ਵਤਨ ਦੀ ਧੂੜ ਸੀ ਇਸ ਲਈ ਮਾੜੀ ਨਹੀਂ ਲੱਗ ਰਹੀ ਸੀ। ਇਸ ਧੂੜ 'ਤੇ ਲੇਟਣ ਨੂੰ ਜੀਅ ਕਰਦਾ ਸੀ। ਕੋਈ ਨੌਂ ਕੁ ਸਦੀਆਂ ਪਹਿਲਾਂ ਜੰਮੂ ਤੋਂ ਉਤਰ ਕੇ ਵਿਰਕਾਂ ਦੇ ਵਡੇਰੇ ਇੱਧਰ ਆਏ ਸਨ ਅਤੇ ਇਹ ਇਲਾਕਾ ਸਾਰਾ ਭੱਟੀਆਂ ਤੋਂ ਖੋਹ ਖਿੰਜ ਕੇ ਇਥੇ ਉਨ੍ਹਾਂ ਡੇਢ ਸੌ ਦੇ ਕਰੀਬ ਪਿੰਡਾਂ ਵਿੱਚ ਆਪਣੇ, ਹੌਲੇ-ਹੌਲੇ ਪੈਰ ਪਸਾਰ ਲਏ ਸਨ। ਸਾਡੀ ਬੱਸ ਵਾਰਬਰਟਨ ਦੀ ਮੰਡੀ ਤੋਂ ਬਾਅਦ, ਉਸੇ ਵਿਰਕੈਤ ਦੇ ਪਿੰਡਾਂ ਵਿੱਚੋਂ ਲੰਘ ਰਹੀ ਸੀ। ਕੁਝ ਜ਼ਿਆਦਾ ਧਰਮ ਭੀਰੂ ਯਾਤਰੀ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਕੇ ਬੱਸ ਸਿਰ 'ਤੇ ਚੁੱਕ ਰਹੇ ਸਨ। ਮੈਂ ਜਦੋਂ ਬੱਸ ਕਿਸੇ ਪਿੰਡ ਵਿੱਚੋਂ ਲੰਘਦੀ ਸੀ ਤਾਂ ਬਾਹਰਲੇ ਲੋਕਾਂ ਤੋਂ ਉਹਦਾ ਨਾਂਅ ਪੁੱਛਣਾ ਚਾਹੁੰਦਾ ਸਾਂ ਪਰ ਇਹ ਵਾਹਿਗੁਰੂ ਦੀ ਹੇਕ ਵਾਲੇ ਬੇਲੀ ਕੁਝ ਸੁਣਨ ਹੀ ਨਹੀਂ ਦਿੰਦੇ ਸਨ। ਇਕ-ਦੋ ਥਾਂਵਾਂ 'ਤੇ ਮੇਰੀ ਬੇਨਤੀ ਮੰਨ ਕੇ ਉਹ ਚੁੱਪ ਹੋਏ ਜਦੋਂ ਅਸੀਂ ਮੱਕੀ ਪਿੰਡ ਵਿੱਚੋਂ ਲੰਘ ਰਹੇ ਸਾਂ ਫਿਰ ਉਹੋ ਚਾਲਾ ਉਨ੍ਹਾਂ ਫੜ ਲਿਆ। ਮੈਨੂੰ ਇਸ ਗੱਲ ਦੀ ਡਾਢੀ ਲੋੜ ਮਹਿਸੂਸ ਹੋਈ ਕਿ ਧਾਰਮਿਕ ਯਾਤਰਾ ਨਾਲੋਂ ਵੈਸੇ ਜੇ ਸਰਕਾਰ 5-10 ਜਣਿਆਂ ਦੇ ਗਰੁੱਪ ਨੂੰ ਮਨਜ਼ੂਰੀ ਦੇਵੇ ਤਾਂ ਉਹ ਸੱਭਿਆਚਾਰਕ ਯਾਤਰਾ ਇਕ ਦੂਜੇ ਮੁਲਕ ਦੀ ਕਰਨੀ, ਦੋਸਤੀ ਦੀਆਂ ਗੰਢਾਂ ਜਿਆਦਾ ਪੀਡੀਆਂ ਕਰਨ ਵਿੱਚ ਸਹਾਈ ਹੋ ਸਕਦੀ ਹੈ। ਇਕ ਦੂਜੇ ਮੁਲਕ ਪ੍ਰਤੀ ਲੋਕਾਂ ਦੀ ਦੁਪਾਸੀ ਖਿੱਚ ਚੋਖੀ ਏ ਜੋ ਕਿ ਮਿੱਟੀ ਦਾ ਮੋਹ ਹੈ, ਜਿਸ ਵਿੱਚੋਂ ਲੋਕ ਉਠ ਕੇ ਇੱਧਰ-ਉੱਧਰ ਗਏ ਹਨ। ਮੈਂ ਇਸ ਯਾਤਰਾ ਦੌਰਾਨ ਅਨੇਕਾਂ ਮੁਸਲਮਾਨਾਂ ਨੂੰ ਭਾਰਤੀ ਪੰਜਾਬ ਵਿਚਲੀ ਆਪਣੀ ਜਨਮ ਭੂਮੀ ਲਈ ਹੌਕੇ ਭਰਦਿਆਂ ਵੇਖਿਆ ਹੈ। ਅੱਧੀ ਸਦੀ ਬੀਤਣ ਬਾਅਦ ਵੀ ਉਹ ਇਸ ਭੂ ਹੇਰਵੇ ਤੋਂ ਮੁਕਤ ਨਹੀਂ ਹੋ ਪਾਏ ਜਿਵੇਂ ਅੱਜ ਚੂਹੜਕਾਣੇ ਨੂੰ ਜਾਂਦਿਆਂ ਅਸੀਂ ਮਹਿਸੂਸ ਕਰ ਰਹੇ ਸਾਂ ਕਿ ਸ਼ਾਇਦ ਇਥੋਂ ਹੀ ਆਪਣਾ ਪੁਰਾਣਾ ਪਿੰਡ ਵੇਖ ਸਕੀਏ।

ਰੇਲਵੇ ਲਾਈਨ ਲੰਘ ਕੇ ਮੰਡੀ ਚੂਹੜਕਾਣਾ ਆ ਗਈ ਜਿਸ ਦਾ ਹੁਣ ਨਵਾਂ ਨਾਂਅ ਫ਼ਰੂਖਾਬਾਦ ਹੈ। ਇਹ ਨਾਂਅ ਬਦਲਣ ਦੀ ਸਾਜ਼ਿਸ਼ ਵੀ ਦੁਪਾਸੀ ਬੰਦ ਹੋਣੀ ਚਾਹੀਦੀ ਹੈ। ਇਹ ਰੇਲਵੇ ਲਾਈਨ ਉਹੋ ਹੀ ਹੈ ਜਿਸ ਦੇ ਦੋਹੀਂ ਬੰਨੀ ਬੈਠੇ ਹਿੰਦੂ ਸਿੱਖ, 1947 ਦੀ ਵੰਡ ਵੇਲੇ, ਮਿਲਟਰੀ ਦੀਆਂ ਗੋਲੀਆਂ ਨਾਲ ਜੋ ਉਹ ਚਲਦੀ ਗੱਡੀ ਵਿੱਚੋਂ ਚਲਾਉਂਦੇ ਗਏ



Sri Satguru Jagjit Singh Ji eLibrary NamdhariElibrary@gmail.com

ਦਾਣਿਆਂ ਵਾਂਗ ਭੁੰਨੇ ਗਏ। ਸੱਚੇ ਸੌਦੇ ਗੁਰਦੁਆਰੇ ਦੇ ਅਹਾਤੇ ਵਿੱਚ, ਇਸ ਇਲਾਕੇ ਦੇ ਲੋਕਾਂ ਦਾ ਭਾਰੀ ਕੈਂਪ ਸੀ ਜੋ ਭਾਰਤ ਜਾਣ ਤੋਂ ਪਹਿਲਾਂ ਤਕਰੀਬਨ ਡੇਢ ਦੋ ਮਹੀਨੇ ਇਥੇ ਬੈਠੇ ਰਹੇ। ਇਨ੍ਹਾਂ ਵਿੱਚੋਂ ਚੋਖੇ ਲੋਕ ਇਥੇ ਮਾਰੇ ਗਏ ਕਈ ਰਾਹ ਵਿੱਚ ਮਾਰੇ ਗਏ। ਗੋਲੀਆਂ ਨਾਲ ਮਰਨ ਵਾਲੀ ਭੀੜ ਵਿੱਚ ਬਾਪੂ ਜੀ ਵੀ ਬੈਠੇ ਸਨ। ਉਨ੍ਹਾਂ ਦਾ ਵਾਲ ਵਿੰਗਾ ਨਹੀਂ ਸੀ ਹੋਇਆ। ਇਸ ਲਈ ਜਦੋਂ ਉਹ ਵੰਡ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਿਕ ਭੈਣੀ ਸਾਹਿਬ ਪੁੱਜੇ ਸਨ ਤਾਂ ਕਿਹਾ ਕਰਦੇ ਸਨ ਕਿ "ਇਕ ਵੇਰ ਤਾਂ ਬਲਦੀਆਂ ਅੱਗਾਂ ਤੇ ਵਰ੍ਹਦੀਆਂ ਗੋਲੀਆਂ ਵਿੱਚੋਂ ਕੱਢ ਲਿਆਏ ਹੋ, ਹੁਣ ਇਹ ਜਿਹੜੀ ਬਾਕੀ ਉਮਰ ਹੈ, ਉਹ ਮੇਰੀ ਨਹੀਂ ਉਹ ਸਤਿਗੁਰੂ ਪ੍ਰਤਾਪ ਸਿੰਘ ਦੀ ਹੀ ਬਖਸ਼ਿਸ਼ ਹੈ।" ਆਪੋ-ਆਪਣੇ ਧਾਰਮਿਕ ਅਕੀਦਿਆਂ ਵਾਲੇ ਲੋਕ ਅਕਸਰ ਇਸ ਤਰ੍ਹਾਂ ਹੀ ਸੋਚਿਆ ਕਰਦੇ ਹਨ।

ਤੇ ਹੁਣ ਅਸੀਂ ਗੁਰਦੁਆਰਾ ਸੱਚਾ ਸੌਦਾ ਦੇ ਵਿਸ਼ਾਲ ਅਹਾਤੇ ਵਿੱਚ ਖਲੋਤੇ ਸਾਂ। ਆਲੇ ਦੁਆਲੇ ਦੇ ਪਿੰਡਾਂ ਤੋਂ ਆਏ ਲੋਕਾਂ ਨੂੰ ਦੂਰ ਭਜਾਉਣ ਲਈ ਪੁਲਿਸ ਇਥੇ ਵੀ ਮੁਸਤੈਦੀ ਵਿਖਾ ਰਹੀ ਸੀ। ਗੁਰਦੁਆਰਾ ਵਾਹਵਾ ਉੱਚੇ ਚਬੂਤਰੇ 'ਤੇ ਬਣਿਆ ਸੀ। ਇਸ ਦੇ ਦਰਸ਼ਨ ਕਰਨ ਤੋਂ ਪਹਿਲਾਂ, ਸੰਗਤ ਲੰਗਰ 'ਤੇ ਟੁੱਟ ਕੇ ਪੈ ਗਈ ਸੀ ਜੋ ਕਿ ਵਲੈਤ ਦੀ ਸਿੱਖ ਸੰਗਤ ਵੱਲੋਂ ਲਾਇਆ ਗਿਆ ਸੀ ਅਤੇ ਇਸ ਯਾਤਰਾ ਦੇ ਸਮੇਂ ਦੇ ਦੌਰਾਨ, ਆਪਣੀ ਕਿਸਮ ਦਾ ਵਧੀਆ ਲੰਗਰ ਸੀ। ਜੋ ਏਥੇ ਮੌਜਾਂ ਨਾਲ ਖਲੋ ਕੇ ਪਲੇਟਾਂ ਵਿੱਚ ਛਕਿਆ ਜਾ ਰਿਹਾ ਸੀ।

ਚੂਹੜਕਾਣਾ ਵਿਰਕਾਂ ਦਾ ਇਸ ਇਲਾਕੇ ਵਿੱਚ ਪਹਿਲਾ ਪਿੰਡ ਸੀ, ਪੁਰਾਣੀ ਮੰਡੀ ਸੀ ਜਦੋਂ ਸ਼ੇਖੂਪੁਰਾ ਵੀ ਆਬਾਦ ਨਹੀਂ ਸੀ ਹੋਇਆ। ਇਸ ਲਈ ਗੁਰੂ ਨਾਨਕ ਬਾਲੇ ਸੰਧੂ ਨੂੰ ਨਾਲ ਲੈ ਕੇ, ਇਥੋਂ ਹੀ ਰਸਦ ਖਰੀਦ ਕੇ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਸੱਚਾ ਸੌਦਾ ਕਰ ਗਿਆ ਸੀ, ਬਾਲ ਉਮਰ ਵਿੱਚ ਹੀ। ਵਾਪਸ ਤਲਵੰਡੀ ਜਾ ਕੇ ਬਾਪੂ ਕਾਲੂ ਤੋਂ ਚਪੇੜਾਂ ਖਾਧੀਆਂ :-

**ਚਾਂਦੀ ਦੀਆਂ ਛਿੱਲਾਂ ਕੁੱਲ ਵੀਹ ਸੀ ਨਕਾਰੀਆਂ,**
**ਨਿੱਕੇ ਜਹੇ ਰੱਬ ਨੂੰ ਚਪੇੜਾਂ ਕਾਹ ਤੋਂ ਮਾਰੀਆਂ।**

ਪਰ ਵੀਹ ਰੁਪਈਏ ਉਦੋਂ ਏਨੇ ਥੋੜ੍ਹੇ ਨਹੀਂ ਸਨ ਹੁੰਦੇ ਜਿਨ੍ਹਾਂ ਨਾਲ ਭੁੱਖੇ ਸਾਧਾਂ ਦੀ ਪੂਰੀ ਪਲਟਣ ਰੱਜ ਗਈ ਸੀ।

ਸਾਡੇ ਕੂਕਿਆਂ ਦੇ ਇਤਿਹਾਸ ਵਿੱਚ ਵੀ ਮੰਡੀ ਚੂਹੜਕਾਣਾ ਅਤੇ ਇਸ ਪਿੰਡ ਦਾ ਵਾਹਵਾ ਜ਼ਿਕਰ ਏ। ਮੈਂ ਸਮਝਦਾਂ ਕਿ ਪਹਿਲਾ ਕੂਕਾ ਜੋ ਝਨਾਂ ਤੋਂ ਵਾਪਸ ਆਉਂਦਿਆਂ ਗੁਰੂ ਰਾਮ ਸਿੰਘ ਨੇ ਬਣਾਇਆ ਉਹ ਇਸੇ ਪਿੰਡ ਦਾ ਅਮਰੀਕ ਸਿੰਘ ਵਿਰਕ ਸੀ। ਇਥੋਂ ਦਾ ਬੁੱਧ ਸਿੰਘ ਬਜਾਜ ਵੀ ਪ੍ਰਸਿੱਧ ਨਾਮਧਾਰੀ ਸੀ ਜਿਸ ਦੇ ਗੁਜ਼ਰ ਜਾਣ ਬਾਅਦ ਉਸ ਦੀ ਵਿਧਵਾ ਬੀਬੀ ਸਾਹਿਬ ਕੌਰ ਅਤੇ ਛੋਟੇ ਬੱਚਿਆਂ ਜੋ ਬਾਅਦ ਵਿੱਚ ਸੇਠ ਗੁਰਚਰਨ ਸਿੰਘ ਅਤੇ ਸੇਠ



Sri Satguru Jagjit Singh Ji eLibrary NamdhariElibrary@gmail.com

ਵਰਿਆਮ ਸਿੰਘ ਥਾਈਲੈਂਡ ਵਾਲੇ ਬਣੇ ਉਨ੍ਹਾਂ ਦੀ ਪ੍ਰਿਤਪਾਲਨਾ ਲਈ ਵਰਨ ਪਿੰਡ ਦੇ ਪ੍ਰਸਿੱਧ ਕੂਕੇ ਸੰਤ ਆਲਾ ਸਿੰਘ ਹੋਰਾਂ ਨੇ ਬੜੀਆਂ ਘਾਲਣਾ ਘਾਲੀਆਂ ਸਨ। ਵਰਨ ਤਾਂ ਇਥੋਂ ਚਾਰ ਕੁ ਕਿਲੋਮੀਟਰ 'ਤੇ ਹੀ ਹੈ ਅਤੇ ਮੇਰਾ ਪਿੰਡ ਝੱਬਰ ਕੋਈ 8-10 ਕਿਲੋਮੀਟਰ ਇਸ ਤੋਂ ਪਹਾੜ ਅਤੇ ਚੜ੍ਹਦੇ ਦੀ ਗੁੱਠ ਵਿੱਚ ਸੀ ਜਿਸ ਨੂੰ ਸਿਰਫ਼ ਵੇਖਿਆ ਦੂਰੋਂ ਹੀ ਜਾ ਸਕਦਾ ਸੀ। ਹੋਰ ਕਈ ਸਬੀਲ ਇਥੋਂ ਵੀ ਪਿੰਡ ਜਾਣ ਦੀ ਨਹੀਂ ਸੀ ਬਣ ਰਹੀ।

ਇਸੇ ਮੰਡੀ ਚੂਹੜਕਾਣਾ ਵਿੱਚ ਪ੍ਰਸਿੱਧ ਕੂਕਾ ਪਰਚਾਰਕ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਜਿਸ ਨੂੰ ਭੂਤਨਾ ਵੀ ਆਖਿਆ ਜਾਂਦਾ ਸੀ, ਦੇਸ਼ ਭਗਤੀ ਦੀਆਂ ਗਤੀਵਿਧੀਆਂ ਸਦਕਾ ਜਦੋਂ ਜੂਹ ਬੰਦ ਕੀਤਾ ਗਿਆ ਤਾਂ ਉਹ ਆਪਣੀਆਂ ਖੁੱਲ੍ਹਾਂ ਮੁੜ ਮਾਨਣ ਲਈ ਕੁਝ ਸਮੇਂ ਲਈ ਨਾਟਕੀ ਢੰਗ ਨਾਲ ਇਸਾਈ ਬਣ ਕੇ, ਇਕ ਪਾਦਰੀ ਦੇ ਬੰਗਲੇ ਵਿੱਚ ਵੀ ਰਹਿੰਦਾ ਰਿਹਾ ਸੀ। ਇੱਥੇ ਹੀ ਸੰਤਾਂ ਦੀ ਸੇਵਕ ਬੀਬੀ ਕੇਸਰੋ ਰਹਿੰਦੀ ਸੀ ਜੋ ਉਨ੍ਹਾਂ ਲਈ ਲੰਗਰ ਪਾਣੀ ਦੀ ਸੇਵਾ ਕਰਿਆ ਕਰਦੀ ਸੀ। ਪਹਿਲਾਂ ਤਾਂ ਲੋਕਾਂ ਨੂੰ ਬੜੀ ਹੈਰਾਨੀ ਹੋਈ ਕਿ ਮੰਗਲ ਸਿੰਘ ਕੀ ਤੇ ਈਸਾਈ ਕੀ? ਬੀਬੀ ਕੇਸਰੋ ਸਭ ਨੂੰ ਇਹੋ ਕਹਿੰਦੀ ਰਹਿੰਦੀ ਹੁੰਦੀ ਸੀ ਕਿ ਇਹ ਵੀ ਸੰਤਾਂ ਦਾ ਕੋਈ ਕੌਤਕ ਹੀ ਹੈ ਤੇ ਇਵੇਂ ਹੀ ਹੋਇਆ ਜਦੋਂ ਨਜ਼ਰਬੰਦੀ ਦੇ ਸਮੇਂ ਦੀ ਮਿਆਦ ਲੰਘ ਗਈ ਤਾਂ ਸੰਤ ਛਾਲ ਮਾਰ ਕੇ ਬੰਗਲੇ ਵਿੱਚੋਂ ਬਾਹਰ ਆ ਗਏ ਅਤੇ ਮੁੜ ਨਾਮਧਾਰੀ ਪੰਥ ਅਤੇ ਕਾਂਗਰਸ ਦੇ ਪ੍ਰਚਾਰ ਵਿੱਚ ਜੁੱਟ ਗਏ।

ਇਥੇ ਚੂਹੜਕਾਣੇ ਆ ਕੇ ਫਿਰ ਇਕ ਵੇਰ ਵਡਾਰੂਆਂ ਦੀ ਭੋਇੰ ਵੇਖਣ ਦੀ ਰੀਝ ਨੇ ਮਨ ਵਿੱਚ ਕੜਵੱਲ ਪਾਉਣੇ ਸ਼ੁਰੂ ਕਰ ਦਿੱਤੇ। ਅਸਾਂ ਇਕ-ਦੂੰਹ ਨੂੰ ਪੁੱਛਿਆ ਕਿ ਝੱਬਰੀਂ ਜਾਣਾ ਚਾਹੁੰਦੇ ਹਾਂ ਕੋਈ ਸਬੀਲ ਬਣੇ। ਇਕ ਆਂਹਦਾ, "ਆਹ ਝੱਬਰ ਖਲੇ ਨੇ" ਪਰ ਟੈਕਸੀ ਵਾਲਾ ਕੋਈ ਡਰਦਾ ਜਾਣ ਨੂੰ ਨਾ ਮੰਨੇ। ਏਨੇ ਨੂੰ ਕਿਸੇ ਸਾਨੂੰ ਇਹ ਜਾਣਕੇ ਕਿ ਅਸੀਂ ਵਿਰਕ ਹਾਂ ਦੱਸਿਆ ਕਿ ਇਥੇ ਮਹਿਕਮਾ ਮਾਲ ਵਿੱਚ ਚੂਹੜਕਾਣੇ ਦੇ ਹੀ ਦੋ ਵਿਰਕ ਮੁਲਾਜ਼ਮ ਨੇ ਤੁਹਾਨੂੰ ਹੁਣੇ ਮਿਲਾਉਂਦੇ ਹਾਂ। ਤੇ ਉਹ ਦੋ ਜਣਿਆਂ ਨੂੰ ਲੈ ਆਇਆ। ਇਕ ਰੱਤਾ ਪਤਲੇ ਜੁੱਸੇ ਵਾਲਾ ਤੇ ਦੂਜਾ ਥੋਹੜਾ ਭਰਵਾਂ ਸਰੀਰ। ਉਮਰ ਦੋਹਾਂ ਦੀ 35-36 ਸਾਲ ਦੇ ਨੇੜੇ। ਪਤਲਾ ਪਟਵਾਰੀ ਸੀ ਤੇ ਭਾਰਾ ਕਾਨੂੰਗੋ। ਦੋਵੇਂ ਚਾਚੇ ਤਾਇਆਂ ਦੇ ਪੁੱਤਰ। ਵਾਹਵਾ ਮਿਲਾਪੜੇ ਸੁਭਾਅ, ਬਣਦੇ ਫੱਬਦੇ ਮੁੰਡੇ। ਸਾਡੇ ਮੁੰਡਿਆਂ ਵਿੱਚ ਉਹ ਝੱਟ ਘੁਲ਼-ਮਿਲ਼ ਗਏ। ਅਸੀਂ ਆਪਣਾ ਪੁਰਾਣਾ ਸਵਾਲ ਵਾਹਿਆ ਕਿ ਕੋਈ ਟੈਕਸੀ ਲੱਭੋ, ਆਪਣੇ ਪਿੰਡ ਅਤੇ ਫਿਰ ਸੱਯਦ ਵਾਰਿਸ ਸ਼ਾਹ ਹੋਰਾਂ ਦੀ ਦਰਗਾਹ ਦੀ ਜ਼ਿਆਰਤ ਕਰ ਆਈਏ। ਉਹ ਕਹਿਣ ਲੱਗੇ ਕਿ ਗੱਡੀਆਂ ਤਾਂ ਆਪਣੀਆਂ ਵੀ ਤੁਹਾਨੂੰ ਦੇ ਸਕਦੇ ਹਾਂ। ਬਰਾਦਰੀ ਦਾ ਕੁਝ ਵੰਡਿਆ ਥੋਹੜਾ ਹੁੰਦਾ ਹੈ ? ਪਰ ਸਖ਼ਤੀ ਬੜੀ ਏ। ਕਮਿਸ਼ਨਰ ਸਾਹਿਬ ਆਏ ਹੋਏ ਹਨ। ਸ਼ਿਕਾਇਤ ਹੋ ਜਾਵੇਗੀ। ਅਸੀਂ ਹੁਣ ਬਿਰਾਦਰੀ ਦੀ ਸ਼ਿਕਾਇਤ ਕਰਵਾਉਣ ਤੋਂ ਗੁਰੇਜ਼ ਕੀਤਾ ਅਤੇ



Sri Satguru Jagjit Singh Ji eLibrary NamdhariElibrary@gmail.com

ਪੁਰਾਣਾ ਪਿੰਡ ਵੇਖਣ ਦਾ ਇਰਾਦਾ ਆਉਣ ਵਾਲੇ ਸਮੇਂ 'ਤੇ ਛੱਡ ਦਿੱਤਾ। ਪਿੰਡ ਨਾਲੋਂ ਵੀ ਜਿਆਦਾ ਰੀਝ ਹੀਰ ਦੇ ਸ਼ਾਇਰ ਵਾਰਿਸ ਸ਼ਾਹ ਦਾ ਸਥਾਨ ਵੇਖਣ ਦੀ ਸੀ ਜਿਸ ਮਿੱਟੀ 'ਤੇ ਵਾਰਿਸ ਦੀਆਂ ਪੈੜਾਂ ਕਦੇ ਪਈਆਂ ਹੋਣਗੀਆਂ। ਕੋਈ ਢਾਈ ਕੁ ਸੌ ਵਰ੍ਹਾ ਪਹਿਲਾਂ, ਉਹ ਮਿੱਟੀ ਆਪਣੇ ਮੱਥੇ ਨਾਲ ਛੁਹਾ ਕੇ ਕਵਿਤਾ ਰਿਣ ਤੋਂ ਮੁਕਤ ਹੋਣਾ ਚਾਹੁੰਦਾ ਸਾਂ। ਵਾਰਿਸ ਸ਼ਾਹ ਨੇ ਜੋ ਆਪਣੇ ਪਿੰਡ ਬਾਰੇ ਲਿਖਿਆ ਹੈ, ਉਹ ਜੰਡਿਆਲਾ ਸ਼ੇਰ ਖਾਂ, ਮੇਰਾ ਗੁਆਂਢੀ ਪਿੰਡ ਸੀ ਤੇ ਇਥੋਂ ਲਾਗੇ ਹੀ ਸੀ :-

**ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ,**
**ਤੇ ਸ਼ਾਗਿਰਦ ਮਖਦੂਮ ਕਸੂਰ ਦਾ ਈ।**

ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਵੇਲੇ ਜੰਡਿਆਲੇ ਦੇ ਲੁੱਟੇ ਪੁੱਟੇ ਜਾਣ ਤੋਂ ਬਚਣ ਵਾਸਤੇ ਵੀ ਵਾਰਿਸ ਨੇ ਲਿਖਿਆ ਸੀ:--

**ਅਹਿਮਦ ਸ਼ਾਹ ਅਜਗੈਬ ਥੀਂ ਆਣ ਪੌਸੀ,**
**ਰੱਬ-ਰੱਖ ਜੰਡਿਆਲੇ ਨੂੰ ਜਾਸੀਆ ਵੇ।**

ਉਹ ਰੱਬ ਦੀਆਂ ਰੱਖਾਂ ਵਾਲਾ ਪਿੰਡ ਵੇਖਣ ਦਾ ਸੁਪਨਾ ਨੈਣਾਂ ਵਿੱਚ ਹੀ ਲਟਕਦਾ ਰਿਹਾ। ਸਾਨੂੰ ਠੰਡੇ ਪਿਆ ਕੇ ਮਾਲ ਮੁਲਾਜ਼ਮਾਂ ਨੇ ਕਿਹਾ ਕਿ ਇਕ ਸਾਡਾ ਚਾਚਾ ਏ ਪੁਰਾਣਾ ਬਜ਼ੁਰਗ, ਉਹਨੂੰ ਬੁਲਾਉਂਦੇ ਹਾਂ। ਉਹ ਤੁਹਾਨੂੰ ਵਿਰਕਾਂ ਦੀਆਂ ਪੁਰਾਣੀਆਂ ਗੱਲਾਂ ਸ਼ਾਇਦ ਕੁਝ ਦੱਸ ਸਕੇਗਾ।

ਬਜ਼ੁਰਗਾਂ ਦਾ ਨਾਂਅ ਰਫ਼ੀਕ ਵਿਰਕ ਸੀ। ਉਮਰ 75-76 ਵਰ੍ਹਿਆਂ ਦੀ ਛੀਟਕਾ ਜਿਹਾ ਸਰੀਰ। ਅੱਖਾਂ ਤਿੱਖੀਆਂ ਨਜ਼ਰਾਂ ਵਾਲੀਆਂ ਤੇ ਛੋਟੀਆਂ-ਛੋਟੀਆਂ, ਜਿਹੋ-ਜਿਹੀਆਂ ਟਕਸਾਲੀ ਵਿਰਕਾਂ ਦੀਆਂ ਹੁੰਦੀਆਂ ਹਨ, ਅਸੀਂ ਪੁੱਛਿਆ, " ਸੁਣਾਓ ਬਜ਼ੁਰਗੋ, ਹਾਲ ਚਾਲ" ਤੇ ਗੋਡੀਂ ਹੱਥ ਲਾਇਆ। ਬੋਲੇ, ਰੰਗ ਲੱਗੇ ਹੋਏ ਨੇ" ਅਤੇ ਨਾਲ ਆਏ ਚੂਹੜਕਾਣੇ ਦੇ ਇਕ ਹੋਰ ਸ਼ਖ਼ਸ ਵੱਲ ਵੇਖ ਕੇ ਮਿੰਨ੍ਹਾ-ਮਿੰਨ੍ਹਾ ਮੁਸਕਰਾਏ ਤੇ ਫਿਰ ਆਪੋ ਬੋਲ ਪਏ, ਰੰਗ ਹੀ ਆਖਦਾ ਬਣਦਾ ਏ। ਪੁੱਤਰ ਇਕੋ ਇਕ ਈ ਸੀ। ਗੱਭਰੂ ਜੁਆਨ। ਥਾਣੇਦਾਰ ਲੱਗਿਆ। ਉਹ ਸਾਈਂ ਨੂੰ ਪਿਆਰਾ ਹੋ ਗਿਆ ਏ" ਦੋ ਕੁ ਮਿੰਟ ਦੀ ਖ਼ਾਮੋਸ਼ੀ ਤੋਂ ਬਾਅਦ ਬਾਬੇ ਨੇ ਆਪਣੀ ਵਾਰਤਾ ਸੁਨਾਉਣੀ ਸ਼ੁਰੂ ਕਰ ਦਿੱਤੀ :-

"ਅਸੀਂ 9 ਕੁ ਪੀਹੜੀਆਂ ਤੋਂ ਹੀ ਮੁਸਲਮਾਨ ਬਣੇ ਹਾਂ, ਪਹਿਲਾਂ ਹਿੰਦੂ ਜਾਂ ਸਿੱਖ ਹੋਵਾਂਗੇ। ਹੋਇਆ ਇੰਜ ਕਿ ਸਾਡਾ ਚੂਹੜਕਾਣੇ ਵਾਲਿਆਂ ਵਿਰਕਾਂ ਦਾ ਕੁਝ ਝਗੜਾ ਰਹਿੰਦਾ ਸੀ, ਗੁਆਂਢੀ ਜੰਡਿਆਲੇ ਸ਼ੇਰ ਖਾਂ ਵਾਲਿਆਂ ਪਠਾਣਾਂ ਦੇ ਨਾਲ। ਉਨ੍ਹਾਂ ਸਾਡਾ ਇਕ ਬੰਦਾ ਮਾਰ ਘੱਤਿਆ। ਕੁਝ ਸਮਾਂ ਪਾ ਕੇ ਉਹਦੀ ਸੁਆਣੀ ਨੰਗੇ ਮੂੰਹ ਪਿੰਡ ਦੀ ਜਿਥੇ ਪਰ੍ਹੇ ਬੈਠੀ ਸੀ ਉਥੋਂ ਲੰਘ ਟੁਰੀ। ਪੈਂਚਾਂ ਦੇ ਪੁੱਛਣ 'ਤੇ ਉਸ ਦੱਸਿਆ ਕਿ ਮੇਰਾ ਬੰਦਾ ਉਨ੍ਹਾਂ ਮਾਰ ਦਿੱਤਾ ਹੈ।



Sri Satguru Jagjit Singh Ji eLibrary NamdhariElibrary@gmail.com

ਹੁਣ ਕਿਸੇ ਦਿਨ ਮੈਨੂੰ ਵੀ ਹਿੱਕ ਲਿਜਾਣਗੇ। ਮੈਨੂੰ ਹੁਣ ਪਰ੍ਹੇ ਦੀਆਂ ਕਾਹਦੀਆਂ ਸ਼ਰਮਾਂ ? ਕਾਵੜ ਲੱਗੀਓ ਨੇ। ਜਿਉਂ ਪਏ ਸਾਡੇ ਬੰਦੇ ਉਨ੍ਹਾਂ ਜੰਡਿਆਲੇ ਆਲਿਆਂ ਦੇ 5-6 ਬੰਦੇ ਵੱਢ ਘੱਤੇ। ਸਮਾਂ ਪਾ ਕੇ ਜੰਡਿਆਲੇ ਦਾ ਕੋਈ ਪਠਾਣ ਫ਼ੌਜ ਵਿੱਚ ਵੱਡਾ ਅਫਸਰ ਬਣ ਗਿਆ ਤੇ ਇਕ ਦਿਨ ਫ਼ੌਜ ਦੀ ਇਕ ਧਾੜ ਲੈ ਕੇ ਜੰਡਿਆਲੇ ਦੇ ਹੀ ਕੁਝ ਲੋਕਾਂ ਨੂੰ ਡਰਾਉਣ ਆ ਪਿਆ। ਉਨ੍ਹਾਂ ਪਿੰਡ ਵਾਲਿਆਂ ਆਖਿਆ ਪਈ ਏਡਾ ਹੀ ਜੇ ਵੱਡਾ ਰੋਅਬ ਵਾਲਾ ਏਂ ਤਾਂ ਸਾਨੂੰ ਕਿਉਂ ਡਰਾਨਾ ਏਂ? ਆਹ ਚੂਹੜਕਾਣੀਏ ਈਂ ਜਿਨ੍ਹਾਂ ਆਪਣੇ ਬੰਦੇ ਮਾਰੇ ਨੇ। ਉਸ ਸਾਰੀ ਸ਼ਾਹੀ ਧਾੜ ਲੈ ਕੇ ਹਜ਼ਾਰਾਂ ਬੰਦੇ ਸਾਡੇ ਪਿੰਡ ਨੂੰ ਆ ਘੇਰਾ ਘੱਤਿਆ। ਸਾਡੇ ਨੌਂ ਵੀਹਾਂ ਬੰਦੇ ਉਨ੍ਹਾਂ ਕੈਦ ਕਰ ਲਏ। ਸਾਰਿਆਂ ਨੂੰ ਲੈ ਜਾ ਕੇ ਗਾਂ ਚਾ ਖੁਆਈਓ ਨੇ। ਫਿਰ ਕੁਝ ਦਿਨਾਂ ਬਾਅਦ ਜਦੋਂ ਧਾੜ ਮੁੜ ਗਈ ਸਾਡੇ ਬੰਦੇ ਵੀ ਘਰ ਆ ਗਏ ਸਾਰੇ। ਹੁਣ ਜਦੋਂ ਉਨ੍ਹਾਂ ਨੂੰ ਬਾਕੀ ਪਿੰਡ ਵਾਲਿਆਂ ਪੁੱਛਿਆ ਪਈ ਤੁਹਾਨੂੰ ਉਨ੍ਹਾਂ ਗਾਂ ਖੁਆਈ ਏ? ਤਾਂ ਸਾਰੇ ਮੁਕਰ ਗਏ। ਸਿਰਫ਼ ਜਿਹੜੇ ਸਾਡੇ ਵਡੇਰੇ ਸਨ ਉਹ ਨਾ ਮੁੱਕਰੇ। ਉਨ੍ਹਾਂ ਆਖਿਆ ਪਈ ਅਸੀਂ ਤਾਂ ਖਾਧੀ ਏ ਝੂਠ ਕਿਉਂ ਬੋਲੀਏ। ਦੂਜਿਆਂ ਨੂੰ ਉਨ੍ਹਾਂ ਰਲਾ ਲਿਆ ਪਰ ਸਾਡੇ ਇਸ ਕਰਕੇ ਨਾ ਰਲਾਏ ਤੇ ਉਨ੍ਹਾਂ ਆਖਿਆ ਚੰਗਾ ਫਿਰ ਤੁਹਾਡੀ ਮਰਜ਼ੀ ਤੇ ਉਹ ਦੀਨਦਾਰ ਬਣ ਗਏ।" ਹਿੰਦੂ ਧਰਮ ਦਾ ਕਠੋਰ ਸਮਾਜੀ ਪ੍ਰਬੰਧ ਹੀ ਇਸ ਦੀ ਅਧੋਗਤੀ ਦਾ ਜ਼ਿੰਮੇਵਾਰ ਸ਼ੀ।

ਫਿਰ ਜਦੋਂ ਝੱਬਰ ਪਿੰਡ ਦੇ ਪੁਰਾਣੇ ਬੰਦਿਆਂ ਬਾਰੇ ਉਸ ਤੋਂ ਪੁੱਛਿਆ ਤਾਂ ਚੌਧਰੀ ਰਫ਼ੀਕ ਨੇ ਜ਼ੈਲਦਾਰ ਨਿਪਾਲ ਸਿੰਘ ਦਾ ਨਾਂਅ ਲਿਆ। ਪੁੱਛਣ 'ਤੇ ਉਸ ਦੱਸਿਆ ਕਿ ਕਰਤਾਰ ਸਿੰਘ ਝੱਬਰ ਦਾ ਨਾਂਅ ਵੀ ਸੁਣਿਆ ਸੀ। ਗੁਰਦੁਆਰੇ ਵਿੱਚ ਇਥੇ ਵੀ ਆਉਂਦਾ ਹੁੰਦਾ ਸੀ। ਹੋਰਨਾ ਨਾਲ ਉਹਦੀ ਏਨੀ ਵਾਹ ਨਹੀਂ ਸੀ। ਜ਼ੈਲਦਾਰ ਨਿਪਾਲ ਸਿੰਘ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ੍ਰ. ਕੁਲਦੀਪ ਸਿੰਘ ਵਿਰਕ ਦੇ ਪਿਤਾ ਸਨ। ਮੇਰੇ ਪਿਤਾ ਜੀ ਦੇ ਇਕ ਚਾਚੇ ਘਸੀਟਾ ਸਿੰਘ ਦੀ ਘਰ ਦੀ ਮਾਈ ਪ੍ਰੇਮ ਕੌਰ ਰੌਲੇ ਤੋਂ ਕੁਝ ਸਮਾਂ ਪਹਿਲਾਂ ਝੱਬਰਾਂ ਵਿੱਚ ਹੀ ਗੁਜ਼ਰ ਗਈ ਸੀ। ਉਲਾਦ ਨਹੀਂ ਸੀ ਤੇ ਇਹ ਬਾਬਾ ਆਖੇ ਕਿ ਮੈਂ ਹਿੰਦੁਸਤਾਨ ਜਾ ਕੇ ਕੀ ਕਰਨਾ ਹੈ। ਮੈਨੂੰ ਇਥੇ ਹੀ ਰਹਿਣ ਦਿਉ। ਮੈਂ ਆਪਣੇ ਪਿੰਡ ਦੇ ਜੁਲਾਹਿਆਂ ਦੇ ਘਰੋਂ ਰੋਟੀ ਖਾ ਲਿਆ ਕਰਾਂਗਾ। ਇਹ ਕੈਂਪ ਵਿੱਚ ਚੂਹੜਕਾਣੇ ਨਾ ਆਇਆ। ਫਿਰ ਬਾਪੂ ਜੀ ਘੋੜੀ ਲੈ ਕੇ ਗਏ ਅਤੇ ਇਹਨੂੰ ਲੱਦ ਕੇ ਲਿਆਏ ਕਿ ਚਾਚਾ ਤੈਨੂੰ ਇਥੇ ਛੱਡ ਕੇ ਜਾਂਦੇ ਅਸੀਂ ਚੰਗੇ ਲੱਗਾਂਗੇ? ਇਹ 1961 ਈ. ਵਿੱਚ ਸਾਡੇ ਪਿੰਡ ਕਰੀਵਾਲੇ ਜ਼ਿਲ੍ਹਾ ਸਿਰਸਾ ਵਿਖੇ, ਹੁਕਮ ਸੱਤ ਹੋਏ। ਸੌ ਵਰ੍ਹਿਆਂ ਦੇ ਕਰੀਬ ਉਮਰ ਭੋਗੀ ਸੀ।

ਬਾਬੇ ਰਫ਼ੀਕ ਨਾਲ ਗੱਲਾਂ ਕਰਦਿਆਂ ਕਰਦਿਆਂ ਮੁੜਣ ਦਾ ਸਮਾਂ ਹੋ ਗਿਆ ਅਤੇ ਆਪੋ-ਆਪਣੀਆਂ ਬੱਸਾਂ ਵਿੱਚ ਜਾ ਸਵਾਰ ਹੋਏ। ਇਉਂ ਪਿੰਡ ਦੇ ਦਰਸ਼ਨ ਦੀਦਾਰ ਦੀ ਸਿੱਕ ਮਨ ਵਿੱਚ ਲੈ ਕੇ ਸ਼ਾਮੀ ਵਾਪਸ ਨਨਕਾਣਾ ਸਾਹਿਬ ਗੁਰਦੁਆਰੇ ਪੁੱਜ ਗਏ। ਚਲੋ ਫਿਰ ਕਦੇ



Sri Satguru Jagjit Singh Ji eLibrary NamdhariElibrary@gmail.com

ਸਮਾਂ ਮਿਲਿਆ ਤਾਂ ਵੇਖਾਂਗੇ। ਵਾਰਿਸ ਸ਼ਾਹ ਹੋਰਾਂ ਦਾ ਕਥਨ ਹੈ:--

ਅਸਾਂ ਜਦੋਂ ਕਦੇ ਉਨ੍ਹਾਂ ਪਾਸ ਜਾਣਾ,
ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ।



Sri Satguru Jagjit Singh Ji eLibrary NamdhariElibrary@gmail.com

# ਅਦਬੀ ਸੰਗਤ ਨਨਕਾਣਾ ਸਾਹਿਬ ਦਾ ਮੁਸ਼ਾਇਰਾ

ਸ਼ਾਮੀਂ ਪੰਜਾਬੀ ਅਦਬੀ ਸੰਗਤ ਨਨਕਾਣਾ ਸਾਹਿਬ ਵੱਲੋਂ ਸਾਡੇ ਸਨਮਾਨ ਵਿੱਚ ਇਕ ਮੁਸ਼ਾਇਰੇ ਦਾ ਪ੍ਰਬੰਧ ਕੀਤਾ ਗਿਆ ਸੀ, ਰਾਤ ਵੇਲੇ ਦੰਦਾਂ ਦੇ ਡਾਕਟਰ ਸਾਹਿਬ ਦੀ ਦੁਕਾਨ ਦੇ ਪਿਛੇ ਇਕ ਖੁੱਲ੍ਹੇ ਕਮਰੇ ਵਿੱਚ ਜਿਥੇ ਅਸੀਂ ਸੱਤ ਕੁ ਵਜੇ ਪ੍ਰਿੰਸੀਪਲ ਸ਼ੇਰ ਸਿੰਘ ਸ਼ੇਰ, ਕਰਨੈਲ ਸਿੰਘ ਅਸਪਾਲ ਅਤੇ ਗੁਰਦਾਸ ਸਿੰਘ ਘਾਰੂ ਸਮੇਤ ਅੱਪੜ ਗਏ ਸਾਂ। ਪ੍ਰਿੰਸੀਪਲ ਗੁਲਾਮ ਰਸੂਲ ਆਜ਼ਾਦ ਹੋਰਾਂ ਦੱਸਿਆ ਕਿ ਉਨ੍ਹਾਂ ਆਪਣੇ ਇਕ ਪੁਰਾਣੇ ਵਿਦਿਆਰਥੀ ਜੋ ਹੁਣ ਸੈਸ਼ਨ ਜੱਜ ਏ ਦੇ ਰਾਹੀਂ ਪ੍ਰਿੰਸੀਪਲ ਸ਼ੇਰ ਨੂੰ ਨਨਕਾਣਾ ਸਾਹਿਬ ਦੇ ਨੇੜੇ ਉਸ ਦੇ ਪੁਰਾਣੇ ਪਿੰਡ ਚੰਨਿਆਵਾਲੀ ਪਹੁੰਚਾ ਦਿੱਤਾ ਸੀ। ਉਹ ਕਹਿੰਦੇ ਸਨ ਕਿ ਮੈਂ ਵੇਖਿਆ ਭਾਲਿਆ ਤਾਂ ਤੈਨੂੰ ਵੀ ਪਈ ਵਿਰਕ ਨੂੰ ਵੀ ਝੱਬਰੀਂ ਪਹੁੰਚਾਈਏ ਪਰ ਤੂੰ ਉਦੋਂ ਲੱਭਾ ਨਹੀਂ। ਅਸੀਂ ਉਦੋਂ ਗੁਰਦੁਆਰਾ ਸਾਹਿਬ ਦੀ ਕੰਧ ਨਾਲ ਚੌਧਰੀ ਰਫ਼ੀਕ ਦੇ ਬਚਨ ਬਿਲਾਸ ਸੁਣ ਰਹੇ ਸਾਂ। ਪ੍ਰਿੰਸੀਪਲ ਆਜ਼ਾਦ ਦਾ ਪੁੱਤਰ ਵੀ ਮਹਿਫ਼ਿਲ ਵਿੱਚ ਕੁਝ ਸਮਾਂ ਆਇਆ। ਆਜ਼ਾਦ ਸਾਹਿਬ ਦਾ ਇਕ ਡੇਰਾ ਇਥੇ ਨਨਕਾਣਾ ਸਾਹਿਬ ਦੇ ਬਾਹਰ ਵਾਰ ਹੈ ਜਿਥੇ ਉਹ ਵਾਹੀ ਵੀ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵੀ ਸ਼ਾਇਰ ਸੱਜਣ ਨਨਕਾਣਾ ਸਾਹਿਬ ਤੋਂ ਬਾਹਰੋਂ ਪਾਕਿਸਤਾਨ ਦੇ ਦੂਜੇ ਸ਼ਹਿਰਾਂ ਕਸਬਿਆਂ ਵਿੱਚੋਂ ਆਏ ਹਨ, ਉਨ੍ਹਾਂ ਦੀ ਰੋਟੀ ਦਾ ਪ੍ਰਬੰਧ ਆਪਣੇ ਡੇਰੇ 'ਤੇ ਕੀਤਾ ਹੈ। ਆਸ਼ਕ ਬੱਢਾ ਵੀ ਅੱਜ ਦੀ ਮਹਿਫ਼ਿਲ ਵਿੱਚ ਸਾਡੇ ਨਾਲ ਪੁੱਜ ਗਿਆ ਸੀ। ਪਾਕਿਸਤਾਨ ਸਰਕਾਰ ਵਿਦੇਸ਼ੀਆਂ ਵਿਸ਼ੇਸ਼ ਕਰਕੇ ਭਾਰਤੀਆਂ ਦੀਆਂ ਗਤੀਵਿਧੀਆਂ 'ਤੇ ਆਪਣੀ ਤਿੱਖੀ ਨਿਗਾਹ ਰੱਖਦੀ ਹੈ। ਕੱਲ੍ਹ ਰਾਤ ਵਾਲੀ ਹੋਈ ਮਹਿਫ਼ਿਲ ਵਿੱਚ ਵੀ ਪ੍ਰਿੰਸੀਪਲ ਸਾਹਿਬ ਨੇ ਦੱਸਿਆ ਸੀ ਕਿ ਸੀ.ਆਈ.ਡੀ. ਦੇ ਇਕ ਇੰਸਪੈਕਟਰ ਮੌਜੂਦ ਸਨ ਜੋ ਕਿ ਉਂਝ ਉਨ੍ਹਾਂ ਦੇ ਮਿੱਤਰ ਸਨ। ਅੱਜ ਦੇ ਮੁਸ਼ਾਇਰੇ ਦੀ ਸਦਾਰਤ ਪੰਜਾਬ ਸਰਕਾਰ ਦੇ ਸ਼ਾਇਦ ਪਬਲਿਕ ਰੀਲੇਸ਼ਨਜ਼ ਮਹਿਕਮੇ ਦੇ ਡਿਪਟੀ ਡਾਇਰੈਕਟਰ ਨੇ ਕੀਤੀ ਸੀ। ਇਸ ਦੇ ਉਚੇਚੇ ਪ੍ਰਾਹੁਣਿਆਂ ਦਾ ਜ਼ਿਕਰ ਕਰਦਿਆਂ ਆਜ਼ਾਦ ਸਾਹਿਬ ਨੇ ਕਿਹਾ ਕਿ ਪਹਿਲੇ ਹਨ 18 ਕਿਤਾਬਾਂ ਦੇ ਲਿਖਾਰੀ ਪ੍ਰਿੰਸੀਪਲ ਸ਼ੇਰ ਸਿੰਘ ਸ਼ੇਰ, ਦੂਜੇ ਸ਼ੇਖ਼ੂਪੁਰਾ ਦੇ ਜਨਾਬ ਆਫ਼ਤਾਬ ਗੁਲਾਮ ਅਤੇ ਤੀਜੇ ਸੁਵਰਨ ਸਿੰਘ ਵਿਰਕ ਜੋ ਭਾਰਤ ਦੇ ਹਰਿਆਣਾ ਪ੍ਰਾਂਤ ਤੋਂ ਆਏ ਹਨ। ਫਿਰ ਉਨ੍ਹਾਂ ਇਸ ਮੁਸ਼ਾਇਰੇ ਦੀ ਕਮਾਨ ਜਨਾਬ ਅਬਦੁਰ ਰਸ਼ੀਦ ਨੂੰ ਸੌਂਪ ਦਿੱਤੀ। ਮੁਸ਼ਾਇਰੇ ਦਾ ਆਰੰਭ ਕਲਾਮੇ ਪਾਕਿ ਦੀ ਤਲਾਵਤ ਨਾਲ ਭਾਈ ਮੁਹੰਮਦ ਅਲੀ ਨੇ ਸ਼ੁਰੂ ਕੀਤਾ :-

**ਮਦੀਨੇ ਦੀ ਗਲੀ ਚੇਤੇ ਰਵ੍ਹੇਗੀ।**
**ਨਬੀ ਦੀ ਹਾਜਰੀ ਚੇਤੇ ਰਵ੍ਹੇਗੀ।**



Sri Satguru Jagjit Singh Ji eLibrary NamdhariElibrary@gmail.com

ਸੁਨਹਿਰੀ ਜਾਲੀਆਂ ਨੂੰ ਸੀਨੇ ਲਾ ਕੇ,
ਉਹ ਅੱਖੀਆਂ ਦੀ ਝੜੀ ਚੇਤੇ ਰਵ੍ਹੇਗੀ।

ਹਜ਼ਰਤ ਮੁਹੰਮਦ ਸਾਹਿਬ ਦੇ ਸਾਦਾ ਜੀਵਨ ਦੀ ਤਰਜਮਾਨੀ ਇਹ ਸਤਰਾਂ ਕਰਦੀਆਂ ਹਨ :-

ਤੇਰੇ ਬਿਸਤਰ ਖਜੂਰੀ ਤੋਂ ਮੈਂ ਸਦਕੇ,
ਤੇਰੀ ਇਹ ਸਾਦਗੀ ਚੇਤੇ ਰਵ੍ਹੇਗੀ।
ਮਰਨੇ ਤੋਂ ਬਾਅਦ ਵੀ ਨਾਸਿਰ ਇਹ ਮਹਿਫ਼ਿਲ,
ਸਦਾ ਭਾਗਾਂ ਭਰੀ ਚੇਤੇ ਰਵ੍ਹੇਗੀ।

ਹੁਣ ਵਾਰੀ ਆਈ ਸੂਖਮ ਕਾਇਆ ਵਾਲੇ ਠੋਡੀ 'ਤੇ ਦਾੜ੍ਹੀ ਵਾਲੇ ਸ਼ਾਇਰ ਮਨਜ਼ੂਰ ਅਹਿਮਦ ਦੀ, ਜਿਨ੍ਹਾਂ ਦਾ ਤਖ਼ੱਲਸ ਜੁਗਨੂੰ ਗੁਰਦਾਸਪੁਰੀ ਸੀ, ਉਨ੍ਹਾਂ ਨੇ ਆਪਣੀ ਕਵਿਤਾ ਨਾਲ ਹੱਦ ਦੇ ਦੂਜੇ ਬੰਨ੍ਹਿਉਂ ਆਉਣ ਵਾਲੇ ਲੇਖਕਾਂ ਦਾ ਸੁਆਗਤ ਕੀਤਾ :-

ਪੂਰਬ ਵੱਲੋਂ ਆਉਣ ਵਾਲਿਓ,
ਜੀ ਆਇਆਂ ਨੂੰ।
ਸਭਨਾਂ ਦੇ ਮਨ ਭਾਉਣ ਵਾਲਿਓ,
ਜੀ ਆਇਆਂ ਨੂੰ।

ਅਗਲਾ ਸ਼ੇਅਰ ਪ੍ਰਿੰਸੀਪਲ ਆਜ਼ਾਦ ਨੂੰ ਮੁਖਾਤਿਬ ਸੀ :-

ਸੱਜਣਾ ਦੇ ਵਿੱਚ ਰਲ ਕੇ ਬਹਿਣ ਦਾ ਏਡਾ ਸੁਹਣਾ,
ਇਹ ਸਨਬੰਧ ਬਨਾਉਣ ਵਾਲਿਓ,
ਜੀ ਆਇਆਂ ਨੂੰ।

ਫਿਰ ਉਹ ਸਾਰਿਆਂ ਕਲਮਾਂ ਵਾਲਿਆਂ ਨੂੰ ਕਹਿ ਰਹੇ ਸਨ :-

ਸੱਚੇ ਸਾਹਿਬ ਦੀ ਬਖਸ਼ੀ ਹੋਈ ਹਿਆਤੀ,
ਅਦਬੀ ਲੇਖੇ ਲਾਉਣ ਵਾਲਿਓ, ਜੀ ਆਇਆਂ ਨੂੰ।
ਆਉਂਦੇ-ਜਾਂਦੇ ਫਿਰ ਵੀ ਦਰਸ਼ਨ ਦਿੰਦੇ ਰਹਿਣਾ,
ਅੱਜ ਦੀ ਸਭਾ ਸਜਾਉਣ ਵਾਲਿਓ,
ਜੀ ਆਇਆਂ ਨੂੰ।

ਮੁਹੰਮਦ ਅਕਰਮ 'ਅਸਲਮ' ਹੋਰਾਂ ਦੁਨੀਆ ਨੂੰ ਕੂੜ ਪਟਾਰੀ ਦੱਸਦਿਆਂ ਆਗੂਆਂ ਪ੍ਰਤੀ ਉਹੋ ਜਿਹੀ ਨਾਰਾਜ਼ਗੀ ਪ੍ਰਗਟ ਕੀਤੀ ਜਿਹੋ ਜਿਹੀ ਆਪਣੇ ਪਾਸੇ ਵੀ ਲੋਕ ਅਕਸਰ ਕਰਦੇ ਹਨ :-

ਸਾਡਾ ਲੀਡਰ ਹੋ ਕੇ ਤੂੰ ਤੇ ਸਾਨੂੰ ਈਂ ਲੁੱਟੀ ਜਾਵੇਂ,



Sri Satguru Jagjit Singh Ji eLibrary NamdhariElibrary@gmail.com

ਆਪਣੇ ਘਰ ਨੂੰ ਸੰਨ੍ਹਾਂ ਲਾਵੇਂ ਬੰਦਾ ਏ ਕਿ ਖੱਚ।

ਮੁਹੰਮਦ ਸਦੀਕ ਖਾਲਿਦ ਹੋਰਾਂ ਵੀ ਇਸੇ ਰੰਗ ਵਿੱਚ ਆਪਣੀ ਗੱਲ ਪਹਿਲਾਂ ਤੇ ਉਨ੍ਹਾਂ ਲੋਕਾਂ ਬਾਰੇ ਕੀਤੀ ਜੋ ਫੁੱਟਪਾਥਾਂ 'ਤੇ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਅਤੇ ਫਿਰ ਅਖੌਤੀ ਲੀਡਰਾਂ ਦੇ ਬਖ਼ੀਏ ਉਧੇੜੇ :-

ਸਾਡੇ ਵੋਟ ਨਾਲ ਜਿੱਤਣ ਵਾਲਾ
ਸਾਨੂੰ ਧੱਕੇ ਦੇਦਾਂ ਏ,
ਕੁਰਸੀ ਉੱਤੇ ਬਹਿ ਕੇ ਸਾਰੇ
ਕੀਤੇ ਕੌਲ ਵਿਸਾਰ ਗਿਆ।

ਜਨਾਬ ਫਜ਼ਲ ਕਰੀਮ 'ਫਜ਼ਲ' ਹੋਰਾਂ ਸਮਾਜਿਕ ਕੁਰੀਤੀਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ, ਉਨ੍ਹਾਂ ਦੇ ਸ਼ੇਅਰਾਂ ਵਿੱਚ ਪੁਰਾਤਨਤਾ ਅਤੇ ਆਧੁਨਿਕਤਾ ਦਾ ਕਨਟਰਾਸਟ ਵੀ ਵਾਹਵਾ ਫੱਬਦਾ ਸੀ :-

ਦਾਜ ਦੀ ਪਾਰੋਂ ਕੋਝੀ ਹੋ ਕੇ, ਬੂਹੇ 'ਤੇ ਆ ਬੈਠੀ,
ਚੰਗਾ ਹੁੰਦਾ ਜੇ ਨਾ ਜੰਮਦੀ ਘਰ ਵਿੱਚ ਧੀ ਧਿਆਣੀ।

-------------

ਦੋਵੇਂ ਪਾਸੇ ਗੇੜਦੀਆਂ ਸਨ, ਚੂੜੇ ਵਾਲੀਆਂ ਬਾਹਵਾਂ,
ਇਕੋ ਪਾਸੇ ਗਿੜਦੀ ਹੈ ਹੁਣ, ਬਿਜਲੀ ਨਾਲ ਮਧਾਣੀ।

ਸਾਡੇ ਕਵੀ ਸ਼ਿਵ ਕੁਮਾਰ ਨੇ ਕਦੇ ਕਿਹਾ ਸੀ :-

ਧੀਆਂ ਜੇ ਲੋਕਾਂ ਹੁਣ ਸੁਨੱਖੀਆਂ
ਦੇਂਦੇ ਈ ਲੋਕ ਡਰਾ
ਧੀਆਂ ਜੇ ਲੋਕਾ ਹੋਣ ਕਰੂਪੀਆਂ,
ਕੌਣ ਖੜੇ ਪਰਨਾ?

ਔਰਤ ਜਾਤੀ ਦੁਆਰਾ ਭੋਗੇ ਜਾ ਰਹੇ ਇਸ ਦਵੰਦ ਦਾ ਪ੍ਰਗਟਾਵਾ ਵੀ ਫਜ਼ਲ ਹੋਰਾਂ ਦੇ ਸ਼ੇਅਰਾਂ ਵਿੱਚ ਸੀ :-

ਔਖੀ ਹੋ ਗਈ ਰਾਖੀ ਕਰਨੀ ਇੱਜ਼ਤਾਂ ਦੀ,
ਚਿਹਰੇ ਪੜ੍ਹ ਕੇ ਵੇਖੇ ਜਦ ਮੁਟਿਆਰਾਂ ਦੇ।
ਧੀ ਕੰਮੀਆਂ ਦੀ ਮੁੜ ਕੇ ਵਾਪਸ ਆਈ ਨਹੀਂ,
ਲੱਸੀ ਲੈਣ ਗਈ ਸੀ ਲੰਬੜਦਾਰਾਂ ਦੇ।

ਮਨ ਹੋਰ ਤੇ ਮੁਖ ਹੋਰ ਵਾਲੀ ਕਰਨੀ ਜੋ ਵਰਤਮਾਨ ਸਰਮਾਏਦਾਰੀ ਨਜ਼ਾਮ ਸਦਕਾ ਭੋਗਣੀ ਪੈ ਰਹੀ ਹੈ ਇਹ ਦੇ ਖੰਡਿਤ ਬਿੰਬ ਵੀ ਦ੍ਰਿਸ਼ਟੀਗੋਚਰ ਹੋਏ :-



Sri Satguru Jagjit Singh Ji eLibrary NamdhariElibrary@gmail.com

ਉੱਤੋਂ-ਉੱਤੋਂ ਪਿਆਰ ਜਤਾਈ ਜਾਂਦੇ ਨੇ।
ਵਿਚੋਂ ਘੁਣ ਦੇ ਵਾਂਗਰ ਖਾਈ ਜਾਂਦੇ ਨੇ।
ਫੁੱਲਾਂ ਵਿੱਚ ਲੁਕੋ ਕੇ ਜ਼ਹਿਰੀ ਸੱਪਾਂ ਨੂੰ।
ਗਲ ਮੇਰੇ ਵਿੱਚ ਹਾਰ ਉਹ ਪਾਈ ਜਾਂਦੇ ਨੇ।

ਦੂਤੀਆਂ ਵੱਲੋਂ ਦੀਨ ਧਰਮ ਦਾ ਰੌਲਾ ਪਾਏ ਜਾਣ ਦੀ ਕਵਿਤਾ ਦੁਬਾਰਾ ਜੁਗਨੂੰ ਗੁਰਦਾਸਪੁਰੀ ਹੋਰਾਂ ਸੁਣਾਈ। ਉਨ੍ਹਾਂ ਨੂੰ ਆਪਣਾ ਸੋਝੀ ਭਰਿਆ ਬਚਪਨ ਅੱਜ ਵੀ ਚੇਤੇ ਸੀ :-

ਸਾਡੀਆਂ ਗੱਲਾਂ ਬਾਤਾਂ ਸੁਣਕੇ ਦਾਨੇ ਦੰਗ ਸੀ ਹੁੰਦੇ,
ਉਂਜ ਤੇ ਹੈਸੀ ਉਦੋਂ ਉਮਰ ਨਿਆਣੀ ਸਾਡੀ।

ਹੁਣ ਵਾਰੀ ਆਈ ਸਾਜ਼ਿੰਦਿਆਂ ਦੀ। ਮੁਬਾਰਕ ਅਲੀ ਕੱਵਾਲ ਨੇ ਚੰਗਾ ਰੰਗ ਬੰਨ੍ਹਿਆ। ਉਨ੍ਹਾਂ ਦੇ ਨਾਲ ਤਬਲੇ ਤੇ ਅਰਸ਼ਾਦ ਅਲੀ ਉਰਫ ਨਾਢੂ ਖਾਂ ਸਨ। ਉਨ੍ਹਾਂ ਪ੍ਰਿੰਸੀਪਲ ਆਜ਼ਾਦ ਦੀ ਇਕ ਗ਼ਜ਼ਲ ਗਾ ਕੇ ਵਾਹ-ਵਾਹ ਲੁੱਟੀ:-

ਹੋਈਆਂ ਕੁਝ ਇਸ ਤਰਾਂ ਨੇ ਅਕਲਾਂ ਸਿਆਣੀਆਂ।
ਗਰਜ਼ਾਂ ਬਗੈਰ ਜਾਣ ਨਾ ਸ਼ਕਲਾਂ ਪਛਾਣੀਆਂ।
ਦਿਲ ਨੂੰ ਦਿਲਾਸੇ ਦੇਣ ਲਈ ਝੁੱਗੀਆਂ ਦੇ ਸ਼ਹਿਨਸ਼ਾਹ,
ਪੁੱਤਰਾਂ ਨੂੰ ਰਾਜੇ ਆਖਦੇ ਧੀਆਂ ਨੂੰ ਰਾਣੀਆਂ।
ਕੱਲ੍ਹ ਰਾਤ ਨੂੰ ਫਿਰ ਖਾਬ ਵਿੱਚ ਆਇਆ ਉਹ ਬੇਵਫ਼ਾ,
ਕੱਲ੍ਹ ਰਾਤ ਫੇਰ ਜਾਗੀਆਂ ਪੀੜਾਂ ਪੁਰਾਣੀਆਂ।

ਮੁਬਾਰਕ ਅਲੀ ਹੋਰਾਂ ਲੰਮੀ ਹੇਕ ਚੁੱਕੀ :-

ਪ੍ਰਦੇਸੀ ਨਾਲ ਲਾਈਏ ਨਾ ਯਾਰੀ
ਭਾਵੇਂ ਲੱਖ ਸੋਨੇ ਦਾ ਹੋਵੇ।
ਇਕ ਗੱਲੋਂ ਪ੍ਰਦੇਸੀ ਚੰਗਾ
ਨਾਲੇ ਯਾਦ ਆਵੇ ਨਾਲੇ ਰੋਵੇ।

ਫਿਰ ਇਕ ਪੰਜਾਬੀ ਕਵਾਲੀ ਉਨ੍ਹਾਂ ਵਧੀਆ ਜਮਾਈ :-

ਉਹ ਬੋਲੇ ਨਾ ਬੋਲੇ ਉਹਦੀ ਮਰਜ਼ੀ ਏ।
ਕੰਡਿਆ ਦੇ ਵਿੱਚ ਰੋਲ਼ੇ ਉਹਦੀ ਮਰਜ਼ੀ ਏ।
ਮੈਂ ਕੰਡਿਆਂ ਨੂੰ ਅੱਖੀਆਂ ਵਿੱਚ ਪਰੋ ਲਾਂਗਾ,
ਜੇ ਕੰਡਿਆ ਦੇ ਉਹਲੇ ਉਹਦੀ ਮਰਜ਼ੀ ਏ।

ਵਿਚੇ-ਵਿੱਚੇ ਲੋਕ ਰੰਗ ਦਾ ਟਾਂਕਾ ਵੀ ਲਾ ਰਹੇ ਸਨ :-



Sri Satguru Jagjit Singh Ji eLibrary NamdhariElibrary@gmail.com

ਨਹਿਰਾਂ ਦਾ ਪਾਣੀ ਏ,
ਢੋਲ ਤੋਂ ਵਾਰ ਦਿਆਂ,
ਜਿੰਦ ਐਵੇਂ ਵੀ ਤਾਂ ਜਾਣੀ ਏ।
..........
ਤੋੜ ਕੇ ਮੇਰੇ ਦਿਲ ਦੇ ਕੱਚ ਖਿਡਾਉਣੇ ਨੂੰ,
ਲੱਭਦਾ ਫਿਰੇ ਪਟੋਲੇ ਉਹਦੀ ਮਰਜ਼ੀ ਏ।

ਲੋਕ ਗੀਤ ਗਾਉਣ ਵਾਲਿਆਂ ਨੇ ਮਹਿਫ਼ਿਲ ਲੁੱਟ ਲਈ ਸੀ। ਰਹਿੰਦੀ ਕਸਰ ਕੱਢ ਦਿੱਤੀ ਹੀਰ ਵਾਰਿਸ ਸ਼ਾਹ ਗਾ ਕੇ ਜਨਾਬ ਤੈਮੂਰ ਅਫਗਾਨੀ ਨੇ, ਜੋ ਵਾਰਿਸ ਦਾ ਗਰਾਈਂ ਹੈ, ਜੰਡਿਆਲਾ ਸ਼ੇਰ ਖਾਂ ਤੋਂ ਆਇਆ ਸੀ। ਪਤਲਾ ਪਤੰਗ ਜਿਹਾ ਤੀਹਾਂ ਕੁ ਵਰ੍ਹਿਆਂ ਤੋਂ ਘੱਟ ਉਮਰ ਦਾ ਕਣਕ ਭਿੰਨੇ ਰੰਗ ਵਾਲਾ ਮੁੰਡਾ। ਉਸ ਨੇ ਰਾਂਝੇ ਦੇ ਰੰਗ ਪੁਰ ਪੁੱਜਣ ਸਮੇਂ ਸਹਿਤੀ ਵੱਲੋਂ ਹੀਰ ਦੇ ਨਾਲ ਨਵੇਂ ਆਏ ਜੋਗੀ ਬਾਰੇ ਜਾਣਕਾਰੀ ਦੇਣ ਦਾ ਪ੍ਰਸੰਗ ਛੋਹ ਲਿਆ :-

ਘਰ ਆ ਨਨਾਣ ਨੇ ਗੱਲ ਕੀਤੀ,
ਭਾਬੀ ਇਕ ਜੋਗੀ ਨਵਾਂ ਆਇਆ ਈ।
ਕੰਨੀ ਉਸ ਦੇ ਦਰਸ਼ਨੀ ਮੁੰਦਰਾਂ ਨੇ
ਗਲ ਹੈਂਕਲਾ ਅਜਬ ਸੁਹਾਇਆ ਈ।
ਹੀਰੇ ਕਿਸੇ ਰਜਵੰਸ ਦਾ ਉਹ ਪੁੱਤਰ,
ਰੂਪ ਤੁੱਧ ਥੀਂ ਦੂਣ ਸੁਆਇਆ ਈ।
ਨਾਲੇ ਗਾਂਵਦਾ ਤੇ ਨਾਲੇ ਰੋਂਵਦਾ ਈ,
ਵੱਡਾ ਉਸ ਨੇ ਰੰਗ ਬਣਾਇਆ ਈ।
ਫਿਰੇ ਢੂੰਡਦਾ ਵਿੱਚ ਹਵੇਲੀਆਂ ਦੇ,
ਕੋਈ ਉਸ ਨੇ ਲਾਲ ਗੁਆਇਆ ਈ।
ਫਿਰੇ ਵੇਖਦਾ ਨੱਢੀਆਂ ਛੈਲ ਕੁੜੀਆਂ।
ਜਿਉ ਕਿਸੇ ਤੇ ਨਹੀਂ ਲਿਆਇਆ ਈ।
.....................................
ਵਾਰਿਸ ਸ਼ਾਹ ਇਹ ਫ਼ੱਕਰ ਤੇ ਨਹੀਂ ਖਾਲੀ,
ਕਿਸੇ ਕਾਰਨੇ ਦੇ ਉੱਤੇ ਆਇਆ ਈ।

ਇਉਂ ਲੱਗਦਾ ਸੀ ਜਿਵੇਂ ਸਮਾਂ ਵੀ ਬੱਝ ਕੇ ਖਲੋ ਗਿਆ ਹੈ। ਵਾਰਿਸ ਦੇ ਪੁਰ ਦਰਦੀਲੇ ਬੋਲ ਇਸ ਮੁੰਡੇ ਦੇ ਗਲੇ ਦੇ ਸੋਜ਼ ਨਾਲ ਮਿਲ ਕੇ ਮਾਹੌਲ ਨੂੰ ਪੁਰਨਮ ਬਣਾ ਰਹੇ



Sri Satguru Jagjit Singh Ji eLibrary NamdhariElibrary@gmail.com

ਸਨ। ਨਹੀਂ ਗੀਸਾਂ ਪੰਜਾਬੀਆਂ ਦੀਆਂ ਤੇ ਨਹੀਂ ਗੀਸਾਂ ਉਨ੍ਹਾਂ ਦੀ ਹੀਰ ਦੀਆਂ। ਸ਼ਾਇਦ ਤਦੇ ਹੀ ਮਰਹੂਮ ਸੂਬਾ ਸਿੰਘ ਹੋਰਾਂ ਨੇ ਆਪਣੀ ਹੀਰ ਵਿੱਚ ਲਿਖਿਆ ਸੀ :-

ਜਦੋਂ ਤੀਕ ਜ਼ਮੀਨ ਅਸਮਾਨ ਕਾਇਮ
ਹੁਸਨ ਇਸ਼ਕ ਦੇ ਵਿੱਚ ਤਾਸੀਰ ਰਹਿਣੀ।
ਰਹਿਣੇ ਗੂੰਜਦੇ ਗੀਤ ਪੰਜਾਬੀਆਂ ਦੇ,
ਵਿੱਚ ਗੂੰਜਦੀ ਉਨ੍ਹਾਂ ਦੀ ਹੀਰ ਰਹਿਣੀ।

ਹੀਰ ਦਾ ਇਕ ਹੋਰ ਬੰਦ ਤੈਮੂਰ ਹੋਰਾਂ ਤੋਂ ਫਰਮਾਇਸ਼ ਕਰਕੇ ਸੁਣਿਆ ਗਿਆ। ਪ੍ਰਿੰਸੀਪਲ 'ਆਜ਼ਾਦ' ਹੋਰਾਂ ਵੀ ਕੁਝ ਸ਼ੇਅਰ ਆਪਣੇ ਵਿਲੱਖਣ ਅੰਦਾਜ਼ ਵਿੱਚ ਆਖੇ :-

ਤਾਰੇ ਜਦ ਵੀ ਕਾਲੀ ਰਾਤ 'ਚ ਲੋਆਂ ਦੇਵਣ ਲੱਗੇ।
ਚੁੱਪ ਦੇ ਪਿੰਡ ਦੀਆਂ ਕੰਨ ਮੇਰੇ ਕਨਸੋਆਂ ਦੇਵਣ ਲੱਗੇ।
ਡੂੰਘੇ ਟੋਭੇ ਦੇ ਵਿੱਚ ਸਾਰੇ ਪੱਥਰ ਮਾਰ ਕੇ ਲੰਘੇ
ਖੜ੍ਹਾ-ਖੜੋਤਾ ਪਾਣੀ ਕਿਧਰੇ ਬੋਆਂ ਦੇਵਣ ਲੱਗੇ।

ਸੰਸਾਰ ਦੀ ਨਾਸ਼ਮਾਨਤਾ ਜਾਂ 'ਜੈਸੇ ਜਲ ਮਹਿ ਬੁਦਬੁਦਾ' ਵਾਲੇ ਅੰਦਾਜ਼ ਵਿੱਚ ਉਨ੍ਹਾਂ ਇਹ ਸ਼ੇਅਰ ਵੀ ਪੜ੍ਹਿਆ :-

ਬੁਲਬੁਲਿਆਂ ਦੇ ਵਿੱਚ ਮੇਰੀ ਤਸਵੀਰ ਜਿਵੇਂ।
ਮਿਟ ਜਾਣਾ ਮੈਂ ਤਖ਼ਤੀ ਤੋਂ ਲਕੀਰ ਜਿਵੇਂ।

ਹੁਣ ਤੱਕ ਆਪਣੇ ਭਾਰੇ ਕੁੰਡਲਦਾਰ ਮੁੱਛਹਿਰਿਆਂ ਵਿੱਚ ਨਿੰਮ੍ਹਾਂ-ਨਿੰਮ੍ਹਾਂ ਮੁਸਕਰਾਉਂਦੇ, ਪ੍ਰਿੰਸੀਪਲ ਸ਼ੇਰ ਸਿੰਘ ਹੋਰਾਂ ਸੱਜੇ ਹੱਥ ਦੇ ਅੰਗੂਠੇ ਅਤੇ ਉਹਦੇ ਨਾਲ ਵਾਲੀ ਅਨਾਮਿਕਾ ਉਂਗਲੀ ਦੀ ਚੂੰਢੀ ਬਣਾਉਂਦਿਆਂ ਆਪਣੀਆਂ ਸੱਜਰੀਆਂ ਰੁਬਾਈਆਂ ਪੇਸ਼ ਕੀਤੀਆਂ, ਜੋ ਅੱਜ ਉਨ੍ਹਾਂ ਆਪਣੇ ਪਿੰਡੋਂ ਮੁੜ ਕੇ ਲਿਖੀਆਂ ਸਨ:-

ਮੈਂ ਕੱਚੇ ਕੋਠੇ ਵਿੱਚ ਜੰਮਿਆਂ
ਜੰਮਿਆ ਪੂਰਾ ਪੱਕ ਕੇ।
ਸਾਲ ਪੂਰੇ ਇਕਵੰਜਾ ਪਿੱਛੋਂ,
ਪਰਤ ਪੁੱਜਾ ਥੱਕ-ਥੱਕ ਕੇ।
ਹਾਅਵਾਂ, ਹਉਕਿਆਂ, ਹੰਝੂਆਂ,
ਤਿੰਨਾਂ ਮਿਲ ਜਗਾਈ ਮਹਿਫ਼ਿਲ
ਅੱਖਾਂ ਆਣ ਗਵਾਹੀ ਦਿੱਤੀ,
ਰੋ-ਰੋ ਕੇ ਤੱਕ-ਤੱਕ ਕੇ।

ਮੈਂ ਵੀ ਗੁਰੂ ਨਾਨਕ ਨਾਲ ਨਾਲ ਸੰਬੰਧਿਤ ਆਪਣੀ ਇਕ ਕਵਿਤਾ ਪੜ੍ਹੀ :-



Sri Satguru Jagjit Singh Ji eLibrary NamdhariElibrary@gmail.com

ਇਹ ਆਂਡਾ ਭਰਮ ਦਾ ਭੰਨਣ ਲਈ
ਫਿਰ ਗੁਰੂ ਜੀ ਆਏ,
ਮਨਾਂ 'ਚ ਰੋਸ਼ਨੀ ਹੋਈ
ਜ਼ੰਜੀਰਾਂ ਟੁੱਟ ਗਈਆਂ ਸਨ।
ਸਰਾਪੀ ਹੋਈ ਦੁਨੀਆ ਨੂੰ
ਮਸੀਹਾ ਏਤਰਾਂ ਮਿਲਿਆ
ਕਿ ਮੱਥੇ ਤੋਂ ਸੱਭੇ ਬੁਰੀਆਂ
ਲਕੀਰਾਂ ਫੁੱਟ ਗਈਆਂ ਸਨ।

------------

'ਮਲਕ' ਦੀ ਮੱਲ ਗੁਜ਼ਰੀ ਨੂੰ
ਕਿਰਤ ਦੇ ਲਾਲ ਦੇ ਸਾਹਵੇਂ
ਬਹਾ ਦਿੱਤਾ ਤਿਲ੍ਹਾਂ ਦੇ ਪੂਲਿਆਂ ਜਿਉਂ
ਝਾੜ ਕੇ ਝੰਬ ਕੇ।
ਬਗਾਨੀ ਰੱਤ ਪੀਂਦੇ ਸੀ
ਸੁਆਮੀ ਧਰਤ ਧਨ ਦੇ ਜੋ,
ਉਨ੍ਹਾਂ ਨੂੰ ਹੋਰਵੇ ਦਾ ਚੜ੍ਹ ਗਿਆ
ਤਈਆ ਸੀ ਕੰਬ ਕੰਬ ਕੇ।

------------------------

ਤੇਰੇ ਹਮਸਫਰ ਹੋਵਣ ਦਾ
ਉਠਾਉਂਦੇ ਹਲਫ਼ ਹਾਂ ਏਥੇ,
ਟਿੱਬੇ ਟੋਏ ਧਰਤੀ ਤੋਂ
ਮਿਟਾਏ ਜਾਣਗੇ ਓੜਕ।
ਤੇਰੇ ਨਾਂ ਦੀ ਤਾਂਹੀਉਂ ਕਲਾ
ਚੜ੍ਹਦੀ ਹੈ ਰਹਿ ਸਕਦੀ,
ਹਰ ਇਕ ਅੱਖ 'ਚ ਸੁਪਨੇ,
ਸਜਾਏ ਜਾਣਗੇ ਓੜਕ।

ਅਖੀਰ ਵਿੱਚ ਵਾਰੀ ਆਈ ਕਵਾਲ ਮੁਹੰਮਦ ਅਲੀ ਦੀ। ਉਨ੍ਹਾਂ ਨਾਲ ਤਬਲੇ 'ਤੇ ਸਜਾਵਰ ਅਲੀ ਸਨ। ਇਹ ਅਮਾਨਤ ਅਲੀ ਹੋਰਾਂ ਦੇ ਪ੍ਰਸਿੱਧ ਪਟਿਆਲਾ ਘਰਾਣੇ ਦਾ ਰੁਕਨ ਸੀ। ਇਨ੍ਹਾਂ ਵੀ ਲੋਕ ਰੰਗ ਨਾਲ ਚੰਗਾ ਸਮਾਂ ਬੰਨ੍ਹ ਦਿੱਤਾ :-



Sri Satguru Jagjit Singh Ji eLibrary NamdhariElibrary@gmail.com

ਕੋਡੇ ਕਮਲੇ ਹੋ ਗਏ ਹਾਂ,
ਜਿਥੇ ਤੇਰਾ ਨਾਂ ਸੁਣਿਆ,
ਗੱਲਾਂ ਸੁਣਨ ਖਲੋ ਗਏ ਹਾਂ।

ਫਿਰ ਆਏ ਵੀਰ ਸਿਪਾਹੀ। ਇਹ ਪਾਕਿਸਤਾਨੀ ਪੰਜਾਬ ਪੁਲਿਸ ਵਿੱਚ ਥਾਣੇਦਾਰ ਹਨ। ਮੋਨੋ ਐਕਟਿੰਗ ਬਹੁਤ ਵਧੀਆ ਕਰਦੇ ਹਨ। ਸ਼ਾਇਰੀ ਦੇ ਨਮੂਨੇ ਵੀ ਪੇਸ਼ ਕੀਤੇ:-

ਮੈਂ ਉਹਦੀ ਤਸਵੀਰ ਬਣਾ ਕੇ
ਅੱਖਾਂ ਖੋਹਲ ਦਿਆਂਗਾ।

---------------------------

ਉਹਦੀ ਅੱਖੀਂ ਅੱਖਾਂ ਪਾ ਕੇ
ਤੱਕਣਾ ਸੌਖਾ ਕੰਮ ਨਹੀਂ,
ਉਹਦੀ ਅੱਖੀਂ ਅੱਖਾਂ ਪਾ ਕੇ,
ਅੱਖਾਂ ਖੋਹਲ ਦਿਆਂਗਾ।

ਲਾਹੌਰ ਸ਼ਹਿਰ 'ਤੇ ਜਿਨ੍ਹਾਂ ਦੀ ਰਹਿਮਤ ਹੈ ਹਜ਼ਰਤ ਦਾਤਾ ਗੰਜ ਸਾਹਿਬ ਉਨ੍ਹਾਂ ਦਾ ਹੀ ਨਾਉਂ ਹੈ ਦਾਤਾ ਅਲੀ ਹਜਵੇਰੀ। ਉਨ੍ਹਾਂ ਦੇ ਵੰਸ਼ਜ ਮੀਆਂ ਖੁਰਮ ਜੋ ਲਾਹੌਰ ਵਿਖੇ ਪੰਜਾਬ ਹਾਈ ਕੋਰਟ ਦੇ ਵਕੀਲ ਹਨ ਅਤੇ ਉਨ੍ਹਾਂ ਦੇ ਛੋਟੇ ਭਾਈ ਸਾਹਿਬ ਵੀ ਇਸ ਮਹਿਫ਼ਿਲ ਵਿੱਚ ਸਜੇ ਹੋਏ ਸਨ। ਸ਼ਰਧਾਲੂ ਉਨ੍ਹਾਂ ਨੂੰ ਪੀਰਾਂ ਵਾਂਗ ਹੀ ਮੱਥੇ ਟੇਕਦੇ ਸਨ। ਜਦੋਂ ਕੋਈ ਉਨ੍ਹਾਂ ਨੂੰ 5 ਜਾਂ 10 ਦਾ ਮੱਥਾ ਟੇਕਦਾ ਸੀ ਉਹ ਏਨੇ ਹੀ ਪੈਸੇ ਆਪਣੇ ਵੱਲੋਂ ਉਸ ਵਿੱਚ ਮਿਲਾ ਦਿੰਦੇ ਸਨ ਤੇ ਫਿਰ ਉਹ ਰਕਮ ਗਾਉਣ ਵਾਲੇ ਕਵਾਲਾਂ ਨੂੰ ਫੜਾ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਉਹ ਪੀਰ ਤੇ ਹਨ ਪਰ ਰੋਟੀ ਖਾਣ ਲਈ ਵਕਾਲਤ ਕਰਦੇ ਹਨ। ਵਕਾਲਤ ਤਾਂ ਅਜੇ ਏਨੀ ਵਧੀਆ ਨਹੀਂ ਚੱਲੀ ਜਾਪਦੀ ਪਰ ਖੁਰਮ ਸਾਹਿਬ ਇਨਸਾਨ ਜ਼ਰੂਰ ਵਧੀਆ ਹਨ। ਕਰਨੈਲ ਸਿੰਘ ਅਸਪਾਲ ਨੇ ਵੀ ਇਕ-ਦੋ ਕਵਾਲੀਆਂ ਪੇਸ਼ ਕਰਕੇ ਮਹਿਫ਼ਿਲ ਵਿੱਚ ਆਪਣੇ ਨਾਮ ਦਾ ਸਿੱਕਾ ਜਮਾਇਆ। ਅੰਤ ਵਿੱਚ ਤਾਹਿਰ ਅਫਗਾਨੀ ਦੇ ਹੀਰ ਦੇ ਇਕ ਹੋਰ ਬੰਦ ਨਾਲ ਇਹ ਮਹਿਫ਼ਿਲ ਸਮਾਪਤ ਹੋਈ। ਹੁਣ ਸਾਨੂੰ ਇਸ ਗੱਲ ਦੀ ਤਾਂਘ ਰਹੇਗੀ ਕਿ ਕਦੇ ਸੱਯਦ ਵਾਰਿਸ ਸ਼ਾਹ ਹੋਰਾਂ ਦੇ ਉਰਸ ਤੇ ਜੰਡਿਆਲੇ ਸ਼ੇਰ ਖਾਂ ਜਾਈਏ ਤੇ ਉਥੇ ਵੱਖ-ਵੱਖ ਕਲਾਕਾਰਾਂ ਤੋਂ ਵੱਖ-ਵੱਖ ਅੰਦਾਜ਼ ਵਿੱਚ ਹੀਰ ਦਾ ਗਾਇਨ ਸੁਣੀਏ ਅਤੇ ਖੋਜੀਆਂ ਪਾਸੋਂ ਸ਼ਾਹ ਸਾਹਿਬ ਦੀ ਬਹੁਪੱਖੀ ਸ਼ਖਸੀਅਤ ਦੇ ਵੱਖੋ-ਵੱਖ ਪੱਖਾਂ ਬਾਰੇ ਵਿਚਾਰ ਸੁਣੀਏ। ਗੁਰਦਾਸ ਸਿੰਘ ਘਾਰੂ ਇਸ ਮਹਿਫ਼ਿਲ ਤੋਂ ਬਹੁਤ ਮੁਤਾਸਰ ਹੋਏ। ਸੱਚੀ ਇਹਦਾ ਸਰੂਰ ਸਾਨੂੰ ਕਈ ਦਿਨ ਬਣਿਆ ਰਿਹਾ।

4 ਨਵੰਬਰ ਦਾ ਦਿਨ ਨਗਰ ਕੀਰਤਨ ਦਾ ਸੀ। ਸਿਹਤ ਕੁੱਝ ਢਿੱਲੀ ਹੋਣ ਕਾਰਨ



Sri Satguru Jagjit Singh Ji eLibrary NamdhariElibrary@gmail.com

ਕੱਲ੍ਹ ਦਾ ਧੂੜ ਵਾਲਾ ਸਫ਼ਰ ਅਤੇ ਇਥੋਂ ਦਾ ਭਾਰਾ ਪਾਣੀ-ਜ਼ੁਕਾਮ ਤੇ ਮੱਠਾ-ਮੱਠਾ ਬੁਖਾਰ ਹੋ ਗਿਆ। ਸਾਰਾ ਦਿਨ ਆਪਣੇ ਕਮਰੇ ਵਿੱਚ ਹੀ ਤਕਰੀਬਨ ਬਿਤਾਇਆ। ਸਿਰਫ਼ ਇਕ ਵੇਰ ਇਕ ਘੁਮਿਆਰ ਬਰਾਦਰੀ ਦੇ ਮੁਸਲਮਾਨ ਨੂੰ ਜੋ ਸਿਰਹਾਲੀ (ਅੰਮ੍ਰਿਤਸਰ) ਵਿਚੋਂ ਏਧਰ ਆਇਆ ਸੀ ਤੇ ਕਿਸੇ ਆਪਣੇ ਪਿੰਡ ਦੇ ਬੰਦੇ ਨੂੰ ਮਿਲਣਾ ਚਾਹੁੰਦਾ ਸੀ ਉਹਨੂੰ ਬਰਗੇਡੀਅਰ (ਰਿਟਾਇਰਡ) ਸ੍ਰ. ਜਸਵੰਤ ਸਿੰਘ ਸੰਧੂ ਨਾਲ ਮਿਲਾਇਆ। ਉਹ ਬਰਗੇਡੀਅਰ ਸਾਹਿਬ ਦੇ ਪਿਤਾ ਨੂੰ ਜਾਣਦਾ ਸੀ। ਫਿਰ ਚੰਨਿਆਂ ਵਾਲੀ ਤੋਂ ਆਏ ਪ੍ਰਿੰਸੀਪਲ ਸ਼ੇਰ ਦੇ ਭਣੇਵਿਆਂ ਨੂੰ ਮਿਲਾਉਣ ਲਈ ਮਸਾਂ-ਮਸਾਂ ਮੈਂ ਤੇ ਗੁਰਚਰਨ ਸਿੰਘ ਬੁੱਢੀ ਮਾੜੀ ਨੇ ਉਨ੍ਹਾਂ ਨੂੰ ਮਨਾਇਆ। ਉਨ੍ਹਾਂ ਦੇ ਇਹ ਰਿਸ਼ਤੇਦਾਰ ਵੰਡ ਵੇਲੇ ਇੱਧਰ ਰਹਿ ਗਏ ਸਨ। ਸਾਂਸੀ ਬਰਾਦਰੀ ਸੀ ਤੇ ਉਨ੍ਹਾਂ ਦੇ ਦੀਨ ਕਬੂਲਣ ਦਾ ਗੁੱਸਾ ਪ੍ਰਿੰਸੀਪਲ ਸਾਹਿਬ ਹੁਣ ਇਨ੍ਹਾਂ ਬੱਚਿਆਂ ਨੂੰ ਨਾ ਮਿਲ ਕੇ ਕੱਢ ਰਹੇ ਸਨ। ਅਸਾਂ ਦੋਹਾਂ ਮਸਾਂ-ਮਸਾਂ ਉਨ੍ਹਾਂ ਨੂੰ ਮਨਾਇਆ। ਉਂਜ ਉਹ ਵੀ ਬੀਮਾਰ ਹੋ ਗਏ ਸਨ ਤੇ ਰਾਤ ਨੂੰ ਆਪਣਾ ਮੁੱਖ ਭਾਸ਼ਣ ਨਹੀਂ ਦੇ ਸਕੇ। ਅਸੀਂ ਵੀ ਗੁਰਦੁਆਰਾ ਸਾਹਿਬ ਵਿੱਚ ਹੋਣ ਵਾਲਾ ਕਵੀ ਦਰਬਾਰ ਨਾ ਸੁਣ ਸੱਕੇ ਅਤੇ ਨਾ ਹੀ ਉਸ ਵਿੱਚ ਭਾਗ ਲੈ ਸਕੇ। ਬੱਸ ਸੁੱਤੇ ਹੀ ਰਹੇ। ਉਂਜ ਬਹੁਤ ਜ਼ੋਰਦਾਰ ਆਤਿਸ਼ਬਾਜ਼ੀ ਤੇ ਰੋਕ ਲੱਗਣੀ ਚਾਹੀਦੀ ਹੈ। ਜਿਹਦੇ ਕਾਰਨ ਸਾਰੀ ਰਾਤ ਸੁੱਤੇ ਨਹੀਂ। ਅੱਜ ਦੀ ਸ਼ਾਮ ਨੂੰ ਫਿਰ ਆਸ਼ਕ ਬੱਢੇ ਹੋਰਾਂ ਨਾਲ ਵਾਲੇ ਕਾਲਜ ਦੀ ਗਰਾਉਂਡ ਵਿੱਚ ਆਪਣੇ ਦੋ ਕੁ ਦਰਜਨ ਜਾਣੂਆਂ ਨੂੰ ਸਾਡੇ ਸਣੇ ਫਲੋਹਾਰ ਕਰਵਾਇਆ। ਮੈਂ ਉਹਨੂੰ ਭਾਰਤ ਤੋਂ ਲਿਆਂਦੇ ਚਾਹ ਦੇ ਤਿੰਨ ਪੈਕਟ ਭੇਟ ਕੀਤੇ। ਉਸ ਦੇ ਨਾਲ ਉਹਦਾ ਰਿਸ਼ਤੇਦਾਰ ਸਲਾਹੂਦੀਨ ਵਿਰਕ ਵੀ ਸੀ ਜੋ ਸ਼ੇਖ਼ੂਪੁਰੇ ਵਿੱਚ ਰਹਿੰਦਾ ਹੈ ਅਤੇ ਡੇਰੇਦਾਰ ਹੈ। ਜਿਸ ਦੇ ਕੋਲ ਵਾਹਵਾ ਲੋਕਾਂ ਦਾ ਆਉਣ ਜਾਣ ਹੋਵੇ ਉਸ ਨੂੰ ਇਹ ਸੱਜਣ ਡੇਰੇਦਾਰ ਆਖਦੇ ਹਨ। ਮੀਆਂ ਖੁਰਮ ਅੱਜ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ।

ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਚੋਖੇ ਗੁਰਦੁਆਰੇ ਹਨ ਜਿਵੇਂ ਕਿ ਜਨਮ ਅਸਥਾਨ ਜਿਥੇ ਸਮਾਗਮ ਹੋ ਰਿਹਾ ਸੀ। ਪੱਟੀ ਸਾਹਿਬ, ਕਿਆਰਾ ਸਾਹਿਬ, ਮਾਲ ਜੀ ਸਾਹਿਬ। ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਨਿਹੰਗ ਸਿੰਘਾਂ ਦੀ ਛਾਉਣੀ ਹੁੰਦੀ ਸੀ ਹੁਣ ਵੀ ਬੋਰਡ ਲੱਗਾ ਹੈ ਪਰ ਨਿਹੰਗ ਸਿੰਘ ਉੱਥੇ ਕੋਈ ਨਹੀਂ ਦਿੱਸਿਆ। ਮੈਂ ਇਨ੍ਹਾਂ ਗੁਰਦੁਆਰਿਆਂ ਦੇ 1969 ਈ.ਵਿੱਚ ਦਰਸ਼ਨ ਕੀਤੇ ਸਨ। ਇਸ ਲਈ ਹੁਣ ਨਹੀਂ ਕਰ ਸਕਿਆ ਦੁਬਾਰਾ। ਭਾਈ ਲਛਮਣ ਸਿੰਘ ਨੂੰ ਜਿਸ ਜੰਡ ਨਾਲ ਬੰਨ੍ਹ ਕੇ ਸ਼ਹੀਦ ਕੀਤਾ ਗਿਆ ਸੀ, ਗੁਰਦੁਆਰਾ ਸੁਧਾਰ ਲਹਿਰ ਵੇਲੇ, ਉਹ ਅਜੇ ਖਲੋਤਾ ਹੈ। ਬਾਹਰ ਜਿਸ ਆਵੀ ਵਿੱਚ ਭਾਈ ਦਲੀਪ ਸਿੰਘ ਨੂੰ ਜਿਉਂਦੇ ਨੂੰ ਨਰੈਣੂ ਮਹੰਤ ਨੇ ਸੁੱਟਿਆ ਸੀ, ਉਹ ਵੀ ਵੇਖੀ। ਤਕਰੀਬਨ 210 ਸਿੰਘਾਂ ਨੇ ਇਥੇ 21 ਫਰਵਰੀ 1921 ਨੂੰ ਸ਼ਹੀਦੀਆਂ ਪਾਈਆਂ ਮਹੰਤ



Sri Satguru Jagjit Singh Ji eLibrary NamdhariElibrary@gmail.com

ਅਤੇ ਉਸ ਦੇ ਗੁੰਡਿਆਂ ਦੇ ਹੱਥੋਂ ਜਿਹਨੂੰ ਅੰਗਰੇਜ਼ ਸਰਕਾਰ ਦੀ ਸ਼ਹਿ ਪ੍ਰਾਪਤ ਸੀ ਅਤੇ ਫਿਰ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਵਿਰਕੈਤ ਅਤੇ ਹੋਰ ਇਲਾਕਿਆਂ ਦੇ ਸਿੰਘਾਂ ਦੇ 2200 ਦੇ ਜਥੇ ਦੀ ਮਦਦ ਨਾਲ, ਸਰਕਾਰ ਤੋਂ ਗੁਰਦੁਆਰਾ ਜਨਮ ਅਸਥਾਨ ਦੀਆਂ ਕੁੰਜੀਆਂ ਲੈਣ ਵਿੱਚ ਸਫਲਤਾ ਹਾਸਲ ਕੀਤੀ ਸੀ। ਪ੍ਰਸਿੱਧ ਅਫਸਾਨਾ ਨਿਗਾਰ ਬਲਵੰਤ ਸਿੰਘ ਨੇ ਆਪਣੇ ਨਾਵਲ 'ਦੋ ਅਕਾਲਗੜ੍ਹ' ਵਿੱਚ ਇਸ ਇਤਿਹਾਸਕ ਘਟਨਾ ਦਾ ਇਉਂ ਵਰਣਨ ਕੀਤਾ ਹੈ :-

"ਬਾਅਦ ਵਿੱਚ ਇਕ ਅੰਗਰੇਜ਼ ਅਫਸਰ ਘੋੜੇ 'ਤੇ ਸਵਾਰ ਆਇਆ ਅਤੇ ਚਾਬੀਆਂ ਦਾ ਗੁੱਛਾ ਹਵਾ ਵਿੱਚ ਲਹਿਰਾਉਂਦਾ ਹੋਇਆ ਬੋਲਿਆ, "ਅਮਯੇ ਚਾਬੀ ਸੀਖ ਲੋਗ ਕੋ ਦੇ ਰਹਾ ਹੈ।" ਇਸ 'ਤੇ ਝੱਬਰ ਪਿੰਡ ਦੇ ਰਹਿਣ ਵਾਲੇ ਇਕ ਸਵਾਰ ਨੇ ਅੱਗੇ ਵੱਧ ਕੇ ਚਾਬੀਆਂ ਦਾ ਗੁੱਛਾ ਅੰਗਰੇਜ਼ ਦੇ ਹੱਥੋਂ ਝਪਟ ਮਾਰ ਕੇ ਖੋਹ ਲਿਆ ਅਤੇ ਕਿਹਾ, " ਇਹ ਚਾਬੀਆਂ ਤੂੰ ਸਾਨੂੰ ਨਹੀਂ ਦੇ ਰਿਹਾ ਅਸੀਂ ਤੈਥੋਂ ਲੈ ਰਹੇ ਹਾਂ।........" ਸਫ਼ਾ 138

4 ਨਵੰਬਰ ਨੂੰ ਫਿਰ ਦੁਪਹਿਰੇ 12 ਕੁ ਵਜੇ ਅਸੀਂ ਆਪਣਾ ਸਾਮਾਨ ਖੱਚਰ ਰਿਹੜਿਆਂ ਉੱਤੇ ਲੱਦਿਆ ਅਤੇ ਲਾਹੌਰ ਨੂੰ ਜਾਣ ਲਈ ਰੇਲ ਗੱਡੀ ਦੇ ਡੱਬੇ ਵਿੱਚ ਜਾ ਬੈਠੇ।

ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ ਦੇ ਸਾਹਮਣੇ ਜਿਹੇ ਖੁੱਲ੍ਹੀ ਥਾਂ ਵਿੱਚ ਇਕ ਮੇਲਾ ਲੱਗਾ ਹੋਇਆ ਸੀ। ਇੱਥੇ ਸਰਕਸ ਦਾ ਵੱਡਾ ਸਾਰਾ ਤੰਬੂ ਵੀ ਤਣਿਆ ਹੋਇਆ ਸੀ। ਬਾਲਾਂ ਦੇ ਝੂਟਣ ਵਾਸਤੇ ਇਕ ਗੋਲਾਕਾਰ ਵੱਡਾ ਪੰਘੂੜਾ ਵੀ ਸੀ। ਮੋਟੇ ਪੋਨੇ ਹਰੇ ਕਚੂਚ ਗੰਨਿਆਂ ਦੀਆਂ ਗਨੇਰੀਆਂ ਵੀ ਵਿਕਦੀਆਂ ਸਨ ਅਤੇ ਰਹੁ ਵੀ। ਕੁਝ ਰੇਹੜੀਆਂ ਵਾਲੇ ਜਲੇਬੀਆਂ ਅਤੇ ਪਕੌੜਿਆਂ ਦੇ ਗਰਮ-ਗਰਮ ਪੂਰ ਵੀ ਕੱਢ ਰਹੇ ਸਨ। ਪ੍ਰਿੰਸੀਪਲ ਅਜ਼ਾਦ ਹੋਰਾਂ ਪਹਿਲੀ ਰਾਤ ਕਲਾਕੰਦ ਨਾਲ ਮਿਲਦੀ ਇਕ ਮਠਿਆਈ ਛਕਾਈ ਸੀ, ਪਰ ਉਸ ਦਾ ਨਾਂ ਸੀ ਤਾਂ ਇਸ ਤਰ੍ਹਾਂ ਦਾ ਹੀ ਸੰਗੀਤਕ ਜਿਹਾ, ਪਰ ਹੋਰ ਸੀ ਹੁਣ ਯਾਦ ਨਹੀਂ ਆ ਰਿਹਾ, ਲਓ ਯਾਦ ਆ ਗਿਆ " ਮਨ ਪਸੰਦ" ਕਹਿੰਦੇ ਸਨ। ਖਾਨ ਪਾਨ ਦੇ ਮਾਮਲੇ ਵਿੱਚ ਥੋੜ੍ਹਾ ਝਟਕਾ ਹਲਾਲ ਦਾ ਅਤੇ ਮੋਟੇ ਗੋਸ਼ਤ ਦਾ ਅੰਤਰ ਹੈ ਉਂਜ ਸਰਹੱਦ ਦੇ ਦੋਹੀਂ ਪਾਸੇ ਵੱਸਣ ਵਾਲੇ ਪੰਜਾਬੀਆਂ ਦੀਆਂ ਆਦਤਾਂ ਇਕੋ ਜਿਹੀਆਂ ਹਨ। ਸਰ੍ਹੋਂ ਦੇ ਸਾਗ, ਮੱਕੀ ਦੀ ਰੋਟੀ ਅਤੇ ਲੱਸੀ, ਮੱਖਣ, ਦੁੱਧ, ਦਹੀਂ ਵਾਸਤੇ ਇਕੋ ਤਰ੍ਹਾਂ ਹੀ ਲਲਾਇਤ ਰਹਿੰਦੇ ਹਨ। ਮੇਲੇ ਜ਼ਿੰਦਗੀ ਦੇ ਇਸ ਤਰ੍ਹਾਂ ਹੀ ਲੱਗਦੇ ਰਹਿੰਦੇ ਹਨ। ਲੋਕ ਮਿਲਦੇ ਹਨ ਵਿਛੜਣ ਵਾਸਤੇ। ਸਾਂਝਾਂ ਪੈਂਦੀਆਂ ਹਨ ਕਈ ਕੁਝ ਭੁੱਲਣ ਲਈ ਅਤੇ ਕੁਝ ਚੇਤੇ ਰੱਖਣ ਲਈ। ਇਹੋ ਜਿਹੇ ਮੌਜ ਮੇਲੇ ਨੂੰ ਵੇਖ ਕੇ ਹੀ ਪੂਰਨ ਭਗਤ ਦੇ ਕਿੱਸਾਕਾਰ ਕਵੀ ਕਾਲੀ ਦਾਸ ਉਰਫ਼ ਪੰਡਿਤ ਮਾਨ ਸਿੰਘ ਗੁੱਜਰਾਂਵਾਲੀਏ ਨੇ ਲਿਖਿਆ ਸੀ :-

**ਕਾਲੀ ਦਾਸ ਜਹਾਨ ਦਾ ਮੌਜ ਮੇਲਾ,**



Sri Satguru Jagjit Singh Ji eLibrary NamdhariElibrary@gmail.com

**ਵੇਖ ਛੱਡਣਾ ਘੜੀ ਦੀ ਘੜੀ ਬੱਚਾ।**

ਹੁਣ ਵਾਲਾ ਇਹ ਮੇਲਾ ਤਾਂ ਮੈਂ ਗੱਡੀ ਦੇ ਡੱਬੇ ਵਿੱਚ ਬੈਠਾ ਹੀ ਵੇਖ ਰਿਹਾ ਸਾਂ। ਪਿੰਡਾਂ ਤੋਂ ਲੋਕ ਬੰਦੇ-ਜ਼ਨਾਨੀਆਂ, ਬੁੱਢੇ-ਬਾਲੇ, ਪੈਦਲ, ਸਾਇਕਲ, ਬੱਸਾਂ, ਟਾਂਗਿਆਂ, ਟਰੈਕਟਰਾਂ ਤੇ ਗੱਡਿਆਂ 'ਤੇ ਵੀ ਆ ਰਹੇ ਸਨ। ਵਿਰਲਾ ਟਾਂਵਾਂ ਮੋਟਰਸਾਈਕਲ, ਸਕੂਟਰ, ਜੀਪ, ਕਾਰ ਆਦਿ ਵਾਲਾ ਸੀ। ਮੈਨੂੰ 1969 ਵੇਲੇ ਦਾ ਇਹੋ ਮੇਲਾ ਯਾਦ ਆਇਆ। ਇਹਦਾ ਇਕ ਤੇ ਇਹ ਮਤਲਬ ਹੈ ਪਈ ਗੁਰੂ ਨਾਨਕ ਦੇ ਜਨਮ ਦਿਵਸ 'ਤੇ ਨਨਕਾਣਾ ਸਾਹਿਬ ਵਿੱਚ ਮੇਲਾ ਮਨਾਉਣ ਦੀ ਪਰੰਪਰਾ ਮੁਸਲਮਾਨ ਭਰਾਵਾਂ ਨੇ ਸਾਂਭੀ ਹੋਈ ਹੈ। ਇਹ ਮੇਲੇ ਦੀ ਜਗ੍ਹਾ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ ਡੇਢ ਕੁ ਕਿਲੋਮੀਟਰ ਤੇ ਹੋਵੇਗੀ। ਉਦੋਂ ਇਕ ਤੂੰਬੇ ਵਾਲਾ ਲੋਕ ਗਾਇਕ ਅਖਾੜਾ ਲਾ ਕੇ ਮਹਾਂਭਾਰਤ ਦੇ ਪ੍ਰਸੰਗ ਵਿੱਚੋਂ ਅਭਿਮਨਿਊ ਦਾ ਪ੍ਰਕਰਨ ਝੂਮ-ਝੂਮ ਕੇ ਠੇਠ ਪੰਜਾਬੀ ਵਿੱਚ ਗਾ ਰਿਹਾ ਸੀ। ਜਿਉਂ ਹੀ ਉਸ ਆਪਣੇ ਅਖਾੜੇ ਵੱਲ 5-7 ਸਿੱਖ ਯਾਤਰੂਆਂ ਦੀ ਟੋਲੀ ਵਧਦੀ ਵੇਖੀ ਤਾਂ ਸ਼ਾਇਦ ਚਾਰ ਕੁ ਵਰ੍ਹੇ ਪਹਿਲਾਂ ਹੋਈ 1965 ਦੀ ਭਾਰਤ-ਪਾਕਿ ਜੰਗ ਦੀ ਕੋਈ ਦੁਖਦਾਈ ਘਟਨਾ ਉਹਨੂੰ ਝੰਜੋੜ ਗਈ ਤੇ ਉਹਨੇ ਹੱਥਲਾ ਪ੍ਰਸੰਗ ਉਥੇ ਹੀ ਛੱਡਿਆ ਅਤੇ ਉੱਚੀ ਸੁਰ ਚੁੱਕ ਲਈ :-

**ਐਲੀ ਐਲੀ ਕਹਿਣਾ**
**ਤੇ ਡਰ ਕੇ ਨਹੀਂ ਰਹਿਣਾ।**

ਖੈਰ ਐਤਕਾਂ ਦੀ ਇਸ ਯਾਤਰਾ ਵਿੱਚ ਸਾਡਾ ਫੱਟੜ ਜਜ਼ਬਿਆਂ ਵਾਲੇ ਕਿਸੇ ਸੱਜਣ ਨਾਲ ਵਾਹ ਨਹੀਂ ਪਿਆ। ਸਾਡੇ ਜਜ਼ਬਾਤ ਜਰੂਰ ਇਸ ਕਰਕੇ ਝਰੀਟੇ ਗਏ ਸਨ ਕਿ ਏਨਾ ਨੇੜੇ ਆ ਕੇ ਵੀ ਆਪਣੇ ਪਿੰਡ ਦੀ ਮਿੱਟੀ ਨੂੰ ਮਸਤਕ ਛੁਹਾਉਣ ਦੀ ਲੋਚਾ ਪੂਰੀ ਨਹੀਂ ਸੀ ਹੋਈ। ਜਦੋਂ ਵੀ ਕਿਸੇ ਏਧਰਲੇ ਸਜਣ ਨਾਲ ਮੁਲਾਕਾਤ ਹੁੰਦੀ ਤਾਂ ਉਹ ਮੇਰੇ ਨਾਂ ਨਾਲ ਲੱਗਾ ਉਪਜਾਤੀ ਵਾਚਕ 'ਵਿਰਕ' ਸੁਣ ਕੇ ਆਪੇ ਕਹਿ ਦਿੰਦਾ ਕਿ ਮੁੜ ਤੇ ਏਧਰੋਂ ਹੀ ਗਏ ਓ। "ਹਾਂ ਵਡੇਰੇ ਏਧਰੋਂ ਹੀ ਗਏ ਨੇ" ਮੈਂ ਕਹਿੰਦਾ। ਕਿਉਂਕਿ ਮੇਰਾ ਜਨਮ ਤਾਂ ਵੰਡ ਤੋਂ ਕੋਈ ਸਵਾ ਵਰ੍ਹੇ ਬਾਅਦ ਹੋਇਆ ਸੀ। ਪੁੱਛਣ ਵਾਲਾ ਫਿਰ ਨਾਲ ਦਿਆਂ ਨੂੰ ਦੱਸਦਾ ਕਿ ਇਹ ਤਾਂ ਏਧਰ ਦੇ ਹੀ ਨੇ। ਆਹ ਲਾਗੇ ਈ ਖਲੋਤਾ ਏ ਇਹਨਾਂ ਦਾ ਪਿੰਡ ਝੱਬਰ। ਪਰ ਵਿਡੰਬਣਾ ਇਹ ਸੀ ਕਿ ਲਾਗੇ ਹੁੰਦੇ ਹੋਏ ਵੀ ਪਿੰਡ ਵਿੱਚ ਜਾਇਆ ਨਹੀਂ ਸੀ ਜਾ ਸਕਦਾ। ਸ਼ਾਇਰ ਦੇ ਇਸ ਕਥਨ ਦੀ ਸੱਚਾਈ ਨੂੰ ਹੁਣ ਚੰਗੀ ਤਰਾਂ ਮਹਿਸੂਸ ਕੀਤਾ ਜਾ ਸਕਦਾ ਸੀ :-

**ਦੇਸਾਂ ਵਾਲਿਓ ! ਆਪਣੇ ਦੇਸ ਅੰਦਰ,**
**ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ।**

ਗੱਡੀ ਨਨਕਾਣਾ ਸਾਹਿਬ ਤੋਂ ਲਾਹੌਰ ਵੱਲ ਸਰਕ ਰਹੀ ਸੀ। ਆਉਂਦਿਆਂ ਵੀ ਗੱਡੀ ਦੀ ਰਫ਼ਤਾਰ ਇਸ ਤਰ੍ਹਾਂ ਹੀ ਸੀ ਤੇ ਹੁਣ ਵੀ ਇਹ 25-30 ਕਿਲੋਮੀਟਰ ਪ੍ਰਤੀ ਘੰਟੇ



Sri Satguru Jagjit Singh Ji eLibrary NamdhariElibrary@gmail.com

ਤੋਂ ਵਧ ਨਹੀਂ ਸੀ ਚੱਲ ਰਹੀ। ਇਸੇ ਲਈ ਇਹਨੂੰ ਸਰਕਣਾ ਕਹਿਣਾ ਹੀ ਦਰੁਸਤ ਸੀ। ਮੇਰੇ ਮਨ ਵਿੱਚ ਬਜ਼ੁਰਗਾਂ ਤੋਂ ਸੁਣੇ ਇਸ ਜ਼ਿਲ੍ਹੇ ਦੇ ਨਾਮਧਾਰੀਆਂ ਦੇ ਪਿੰਡਾਂ ਦੇ ਚਿਤ੍ਰ ਘੁੰਮ ਰਹੇ ਸਨ।

ਸ਼ੇਖ਼ੂਪੁਰੇ ਜ਼ਿਲ੍ਹੇ ਵਿੱਚ ਇਕ ਮਾਛੀ ਕੇ ਨਾਂ ਦਾ ਪਿੰਡ ਜੋ ਰੇਲਵੇ ਸਟੇਸ਼ਨ ਵੀ ਸੀ, ਛੋਟਾ ਜਿਹਾ। ਸਟੇਸ਼ਨ ਦੇ ਨੇੜੇ ਹੀ ਇਕ ਕੂਕੇ ਸੰਤ ਫ਼ਤਹਿ ਸਿੰਘ ਦਾ ਘਰ। ਜੇ ਉਸ ਕਿਤੇ ਜਾਣਾ ਤਾਂ ਕੁੰਜੀ ਕੰਧ ਵਿੱਚ ਬਣੇ ਆਲੇ ਵਿੱਚ ਰੱਖ ਜਾਣੀ ਇੱਟ ਥੱਲੇ। ਜੇ ਆਉਂਦੀ ਜਾਂਦੀ ਗੱਡੀ ਤੋਂ ਕੋਈ ਕੂਕਾ ਉੱਤਰੇ ਤਾਂ ਸਿੱਧਾ ਜਾਵੇ ਫਤਹਿ ਸਿੰਘ ਦੇ ਘਰ। ਪਛਾਣੀ ਥਾਂ ਤੋਂ ਕੁੰਜੀ ਚੁੱਕ ਬੂਹਾ ਖੋਲ੍ਹ ਕੇ ਰਸਤ ਬਸਤ ਲੈ ਕੇ, ਮੌਸਮ ਮੁਤਾਬਿਕ ਜਲ-ਪਾਣੀ ਬਣਾ ਛਕੇ। ਲੰਗਰ ਸਜਾ ਲਵੇ। ਫ਼ਤਹਿ ਸਿੰਘ ਆਏ ਤਾਂ ਵੇਖ ਕੇ ਖ਼ੁਸ਼ ਹੋਵੇ। ਜੇ ਕੋਈ ਸੰਗਦਾ ਸੱਜੇ ਖੱਬੇ ਡੱਠੀ ਮੰਜੀ 'ਤੇ ਬਹਿ ਰਹੇ ਅਤੇ ਬੂਹਾ ਖੋਲ੍ਹਕੇ ਲੰਗਰ ਪਾਣੀ ਨਾ ਕਰੇ, ਉਹਨੂੰ ਫ਼ਤਹਿ ਸਿੰਘ ਆਖੇ, "ਵਿੱਥ ਰੱਖੀ ਊ ਆਪਣਾ ਘਰ ਨਹੀਂਊ ਸਮਝਿਆ।" ਜੇ ਕੋਈ ਫ਼ਤਹਿ ਸਿੰਘ ਨੂੰ ਹੋਰ ਕਿਤੇ ਚੱਲ ਕੇ ਰਹਿਣ ਲਈ ਆਖੇ ਤਾਂ ਬੋਲੇ, 'ਟੇਸ਼ਨ ਲਾਗੇ ਘਰ ਏ। ਆਏ ਸਿੱਖ ਸਾਧ ਦਰਸ਼ਨ ਦਿੰਦੇ ਨੇ। ਮੇਰਾ ਕਲਿਆਣ ਕਰ ਜਾਂਦੇ ਨੇ।" ਇਸ ਤਰ੍ਹਾਂ ਦੇ ਪੰਜਾਬੀ ਸੁਭਾਉ ਦਾ ਖੁਲ੍ਹਾਸਾਪਣ, ਕਿਹੜੀ ਰਹਿਤਲ ਦੀ ਅਮੀਰੀ ਪ੍ਰਗਟ ਨਹੀਂ ਕਰਦਾ।

ਨੇੜੇ-ਤੇੜੇ ਹੀ ਇਕ ਪਿੰਡ ਕੁੱਝਰ। ਉਥੋਂ ਦਾ ਕੂਕਾ ਸੰਤ ਭਾਨ ਸਿੰਘ ਮੇਰੇ ਦਾਦੇ ਸੰਤ ਜਿਊਣ ਸਿੰਘ ਝੱਬਰ ਦਾ ਬੇਲੀ। ਮੇਰਾ ਦਾਦਾ ਰਹੇ ਸਾਧਾਂ ਨਾਲ ਬਿਹੰਗਮ ਵਿਚਰਦਾ। ਸਾਡੀ ਭੋਇੰ ਵਾਹ ਬੀਜ ਕੇ ਉਹਦਾ ਹਿੱਸਾ ਪੁਚਾਉਣ ਦੀ ਜ਼ਿੰਮੇਵਾਰੀ ਸੰਤ ਭਾਨ ਸਿੰਘ ਕੁੱਝਰ ਦੀ। ਵਰ੍ਹਾ ਕੁ ਪਹਿਲਾਂ ਹੀ ਉਨ੍ਹਾਂ ਦਾ ਸਪੁੱਤਰ ਸੰਤ ਗੁਰਬਖ਼ਸ਼ ਸਿੰਘ 'ਹਰਸ਼ੇ' ਗੁਜ਼ਰਿਆ। ਮੈਂ ਜਦੋਂ ਵੀ ਉਨ੍ਹਾਂ ਦੇ ਲੜਕਿਆਂ ਦੀਆਂ ਵਰਕਸ਼ਾਪਾਂ ਅੱਗੋਂ ਲੰਘਦਾ, ਗੁਆਂਢੀ ਪਿੰਡ ਸੰਤ ਨਗਰ ਵਿੱਚੋਂ, ਦੂਰੋਂ ਵੇਖ ਕੇ ਕੋਲ ਆਉਣ ਲਈ ਇਸ਼ਾਰਾ ਕਰਦੇ। ਮੈਂ ਗੋਡਿਆਂ ਨੂੰ ਨਿੰਵਦਾ। ਘੁੱਟ ਕੇ ਕਲੇਜੇ ਨਾਲ ਲਾ ਲੈਂਦੇ। ਆਂਹਦੇ, ਮੈਨੂੰ ਇਸ ਤਰ੍ਹਾਂ ਹੀ ਠੰਡ ਪੈਂਦੀ ਏ। ਮੇਰੇ ਭਰਾਵਾਂ ਵਰਗੇ ਯਾਰ ਦਾ ਪੁੱਤਰ ਏਂ। ਲੰਘਦਾ ਟੱਪਦਾ ਮੈਨੂੰ ਇਸ ਤਰ੍ਹਾਂ ਹੀ ਮਿਲ ਕੇ ਜਾਇਆ ਕਰ।" ਹੁਣ ਤਰਸ ਜਾਈਦਾ ਹੈ ਇਹਨਾਂ ਮਾਖਿਉਂ ਮਿੱਠੇ ਬੋਲਾਂ ਨੂੰ ਸੁਣਨ ਲਈ।

ਝੱਬਰਾਂ ਦੇ ਲਾਗੇ ਹੀ ਪਿੰਡ ਮਦਾਰ। ਉਥੋਂ ਦਾ ਪ੍ਰਸਿੱਧ ਨਾਮਧਾਰੀ ਸੰਤ ਰਿਖੀ ਸਿੰਘ (ਭਾਈ ਘਸੀਟਾ ਸਿੰਘ ਦਾ ਦਾਦਾ) ਸਿਰਹਾਲੀ ਦੇ ਸੰਤ ਜਿਊਣ ਸਿੰਘ ਨੂੰ ਅੰਮ੍ਰਿਤਸਰ ਵਾਲੀ ਨਹਿਰ ਦੇ ਕੰਢੇ "ਹਾਇ ਰਾਮਿਆ। ਹੁਣ ਤੇ ਆ ਮਿਲ" ਕਹਿਣ ਤੇ ਕਿਹਾ ਜਾਂਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਦਰਸ਼ਨ ਦਿੱਤੇ। ਇਕ ਪਹੁੰਚਾ ਕਛਿਹਰੇ ਦਾ ਹੱਥ ਵਿੱਚ ਸੀ ਇਕ ਲੱਤ ਵਿੱਚ ਸੀ। ਇਸ਼ਨਾਨ ਦਾ ਸਮਾਂ ਸੀ। ਉਸ ਤਰ੍ਹਾਂ ਹੀ ਹਾਜ਼ਰ ਹੋਣਾ ਪਿਆ। " ਫਿਰ ਕਦੋਂ ਮਿਲੋਗੇ?" "ਇਸੇ ਤਰ੍ਹਾਂ ਹੀ ਆਵਾਂਗਾ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ।"



Sri Satguru Jagjit Singh Ji eLibrary NamdhariElibrary@gmail.com

ਉਹ ਸਰੂਪ ਰਿਖੀ ਸਿੰਘ ਮਦਾਰ ਦਾ ਸੀ ਜਿਸ ਕਿਹਾ, "ਆਓ ਜਿਹਨੇ ਗੁਰੂ ਰਾਮ ਸਿੰਘ ਦੇ ਦਰਸ਼ਨ ਕਰਨੇ ਹਨ। ਪਹੁੰਚਾ ਕਛਿਹਰੇ ਦਾ ਉਵੇਂ ਹੀ ਇਕ ਹੱਥ ਤੇ ਇਕ ਲੱਤ ਵਿੱਚ। ਭਾਈ ਨਿਰੰਜਨ ਸਿੰਘ ਮਰਗੇਸ਼ ਇਸ ਅਲੌਕਿਕ ਘਟਨਾ ਨੂੰ ਇਉਂ ਬਿਆਨ ਕਰਦੇ ਹਨ:-

**ਆਹ ਜਿਉਣ ਸਿੰਘ ਵਾਲੀ ਸੁਣੀ ਪਰਦੇਸ ਰਾਮ,**
**ਉਸੇ ਵੇਲੇ ਪੁੱਜਾ ਇਕ ਪਲ ਨਾਂ ਸਹਾਰਦਾ।**
**ਦੀਨਾਨਾਥ! ਫਿਰ ਕਦੋਂ ਹੋਣਗੇ ਦੀਦਾਰ ਸਾਨੂੰ?**
**ਸੁਧਾ ਸਰ* ਕੰਢੇ ਜਾ ਦਰਸ ਦੇ ਕੇ ਤਾਰਦਾ।**
**ਇਕ ਪਹੁੰਚਾ ਹੱਥ ਇਕ ਲੱਤ "ਮਰਗੇਸ਼" ਕਵਿ,**
**ਕੀਤਾ ਸੀ ਦੀਦਾਰ ਉਸ ਚੀਨੀ ਅਸਵਾਰ ਦਾ।** * ਅੰਮ੍ਰਿਤ-ਸਰੋਵਰ

ਤੇ ਇਕ ਹੋਰ ਪ੍ਰਸਿੱਧ ਪਿੰਡ ਸੀ ਕੂਕਿਆਂ ਦਾ ਸਮਸਾ। ਮੇਰਾ ਮਾਸੜ ਗਿਆਨ ਸਿੰਘ ਜਿਸ ਦੀ ਅੱਲ 'ਰਾਮ ਬੇਲੀ' ਸੀ ਇਸੇ ਸਮਸੇ ਦਾ ਸੀ। ਸਮਸੇ ਦਾ ਹੀ ਸੂਬਾ ਵਰਿਆਮ ਸਿੰਘ ਸੀ। ਇਕ ਵੇਰ ਛੋਟੇ ਹੁੰਦਿਆਂ ਮੈਂ ਆਪਣੇ ਬਾਪੂ ਜੀ ਨਾਲ ਤੁਰਿਆ ਜਾਂਦਾ ਸਾਂ। ਕਰੀਵਾਲੇ ਤੇ ਦਮਦਮੇ ਦੇ ਵਿਚਾਲੇ ਘੋੜੀ ਤੇ ਚੜ੍ਹੇ ਆਉਂਦੇ ਸਨ ਸੂਬਾ ਵਰਿਆਮ ਸਿੰਘ। ਉਨ੍ਹਾਂ ਪਜਾਮਾ ਰੇਬ ਪਾਇਆ ਹੋਇਆ ਸੀ। ਆਮ ਨਾਮਧਾਰੀ ਗਰਮੀਆਂ ਦੇ ਮੌਸਮ ਵਿੱਚ ਕੁੜਤੇ ਕਛਿਹਰੇ ਨਾਲ ਹੀ ਏਧਰ ਵਿਚਰਦੇ ਸਨ। ਮੈਂ ਉਨ੍ਹਾਂ ਦੇ ਲੰਘਣ ਬਾਅਦ ਬਾਪੂ ਜੀ ਨੂੰ ਪੁੱਛਿਆ ਕਿ ਇਨ੍ਹਾਂ ਗਰਮੀਆਂ ਵਿੱਚ ਪਜਾਮਾ ਕਿਉਂ ਪਾਇਆ ਹੈ। "ਇਹ ਸਾਡੇ ਸੂਬੇ ਹਨ", ਬਾਪੂ ਜੀ ਨੇ ਕਿਹਾ ਤੇ ਮੈਂ ਗਰਮੀਆਂ ਵਿੱਚ ਜਿਸ ਵੀ ਨਾਮਧਾਰੀ ਨੂੰ ਪਜਾਮਾ ਪਾਈ ਵੇਖਦਾ ਤਾਂ ਸਮਝ ਲੈਂਦਾ ਕਿ ਇਹ ਵੀ ਕੋਈ ਸੂਬਾ ਹੈ। ਇਹ ਭੇਦ ਬਾਅਦ ਵਿੱਚ ਖੁੱਲ੍ਹਿਆ ਕਿ ਗਰਮੀਆਂ ਵਿੱਚ ਹਰ ਪਜਾਮੇ ਵਾਲਾ ਨਾਮਧਾਰੀ ਸੂਬਾ ਨਹੀਂ ਹੁੰਦਾ। ਤੇ ਝੱਬਰਾਂ ਦਾ ਹੀ ਗੁਆਂਢੀ ਪਿੰਡ ਵਰਨ। ਕੱਕੜ ਤੇ ਵਰਨ ਦੋਹਾਂ ਪਿੰਡਾਂ ਨੂੰ ਗੁਰੂ ਕੀ ਕਾਸ਼ੀ ਹੋਣ ਦਾ ਮਾਣ ਮਿਲਿਆ ਹੈ ਨਾਮਧਾਰੀ ਇਤਿਹਾਸ ਵਿੱਚ। ਵਰਨਾਂ ਦੇ ਕੂਕੇ ਤਾਂ ਲੋਕ ਗੀਤਾਂ ਵਿੱਚ ਵੀ ਦਰਜ ਹੋ ਚੁੱਕੇ ਹਨ :-

**ਥਾਲੀ ਭੰਨ ਕੇ ਬਣਾ ਲਏ ਛੈਣੇ**
**ਕੂਕੇ ਵਰਨਾਂ ਦੇ।**

ਪ੍ਰਸਿੱਧ ਅਕਾਲੀ ਆਗੂ ਜਥੇਦਾਰ ਕਰਤਾਰ ਸਿੰਘ ਝੱਬਰ ਪਹਿਲੀਆਂ ਵਿੱਚ ਨਾਮਧਾਰੀਆਂ ਦੇ ਪ੍ਰਭਾਵ ਵਿੱਚ ਵੀ ਰਿਹਾ ਸੀ ਕਿਉਂ ਜੁ ਉਹਦੇ ਸ਼ਰੀਕੇ ਵਿੱਚੋਂ ਮੇਰਾ ਪੜਦਾਦਾ ਸਾਉਣ ਸਿੰਘ ਤੇ ਹੋਰ ਕਿੰਨੇ ਹੀ ਜਣੇ ਉਸਦੇ ਪਿੰਡ ਦੇ, ਗੁਰੂ ਰਾਮ ਸਿੰਘ ਜੀ ਵੇਲੇ ਨਾਮਧਾਰੀ ਬਣ ਚੁੱਕੇ ਸਨ। ਸਾਡੇ ਪਰਿਵਾਰ ਅਤੇ ਉਨ੍ਹਾਂ ਦੀ 5-6 ਪੀਹੜੀਆਂ ਦੀ ਹੀ ਵਿੱਥ ਸੀ। ਵਰਨਾਂ ਵਿੱਚ ਨਾਮਧਾਰੀਆਂ ਦੇ ਸਾਲਾਨਾ ਮੇਲੇ ਦੇ ਵਿਰੋਧ ਵਿੱਚ ਹੀ ਭਾਈ ਮੂਲ ਸਿੰਘ



Sri Satguru Jagjit Singh Ji eLibrary NamdhariElibrary@gmail.com

ਗੁਰਮੂਲੀਏ ਨੇ ਸਿੰਘ ਸਭਾ ਵੱਲੋਂ ਇਕ ਦੀਵਾਨ ਰੱਖਿਆ ਸੀ। ਇਹ ਗੱਲ 1904 ਈ. ਦੀ ਹੈ। ਕਰਤਾਰ ਸਿੰਘ ਝੱਬਰ ਆਪਣੇ ਭੂਰਲੀ ਜਥੇ ਸਣੇ ਭਾਈ ਮੂਲ ਸਿੰਘ ਦੇ ਦੀਵਾਨ ਵਿੱਚ ਖਲਲ ਪਾਉਣ ਦੀ ਨੀਤ ਨਾਲ ਗਿਆ ਸੀ, ਪ੍ਰੰਤੂ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਤਾਬ ਨਾ ਝੱਲ ਸਕਿਆ ਤੇ ਉਨ੍ਹਾਂ ਨਾਲ ਹੀ ਰਲ ਗਿਆ। ਬਾਅਦ ਵਿੱਚ ਇਹ ਕਈ ਵੇਰ ਕੱਟੜ ਕੂਕਾ ਵਿਰੋਧ ਦਾ ਵੀ ਸ਼ਿਕਾਰ ਹੋ ਜਾਂਦਾ ਸੀ। ਪ੍ਰੰਤੂ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਇਸਦੀ ਜੋ ਇਤਿਹਾਸਕ ਆਗੂ ਭੂਮਿਕਾ ਸੀ ਉਹਦੇ ਸਦਕਾ, ਪੰਜਾਬ ਦੀ ਤਾਰੀਖ ਵਿੱਚ ਇਨ੍ਹਾਂ ਦਾ ਸਥਾਨ ਸੁਨਿਸ਼ਚਿਤ ਹੋ ਗਿਆ ਹੈ। ਵਰਨਾਂ ਦੇ ਸੰਤ ਆਲਾ ਸਿੰਘ ਜੀ ਜਿਨ੍ਹਾਂ ਨੂੰ 'ਵੱਡੇ ਸੰਤ' ਕਿਹਾ ਜਾਂਦਾ ਸੀ ਅਤੇ ਜਿਨ੍ਹਾਂ ਬਾਬਤ 'ਜੱਸ ਜੀਵਨ' ਦਾ ਕਰਤਾ ਤਰਨ ਸਿੰਘ ਵਹਿਮੀ ਲਿਖਦਾ ਹੈ ਕਿ ਉਹ ਨਾਮਧਾਰੀ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਆਪਣੀ ਵਿਅਕਤੀਗਤ ਇੱਜ਼ਤ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਸਨ ਕਰਦੇ। ਗਰੀਬ ਕੂਕਿਆਂ ਦੇ ਘਰ ਬਿਨਾਂ ਭੇਟਾ ਲਏ ਪਾਠ ਹੀ ਨਹੀਂ ਸਨ ਕਰਦੇ ਸਗੋਂ ਆਪਣੇ ਜਥੇ ਸਮੇਤ ਉਨ੍ਹਾਂ ਦੀ ਵਾਢੀ ਵੀ ਆਪ ਕਰ ਦਿੰਦੇ ਸਨ, ਜੇ ਕੋਈ ਢਿੱਲਾ ਮੱਠਾ ਹੋ ਜਾਵੇ ਤਾਂ। ਇਨ੍ਹਾਂ ਸੰਤਾਂ ਦੇ ਕਾਫੀ ਬਚਨ, ਉਨ੍ਹਾਂ ਤੋਂ ਹੀ ਵਰੋਸਾਏ ਸੋਭਾ ਸਿੰਘ ਕੱਕੇ ਤੋਂ ਮੈਂ ਸੁਣਦਾ ਰਿਹਾ ਜੋ ਸਾਡੇ ਪਿੰਡ ਹੀ ਰਹਿੰਦੇ ਸਨ। ਲਾਭ ਸਿੰਘ ਕੱਕਾ ਵਰਨਾਂ ਦਾ ਇਕ ਹੋਰ ਪ੍ਰਸਿੱਧ ਕੂਕਾ ਆਗੂ ਸੀ ਜਿਸਦੀ ਧਾਕ ਦੂਰ-ਦੂਰ ਤੱਕ ਸੀ। ਸਾਡੇ ਪਿੰਡ ਕਰੀਵਾਲਾ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੇ ਦਫ਼ਤਰ ਲਈ ਭੂਮੀ ਇਨ੍ਹਾਂ ਦੇ ਪੁੱਤਰ ਹਜ਼ਾਰਾ ਸਿੰਘ ਕੱਕਾ ਨੇ ਹੀ ਦਾਨ ਦਿੱਤੀ ਸੀ। ਵਰਨਾਂ ਦਾ ਸੁੱਖਣਆਣਾ ਖੂਹ, ਜਿਥੇ ਮੇਰੇ ਦਾਦੇ ਸੰਤ ਜਿਊਣ ਸਿੰਘ ਝੱਬਰ ਦਾ ਬੜਾ ਨਿੱਘ ਅਤੇ ਨੇੜ ਸੀ ਭਾਈ ਸੂਰਤਾ ਸਿੰਘ, ਜੋਗਿੰਦਰ ਸਿੰਘ ਆਦਿ ਜੋ ਹੁਣ ਕਰੀਵਾਲੇ ਹੀ ਰਹਿੰਦੇ ਸਨ ਦੇ ਦਾਦੇ ਗਿਆਨ ਸਿੰਘ ਨਾਲ। ਜੋ ਗੁਰੂ ਦੇ ਲੰਗਰ ਦੀ ਪ੍ਰਸ਼ਾਦਿਆਂ ਦੀ ਸੇਵਾ ਹੋਲਿਆਂ-ਮੇਲਿਆਂ ਵਿੱਚ ਕਰਦੇ ਰਹਿੰਦੇ ਸਨ। ਭਿੱਖੀਆਣਾ ਖੂਹ ਵੀ ਕੂਕਿਆਂ ਵਿੱਚ ਪ੍ਰਸਿੱਧ ਸੀ।

ਸੋ ਮਨ ਤਾਂ ਇਹ ਚਾਹੁੰਦਾ ਸੀ ਕਿ ਇਨ੍ਹਾਂ ਸਾਰਿਆਂ ਪਿੰਡਾਂ ਦੀਆਂ ਗਲੀਆਂ-ਫਿਰਨੀਆਂ ਕੱਛੀਆਂ ਜਾਂਦੀਆਂ। ਇਨ੍ਹਾਂ ਦੀ ਧੂੜ, ਜੋ ਕੂਕੇ ਮਸਤਾਨਿਆਂ ਦੀ ਛੋਹ ਨਾਲ ਪਵਿੱਤਰ ਹੋਈ ਸੀ, ਉਸ ਵਿੱਚ ਲੇਟਿਆ ਜਾਂਦਾ। ਪਰ.. ਕਦੇ ਤਾਂ ਬਰਲਿਨ ਦੀ ਦੀਵਾਰ ਵਾਂਗ ਇਹ ਵਾਘੇ ਦੀ ਸਰਹੱਦ ਵੀ ਟੁੱਟੇਗੀ ਅਤੇ ਦੋਹਾਂ ਪੰਜਾਬਾਂ ਦੇ ਬਾਸ਼ਿੰਦੇ ਬਿਨਾਂ ਰੋਕ-ਟੋਕ ਏਧਰ-ਉਧਰ ਆ ਜਾ ਸਕਣਗੇ ਆਜ਼ਾਦ ਪੰਛੀਆਂ ਵਾਂਗੂ। "ਰਾਜ ਕਵੀ" ਇੰਦਰਜੀਤ ਸਿੰਘ 'ਤੁਲਸੀ ਦਾ ਇਹ ਕਥਨ ਸਾਡੀ ਦਸ਼ਾ ਬਿਆਨਣ ਲਈ ਬੜਾ ਢੁੱਕਦਾ ਹੈ:--

**ਜੰਗਲ ਕਦੇ ਨਾ ਵੰਡਦੇ, ਪੰਛੀ ਅਤੇ ਹੈਵਾਨ।**
**ਪਾਈਆਂ ਸੱਭੇ ਵੰਡੀਆਂ, ਇਸ ਭੈੜੇ ਇਨਸਾਨ।**



Sri Satguru Jagjit Singh Ji eLibrary NamdhariElibrary@gmail.com

# ਵਾਪਸੀ ਨਨਕਾਣਾ ਸਾਹਿਬ ਤੋਂ

ਬਾਸਮਤੀਆਂ ਦੀ ਸੁਨਹਿਰੀ ਭਾਅ ਮਾਰਦੇ ਖੇਤਾਂ ਵਿੱਚ ਛਟਾਲੇ ਜਾਂ ਜਵੀ, ਸਰ੍ਹੋਂ ਦਾ ਕੋਈ-ਕੋਈ ਹਰਿਆਲਾ ਕਿੱਲਾ ਅਤੇ ਕਾਫੀ ਖੇਤ ਝੋਨੇ ਦੇ ਵੱਢ ਨਜ਼ਰ ਆ ਰਹੇ ਸਨ। ਪਹਾੜੀ ਕਿੱਕਰਾਂ, ਪਿੰਡਾਂ ਡੇਰਿਆਂ ਦੇ ਨੇੜੇ ਨਜ਼ਰ ਪੈਂਦੀਆਂ। ਦੋ ਕੁ ਵਜੇ ਸ਼ਾਇਦ ਬਾਅਦ ਦੁਪਹਿਰ ਸਾਡੀ ਗੱਡੀ ਚੱਲੀ ਹੋਵੇਗੀ। ਦੋ ਕੁ ਘੰਟਿਆਂ ਬਾਅਦ ਹੀ ਅਸੀਂ ਸ਼ੇਖ਼ੂਪੁਰੇ ਦੇ ਰੇਲਵੇ ਸਟੇਸ਼ਨ 'ਤੇ ਪੁੱਜੇ। ਇਕ ਸੱਜਣ ਨਾਲ ਦੋ ਕੁ ਮਿੰਟ ਦੀ ਮੁਲਾਕਾਤ ਹੋਈ, ਫਿਰ ਗੱਡੀ ਟੁਰ ਪਈ ਸੀ। ਉਹ ਪੇਸ਼ੇ ਵੱਜੋਂ ਅਧਿਆਪਕ ਸੀ। ਪੰਜਾਬੀ ਦੀ ਐਮ.ਏ.। ਵੰਡ ਤੋਂ ਬਾਅਦ ਦਾ ਸਾਡਾ ਪੰਜਾਬੀ ਸਾਹਿਤ ਚੜ੍ਹਦੇ ਪਾਸੇ ਵਾਲਿਆਂ ਦਾ ਏਧਰ ਨਹੀਂ ਪੜ੍ਹਾਇਆ ਜਾਂਦਾ। ਸਾਡੀਆਂ ਯੂਨੀਵਰਸਿਟੀਆਂ ਤਾਂ ਸ਼ਾਇਦ ਇਕ-ਅੱਧ ਪਰਚਾ ਪਾਕਿਸਤਾਨੀ ਪੰਜਾਬੀ ਸਾਹਿਤ ਬਾਰੇ ਸ਼ਾਮਿਲ ਕਰਦੀਆਂ ਹਨ। ਮੇਰਾ ਖਿਆਲ ਹੈ ਕਿ ਗੁਰਬਾਣੀ ਵੀ ਉਹ ਨਹੀਂ ਪੜ੍ਹਾਉਂਦੇ। ਇਸ ਤਰਾਂ ਪੰਜਾਬੀ ਸਾਹਿਤ ਦੀ ਮੁਕੰਮਲ ਤਸਵੀਰ ਸਪੱਸ਼ਟ ਨਹੀਂ ਹੁੰਦੀ। ਉਧਰਲੇ ਪੰਜਾਬ ਲਈ ਗੁਰਮੁਖੀ ਲਿੱਪੀ ਅਤੇ ਇਧਰਲੇ ਲਈ ਸ਼ਾਹਮੁਖੀ ਲਿੱਪੀ (ਜਿਸ ਵਿੱਚ ਉਰਦੂ ਲਿਖੀ ਜਾਂਦੀ ਹੈ) ਦੀ ਪੜ੍ਹਾਈ ਜ਼ਰੂਰੀ ਨਾ ਕੀਤੀ ਗਈ ਤਾਂ ਦੋਵੇਂ ਪੰਜਾਬ ਇਕ ਦੂਜੇ ਦੀਆਂ ਲਿਖਤਾਂ ਦਾ ਅਨੰਦ ਕਿਵੇਂ ਲੈ ਸਕਣਗੇ। ਦੁਕਾਨਾਂ ਦਾ ਬੋਰਡ ਪੜ੍ਹਨ ਲਈ ਅਸੀਂ ਅੰਗਰੇਜ਼ੀ ਲਿੱਪੀ ਦੇ ਮੁਥਾਜ ਹੀ ਰਹਿੰਦੇ ਸਾਂ। ਸਾਡਾ ਬਹੁਤ ਸਾਰਾ ਉੱਚ ਕੋਟੀ ਦਾ ਸਾਹਿਤ, ਭਾਵੇਂ ਉਹ ਅੰਮ੍ਰਿਤਾ, ਮੋਹਨ ਸਿੰਘ, ਸ਼ਿਵ ਕੁਮਾਰ ਜਾਂ ਪਾਸ਼, ਪਾਤਰ ਦੀ ਸ਼ਾਇਰੀ ਹੋਵੇ ਭਾਵੇਂ ਗੁਰਬਖਸ਼ ਸਿੰਘ, ਤੇਜਾ ਸਿੰਘ ਦੀ ਵਾਰਤਕ ਜਾਂ ਫਿਰ ਨਾਨਕ ਸਿੰਘ ਜਾਂ ਗੁਰਦਿਆਲ ਸਿੰਘ ਦੇ ਨਾਵਲ ਹੋਣ, ਅਜਮੇਰ ਔਲਖ ਜਾਂ ਆਤਮਜੀਤ ਦੇ ਨਾਟਕ ਹੋਣ, ਕੁਲਵੰਤ ਸਿੰਘ ਵਿਰਕ ਜਾਂ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਹੋਣ, ਡਾ.ਰਵਿੰਦਰ ਸਿੰਘ ਰਵੀ ਜਾਂ ਡਾ. ਸੁਖਦੇਵ ਸਿੰਘ ਸਿਰਸਾ ਦੀ ਆਲੋਚਨਾ ਹੋਵੇ, ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਦੇ ਵਿਦਿਆਰਥੀ ਲਿੱਪੀ ਦੀ ਸਾਂਝ ਨਾ ਹੋਣ ਕਾਰਨ ਉਸ ਤੋਂ ਲਾਭਵੰਤ ਨਹੀਂ ਹੋ ਸਕਦੇ ਅਤੇ ਇਉਂ ਹੀ ਸਾਡੇ ਇਧਰਲੇ ਵਿਦਿਆਰਥੀ ਜਨਾਬ ਨਜ਼ਮ ਹੁਸੈਨ ਸਈਅਦ ਅਤੇ ਸਿਬਤੁਲ ਹਸਨ ਜ਼ੈਗਮ ਜਿਹੇ ਆਲੋਚਕਾਂ ਦੇ ਵਿਚਾਰਾਂ ਤੋਂ ਜਾਣੂ ਨਹੀਂ ਹੋ ਸਕੇ। ਬਹੁਤ ਵਧੀਆਂ ਸ਼ਾਇਰੀ ਜੋ ਧੁਰ ਰੂਹਾਂ ਤੱਕ ਉੱਤਰ ਜਾਂਦੀ ਹੈ ਅਤੇ ਪੰਜਾਬੀ ਰਹਿਤਲ ਦੀਆਂ ਬਾਤਾਂ ਪਾਉਣ ਵਾਲੀ ਵਾਰਤਕ ਦੀ ਰੂਹ ਨਾਲ ਇਕ ਸੁਰ ਨਹੀਂ ਹੋ ਸਕੇ। ਭਾਵੇਂ ਇਲੀਆਸ ਘੁੰਮਣ ਨੇ ਏਧਰਲਾ ਸਾਹਿਤ ਓਧਰ ਲਿੱਪੀ ਅੰਤਰ ਕਰਕੇ ਪਹੁੰਚਾਉਣ ਦਾ ਬੀੜਾ ਚੁੱਕਿਆ ਹੈ ਅਤੇ ਕੁਝ-ਕੁਝ ਸਾਨੂੰ ਵੀ ਡਾ.ਜਗਤਾਰ ਜਿਹਿਆਂ ਦੇ ਉੱਦਮ ਨਾਲ ਏਧਰ ਪੜ੍ਹਨ ਨੂੰ ਮਿਲਦਾ ਹੈ ਪਰ ਫਿਰ ਵੀ ਇਹ ਦੋਵੇਂ ਲਿੱਪੀਆਂ ਪੜ੍ਹੇ ਬਿਨ੍ਹਾਂ ਨਾ ਤਾਂ ਗੁਰਬਾਣੀ ਨਾ ਸੂਫ਼ੀ ਕਾਵਿ ਅਤੇ ਨਾ ਹੀ ਮੱਧ ਕਾਲੀ ਕਿੱਸਾ ਕਾਵਿ ਨੂੰ ਚੰਗੀ ਤਰ੍ਹਾਂ ਮਾਣਿਆ ਜਾ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ

ਪੰਜ ਕੁ ਵੱਜਦੇ ਨੂੰ ਪੰਜ ਨਵੰਬਰ ਨੂੰ ਸਾਡੀ ਗੱਡੀ, ਸ਼ਹਾਦਰੇ ਦੇ ਜੰਕਸ਼ਨ 'ਤੇ ਜਾ ਰੁਕੀ, ਕੁਝ ਚਿਰ ਬਾਅਦ ਰਾਵੀ ਦਰਿਆ ਨੂੰ ਦੁਬਾਰਾ ਪਾਰ ਕੀਤਾ ਅਤੇ ਲਾਹੌਰ ਦੇ ਲੋਕਾਂ ਅਤੇ ਇਮਾਰਤਾਂ ਨੂੰ ਨਿਹਾਰਦੇ ਹੋਏ ਅੱਗੇ ਵਧੇ। ਸਿਆਸੀ ਪਾਰਟੀਆਂ ਦੇ ਝੰਡੇ ਮਕਾਨਾਂ ਉੱਤੇ ਲਹਿਰਾਉਣ ਦਾ ਰਿਵਾਜ, ਇਧਰ ਵੀ ਸਾਡੇ ਜਿਉਂ ਹੀ ਸੀ। ਸਾਢੇ ਕੁ ਪੰਜ ਵੱਜਦੇ ਨੂੰ ਸਾਡੀ ਗੱਡੀ ਬਦਾਮੀ ਬਾਗ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਗਈ। ਗੁਰਦੁਆਰਾ ਡੇਹਰਾ ਸਾਹਿਬ ਨੂੰ ਇਹੋ ਸਟੇਸ਼ਨ ਲੱਗਦਾ ਸੀ ਤੇ ਗੁਰਦੁਆਰਾ ਸ਼ਾਹੀ ਕਿਲੇ ਦੇ ਬਿਲਕੁਲ ਲਾਗੇ ਹੀ ਸੀ। ਸੋ ਜਦੋਂ ਅਸੀਂ ਸਟੇਸ਼ਨ ਤੋਂ ਬਾਹਰ ਆ ਕੇ ਟਾਂਗੇ ਵਗੈਰਾ ਲਈ ਪੁੱਛਗਿੱਛ ਕੀਤੀ ਤਾਂ ਇਕ ਦੋ ਜਣਿਆਂ ਨੇ ਸਮਝਾਇਆ ਕਿ ਆਹ ਇਥੋਂ ਸੱਜੇ ਹੱਥ ਹੋ ਕੇ, ਅੱਗੋਂ ਖੱਬੇ ਫਿਰ ਇਕ ਗਲੀ ਵਿੱਚ ਮੁੜ ਜਾਉ। ਸਾਹਮਣੇ ਬਹੁਤ ਵੱਡੀ ਪਾਰਕ ਹੈ। ਇਹਦੇ ਦੂਜੇ ਪਾਸੇ ਤੇ ਵਾਕਿਆ ਹੈ ਤੁਹਾਡਾ ਗੁਰਦੁਆਰਾ ਜਿਥੇ ਤੁਸਾਂ ਆਉਣਾ ਹੈ ਤੇ ਅਸੀਂ ਆਪਣੇ ਜਥੇ ਦੇ ਸਾਰੇ ਜਵਾਨ ਸਾਥੀਆਂ ਨੇ ਇਉਂ ਹੀ ਕੀਤਾ। ਸਾਮਾਨ ਦੇ ਬੈਗ ਹੱਥਾਂ ਵਿੱਚ ਲਟਕਾਏ ਤੇ ਚੱਲ ਪਏ। ਪਾਰਕ ਵਿੱਚ ਕ੍ਰਿਕਟ ਖੇਡਦੇ ਬੱਚੇ ਬੜੀ ਉਕਸੁਕਤਾ ਨਾਲ ਸਾਨੂੰ ਵੇਖਦੇ ਅਤੇ ਹਾਲ ਚਾਲ ਪੁੱਛਦੇ। ਸਾਹਮਣੇ ਹੀ ਦਿੱਸ ਰਹੀ ਸੀ ਮੀਨਾਰ-ਇ-ਪਾਕਿਸਤਾਨ। ਇਹ ਉਹੋ ਜਗ੍ਹਾ ਸੀ ਜਿੱਥੇ ਵੰਡ ਤੋਂ ਪਹਿਲਾਂ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਦੇ ਇਕ ਇਕੱਠ ਵਿੱਚ ਪਾਕਿਸਤਾਨ ਦੀ ਕਾਇਮੀ ਲਈ ਜੱਦੋਜਹਿਦ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ। ਪਾਰਕ ਲੰਘ ਕੇ ਪੱਕੀ ਸੜਕ ਆ ਗਈ ਅਤੇ ਇਹਨੂੰ ਪਾਰ ਕਰਦਿਆਂ ਹੀ ਸਾਹਮਣੇ ਇਕ ਪਾਸੇ ਸ਼ਾਹੀ ਕਿਲ੍ਹਾ ਲਾਹੌਰ ਦਿੱਸ ਰਿਹਾ ਸੀ ਤੇ ਕਿਲ੍ਹੇ ਦੀ ਉਰਲੀ ਗੁੱਠ ਦੇ ਸਾਹਮਣੇ ਜਿਹੇ ਹੀ ਸੀ, ਗੁਰਦੁਆਰਾ ਡੇਹਰਾ ਸਾਹਿਬ ਦੀ ਇਮਾਰਤ ਜੋ ਬਹੁਤ ਵੱਡੀ ਨਹੀਂ ਸੀ ਅਤੇ ਇਹ ਜਗ੍ਹਾ ਵੀ ਉਤਨੀ ਵਿਸ਼ਾਲ ਨਹੀਂ ਸੀ ਜਿੰਨੀ ਪੰਜਾ ਸਾਹਿਬ ਜਾਂ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਸੀ। ਇਕ ਕਾਰਨ ਸ਼ਾਇਦ ਇਹ ਹੋਵੇਗਾ ਕਿ ਉਹ ਗੁਰਦੁਆਰੇ ਛੋਟੇ ਕਸਬਿਆਂ ਵਿੱਚ ਸਨ। ਇਹ ਪੰਜਾਬ ਦੀ ਰਾਜਧਾਨੀ ਵਿੱਚ ਸੀ ਜਿੱਥੇ ਜਗ੍ਹਾ ਦੀ ਕਾਫੀ ਕੀਮਤ ਹੁੰਦੀ ਹੈ। ਪ੍ਰੰਤੂ ਇਸਦੇ ਆਲੇ ਦੁਆਲੇ ਖੁੱਲ੍ਹੇ ਮੈਦਾਨ ਸਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਯਾਦਗਾਰ ਹੈ ਇਹ ਗੁਰਦੁਆਰਾ। ਪੰਜਵੇਂ ਗੁਰੂ ਨੇ ਸਿੱਖਾਂ ਨੂੰ ਇਕ ਧਰਮ ਪੁਸਤਕ ਅਤੇ ਅੰਮ੍ਰਿਤਸਰ ਦੇ ਰੂਪ ਵਿੱਚ ਇਕ ਧਾਰਮਿਕ ਕੇਂਦਰ ਦੇ ਦਿੱਤਾ ਸੀ। ਵੇਲੇ ਦੇ ਬਾਦਸ਼ਾਹ ਜਹਾਂਗੀਰ ਨੂੰ ਆਮ ਲੋਕਾਂ ਦਾ ਵੱਡੀ ਗਿਣਤੀ ਵਿੱਚ ਇਸ ਨਵੇਂ ਧਰਮ ਵਿੱਚ ਪ੍ਰਵੇਸ਼ ਕਰਨਾ ਭਾਉਂਦਾ ਨਹੀਂ ਸੀ। ਇਸ ਲਈ ਉਹਨੇ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਵਿੱਚ ਹੀ ਗੁਰੂ ਸਾਹਿਬ ਲਈ ਮੌਤ ਦੀ



Sri Satguru Jagjit Singh Ji eLibrary NamdhariElibrary@gmail.com

ਸਜ਼ਾ ਤਜਵੀਜ਼ ਕਰ ਦਿੱਤੀ ਸੀ। ਜਿਵੇਂ ਕਿ ਹਰ ਵੇਰ ਹੁੰਦਾ ਹੈ ਰਾਜ ਆਪਣੇ ਪ੍ਰਚਾਰ–ਤੰਤਰ ਦੇ ਸਿਰ 'ਤੇ ਲੋਕਾਂ ਨੂੰ ਅਸਲ ਇਤਿਹਾਸ ਤੱਕ ਪਹੁੰਚਣ ਵੀ ਨਹੀਂ ਦਿੰਦਾ। ਇਸ ਲਈ ਚੰਦੂ ਦੀਵਾਨ ਦੀ ਪੁੱਤਰੀ ਦੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਕੁੜਮਾਈ ਅਤੇ ਫਿਰ ਚੰਦੂ ਵੱਲੋਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣਾ ਕਹਿਣ 'ਤੇ ਲਾਹੌਰ ਦੇ ਸਿੱਖਾਂ ਗੁਰੂ ਜੀ ਨੂੰ ਇਸ ਰਿਸ਼ਤੇ ਤੋਂ ਵਰਜਿਆ। ਰਿਸ਼ਤਾ ਛੱਡਣ ਕਾਰਨ ਚੰਦੂ ਨੂੰ ਹੀ ਪੁਰਾਤਨ ਸਿੱਖ ਇਤਿਹਾਸ, ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਜ਼ਿੰਮੇਵਾਰ ਲਿਖਦਾ ਹੈ। ਇਹ ਮੁੱਖ ਕਾਰਨ ਹੁੰਦਾ ਤਾਂ ਜਹਾਂਗੀਰ ਆਪਣੀ ਆਤਮਕਥਾ ਵਿੱਚ ਗੁਰੂ ਅਰਜਨ ਦੀ ਕੁਫਰ ਦੀ ਦੁਕਾਨ ਬੰਦ ਕਰਨ ਬਾਰੇ ਕਿਉਂ ਲਿਖਦਾ। ਇਕ ਕਾਰਨ ਇਹ ਛੋਟਾ ਮੋਟਾ ਨਾਲ ਰਲ ਗਿਆ ਹੋਵੇਗਾ। ਨਿਰੋਲ ਕਾਰਨ ਤਾਂ ਜਹਾਂਗੀਰ ਦੀ ਕੱਟੜ ਧਾਰਮਿਕ ਨੀਤੀ ਸੀ ਜਿਹੜੀ ਉਹਦੇ ਬਾਪ ਅਕਬਰ ਦੀ ਨੀਤੀ ਤੋਂ ਬਿਲਕੁਲ ਉਲਟ ਸੀ।

ਗੁਰੂ ਜੀ ਨੂੰ ਕਾਫੀ ਤਸੀਹੇ ਦਿੱਤੇ ਗਏ ਸਨ। ਯਾਸਾ ਦੇ ਕਾਨੂੰਨ ਮੁਤਾਬਕ ਕਾਫ਼ਰਾਂ ਨੂੰ ਇਸ ਤਰ੍ਹਾਂ ਮਾਰੋ ਕਿ ਉਹਨਾਂ ਦੇ 'ਅਪਵਿੱਤਰ ਖ਼ੂਨ' ਦਾ ਕੋਈ ਵੀ ਕਤਰਾ ਧਰਤੀ 'ਤੇ ਡਿੱਗ ਕੇ ਇਹਨੂੰ ਪਲੀਤ ਨਾ ਕਰੇ। ਇਸ ਲਈ ਗੁਰੂ ਜੀ ਨੂੰ ਕਦੇ ਤੱਤੀ ਤਵੀ 'ਤੇ ਬੈਠਾ ਕੇ ਉਹਨਾਂ ਦੇ ਸਿਰ 'ਤੇ ਸੜਦੀ ਬਲਦੀ ਰੇਤ ਪਾਈ ਗਈ, ਕਦੇ ਉਹਨਾਂ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਉਬਾਲਿਆ ਗਿਆ। ਜਦੋਂ ਗਰਮ ਪਾਣੀ ਵਿੱਚੋਂ ਉਬਾਲ ਕੇ ਬਾਹਰ ਕੱਢਿਆ ਤਾਂ ਫਿਰ ਉਹਨਾਂ ਨੂੰ ਕਿਲ੍ਹੇ ਦੇ ਨਾਲ ਹੀ ਵਗਦੀ ਰਾਵੀ ਨਦੀ ਦੇ ਬਰਫ਼ੀਲੇ ਪਾਣੀ ਵਿੱਚ ਹੀ ਸੁੱਟ ਦਿੱਤਾ ਗਿਆ। ਭਾਈ ਰਤਨ ਸਿੰਘ ਭੰਗੂ ਵੀ ਇਹੋ ਲਿਖਦਾ ਹੈ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ :–

**ਕੈ ਗੁਰ ਅਰਜਨ ਦਰਿਆਉ ਨ ਬੋੜਿਉ।**

ਸਿੱਖ ਰਾਜ ਵੇਲੇ ਰਾਵੀ ਦਰਿਆ ਤਾਂ ਤਕਰੀਬਨ ਇੱਥੋਂ ਦੋ ਸਦੀਆਂ ਤੋਂ ਵਧ ਸਮਾਂ ਬੀਤ ਜਾਣ ਬਾਅਦ, ਵਾਹਵਾ ਦੂਰ ਚਲਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਹ ਗੁਰਦੁਆਰਾ ਸ਼ਹੀਦਾਂ ਦੇ ਸਿਰਤਾਜ ਗੁਰੂ ਜੀ ਦੀ ਯਾਦ ਵਿੱਚ ਬਣਵਾਇਆ ਸੀ। ਭਾਈ ਬਿਧੀ ਚੰਦ ਦਾ ਘੋੜਿਆਂ ਵਾਲਾ ਪ੍ਰਸੰਗ ਵੀ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਕਦੇ ਰਾਵੀ ਦਰਿਆ ਕਿਲ੍ਹੇ ਦੀਆਂ ਕੰਧਾਂ ਨਾਲ ਖਹਿ ਕੇ ਲੰਘਦਾ ਸੀ। ਗੁਰੂ ਕੇ ਸਿੱਖਾਂ ਦੇ ਕਾਬਲੋਂ ਲਿਆਂਦੇ ਦੋ ਘੋੜੇ ਬਾਦਸ਼ਾਹੀ ਕਰਿੰਦਿਆਂ ਵੱਲੋਂ ਖੋਹੇ ਜਾਣ ਬਾਅਦ ਭਾਈ ਬਿਧੀ ਚੰਦ ਇਸ ਕਿਲ੍ਹੇ ਵਿੱਚ ਜਿਵੇਂ ਕਿਵੇਂ ਪਹੁੰਚ ਗਿਆ ਘਾਹੀ ਬਣ ਕੇ। ਪਹਿਲਾ ਘੋੜਾ ਤਾਂ ਉਸ ਸਾਰੇ ਆਲੇ ਦੁਆਲੇ ਨੂੰ ਸ਼ਰਾਬੀ ਕਰਕੇ ਰਾਤ ਦੇ ਸਮੇਂ ਦਰਿਆ ਵਿੱਚ ਕਿਲ੍ਹੇ ਦੀ ਫਸੀਲ ਤੋਂ ਠੇਲ੍ਹਿਆ ਸੀ। ਦੂਜਾ ਘੋੜਾ ਉਹ ਨਜੂਮੀ ਬਣ ਕੇ ਫਿਰ ਦਰਿਆ ਵਿੱਚ ਸੁੱਟ ਕੇ ਲੈ ਗਿਆ ਸੀ। ਵੈਸੇ ਵੀ ਜਿੰਨੇ ਪੁਰਾਣੇ ਕਿਲ੍ਹੇ ਸਨ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਇਕ ਜਾਂ ਦੋ



Sri Satguru Jagjit Singh Ji eLibrary NamdhariElibrary@gmail.com

ਬਾਹੀਆਂ ਵੱਲ ਦਰਿਆ ਹੁੰਦਾ ਸੀ, ਬਾਕੀ ਪਾਣੀ ਭਰੀਆਂ ਨਹਿਰਾਂ ਹੁੰਦੀਆਂ ਸਨ ਚਾਰ ਚੁਫੇਰੇ। ਲਾਲ ਕਿਲ੍ਹਾ ਦਿੱਲੀ ਦਾ ਅਤੇ ਆਗਰੇ ਦਾ ਕਿਲ੍ਹਾ ਜਮਨਾ ਦੇ ਕੰਢੇ ਹਨ। ਬਠਿੰਡਾ ਦੇ ਕਿਲ੍ਹੇ ਪਾਸ ਵੀ ਪੁਰਾਣੇ ਸਮੇਂ ਵਿੱਚ ਸਤਲੁਜ ਜਾਂ ਇਸ ਦੀ ਕੋਈ ਸ਼ਾਖਾ ਜ਼ਰੂਰ ਲੰਘਦੀ ਸੀ ਜਿਹਦੇ ਪੁਰਾਣੇ ਵਹਿਣ ਅੱਜ ਵੀ ਜ਼ਿਲ੍ਹਾ ਸਿਰਸਾ ਵਿੱਚ ਵੇਖੇ ਜਾ ਸਕਦੇ ਹਨ। ਹਨੂੰਮਾਨਗੜ੍ਹ ਦੇ ਕਿਲ੍ਹੇ ਦੇ ਨਾਲ ਵਹਿਣ ਵਾਲੀ ਘੱਗਰ ਨਦੀ, ਜਿਹਨੂੰ ਸਰਸਵਤੀ ਵੀ ਕਿਹਾ ਜਾਂਦਾ ਸੀ, ਕਿਸੇ ਸਮੇਂ ਜਦੋਂ ਇਹ ਕਿਲ੍ਹਾ ਬਣਿਆ ਬਾਰਾਂ ਮਾਸੀ ਨਦੀ ਹੀ ਸੀ। ਅੱਜ ਨਾ ਬਠਿੰਡਾ ਦੇ ਕਿਲ੍ਹੇ ਨੇੜੇ ਕੋਈ ਦਰਿਆ ਰਿਹਾ ਹੈ, ਨਾ ਭਟਨੇਰ (ਹਨੂੰਮਾਨਗੜ੍ਹ) ਵਾਲੇ ਕਿਲ੍ਹੇ ਕੋਲੋਂ ਵਹਿਣ ਵਾਲੀ ਘੱਗਰ ਬਾਰਾਂ ਮਾਸੀ ਰਹੀ ਹੈ। ਇਨ੍ਹਾਂ ਭੂਗੋਲਿਕ ਤਬਦੀਲੀਆਂ ਦਾ ਵੀ ਕਿਸੇ ਇਲਾਕੇ ਦੇ ਇਤਿਹਾਸ 'ਤੇ ਇਸ ਤਰ੍ਹਾਂ ਹੌਲੀ-ਹੌਲੀ ਅਸਰ ਪੈਂਦਾ ਹੈ।

ਕਿਲ੍ਹੇ ਦਾ ਦਰਿਆ ਵਾਲਾ ਪਾਸਾ ਅਜੇ ਵੀ ਨੀਵਾਂ ਜਾਪਦਾ ਹੈ। ਗੁਰੂ ਜੀ ਨੂੰ ਕਸ਼ਟ ਤਾਂ ਕਿਲ੍ਹੇ ਦੇ ਅੰਦਰ ਵਾਲੇ ਕਿਸੇ ਤਸੀਹਾ ਘਰ ਵਿੱਚ ਦਿੱਤੇ ਗਏ ਹੋਣਗੇ। ਪਰ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਗੁਰਦੁਆਰੇ ਦੀ ਇਹ ਜਗ੍ਹਾ ਹੋ ਸਕਦਾ ਹੈ ਕਿ ਕਦੇ ਰਾਵੀ ਦਰਿਆ ਦਾ ਕੋਈ ਡੂੰਮ੍ਹ ਹੋਵੇ। ਜਿੱਥੇ ਸੁਬਹਾ ਸ਼ਾਮ ਇਕ ਸੱਚੇ ਸਿੱਖ ਜਿਉਂ ਮਹਾਰਾਜਾ ਗੁਰੂ ਘਰ ਦੇ ਦਰਸ਼ਨ ਕਰਨ ਆਉਂਦਾ ਸੀ।

ਕਮਰੇ ਸਵੇਰੇ ਤੁਰਨ ਲੱਗਿਆਂ, ਨਨਕਾਣਾ ਸਾਹਿਬ ਵਿਖੇ ਹੀ ਅਲਾਟ ਕਰ ਦਿੱਤੇ ਗਏ ਸਨ। ਅਸੀਂ ਜਦੋਂ ਇਥੇ ਪੁੱਜੇ ਤਾਂ ਹਨੇਰਾ ਹੋ ਚੁੱਕਾ ਸੀ। ਸਾਡਾ ਕਮਰਾ ਨੰਬਰ 38 ਸੀ ਅਤੇ ਇਹ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਸਮਾਧਾਂ ਦੇ ਹੇਠਾਂ ਬਣੇ ਹੋਏ ਭੋਰਿਆਂ ਜਿਹਾਂ ਵਿੱਚ, ਇਕ ਲੰਮੀ ਗੁਫਾ ਵਰਗਾ ਕਮਰਾ ਸੀ ਸਾਡੇ ਤੋਂ ਅਗਲੇ ਹਿੱਸੇ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਯਾਤਰੀ ਟਿਕੇ ਹੋਏ ਸਨ ਅਤੇ ਅਸੀਂ ਲਾਂਘੇ ਜਿਹੇ ਵਿੱਚ ਹੀ ਤਿੰਨ ਰਾਤਾਂ ਕੱਟੀਆਂ। ਉਹ ਸੁੱਤੇ ਸਰੀਰਾਂ ਦੇ ਉੱਤੋਂ ਦੀ ਲੰਘ ਕੇ ਜਾਂਦੇ ਸਨ। ਪਰ ਦਿਨ ਭਰ ਦੀ ਥਕਾਵਟ ਕਰਕੇ (ਤੁਰਨਾ ਫਿਰਨਾ ਵਾਹਵਾ ਹੁੰਦਾ ਸੀ) ਰਾਤ ਨੂੰ ਨੀਂਦ ਘੂਕ ਆ ਜਾਂਦੀ ਸੀ। ਕੋਈ ਲੰਮੀ ਪ੍ਰੇਸ਼ਾਨੀ ਨਹੀਂ ਸੀ ਹੁੰਦੀ। ਪ੍ਰੰਤੂ ਲੰਗਰ ਦੀ ਜਗ੍ਹਾ ਵੀ ਇੱਥੇ ਥੋਹੜੀ ਸੀ ਅਤੇ ਹੋਰ ਸ਼ੌਚ ਇਸ਼ਨਾਨ ਦੀਆਂ ਸਹੂਲਤਾਂ ਦੀ ਵੀ ਘਾਟ ਸੀ। ਇਸ ਲਈ ਸਿੰਧੀ ਅਤੇ ਹੋਰ ਪਾਕਿਸਤਾਨੀ ਸਿੱਖਾਂ ਦੇ ਜਥੇ ਅੱਜ ਰਾਤ ਹੀ ਆਪੋ ਆਪਣੀਆਂ ਬੱਸਾਂ ਜਾਂ ਗੱਡੀਆਂ ਦੁਆਰਾ ਇੱਥੋਂ ਵਾਪਸ ਪਰਤ ਗਏ ਸਨ। ਜੇ ਉਸ ਸੰਗਤ ਨੇ ਵੀ ਦੋ ਦਿਨ ਹੋਰ ਕੱਟਣੇ ਹੁੰਦੇ ਤਾਂ ਬੜਾ ਕੁਹਰਾਮ ਮੱਚ ਸਕਦਾ ਸੀ। ਉਂਜ ਨੇੜੇ ਹੀ ਇਕ ਸਕੂਲ ਵਿੱਚ ਵੀ ਸੰਗਤ ਦਾ ਪ੍ਰਬੰਧ ਸੀ ਜਿਥੇ ਇਕ ਵੇਰ ਟਿਕ ਗਏ ਟਿਕ ਗਏ ਇਹ ਸੋਚ ਕੇ ਕਿ ਕਿਹੜਾ ਇਥੇ ਸਾਰੀ ਉਮਰ ਕੱਟਣੀ ਹੈ। ਇਕ ਦੋ ਦਿਨ ਹਨ ਨਿਕਲ ਜਾਣਗੇ। ਸਾਮਾਨ ਆਪਣੀ ਸੁਰੰਗ ਦੀਆਂ ਕੰਧਾਂ ਨਾਲ ਟਿਕਾ ਕੇ ਅਸਪਾਲ, ਘਾਰੂ ਅਤੇ ਮੈਂ ਸਾਥੀ ਚੰਨਣ ਸਿੰਘ ਵਿਰਕ ਹੋਰਾਂ



Sri Satguru Jagjit Singh Ji eLibrary NamdhariElibrary@gmail.com

ਦੀਆਂ ਚਿੱਠੀਆਂ ਅਤੇ ਰਸਾਲੇ ਕਿਤਾਬਾਂ ਇਲਿਆਸ ਘੁੰਮਣ ਨੂੰ ਦੇਣ ਲਈ, ਉਨ੍ਹਾਂ ਨੂੰ ਫੋਨ ਕੀਤਾ। ਫੋਨ ਛੇਤੀ ਹੀ ਉਨ੍ਹਾਂ ਤੱਕ ਪੁਚਾ ਦਿੱਤਾ ਗਿਆ। ਅਸਾਂ ਪੁੱਛਿਆ ਕਿ ਸਾਡੇ ਪਾਸ ਤੁਹਾਡੇ ਗੋਚਰੀਆਂ ਕੁਝ ਕਿਤਾਬਾਂ ਰਸਾਲੇ ਅਤੇ ਖ਼ਤ ਆਦਿ ਹਨ। ਕਦੋਂ ਵਸੂਲ ਪਾਓਗੇ। ਹੁਣੇ ਈ ਪੰਦਰਾਂ ਮਿੰਟਾਂ ਤੱਕ ਕਿਲ੍ਹੇ ਦੀ ਕੰਧ ਨਾਲ ਇਕ ਚਿੱਟੇ ਰੰਗ ਦੀ ਕਾਰ ਆ ਕੇ ਰੁਕੇਗੀ। ਜਿਸ ਦਾ ਨੰਬਰ ਸ਼ਾਇਦ 101 ਉਨ੍ਹਾਂ ਦੱਸਿਆ ਅਤੇ ਮਿਥੇ ਹੋਏ ਸਮੇਂ ਵਿੱਚ ਗੱਡੀ ਆ ਗਈ ਅਤੇ ਘੁੰਮਣ ਸਾਹਿਬ ਉਸ ਵਿੱਚੋਂ ਬਾਹਰ ਨਿਕਲ ਰਹੇ ਸਨ। ਮੈਂ ਕਿਹਾ ਤੁਹਾਡੀ ਮੁਲਾਕਾਤ ਦੀ ਤੀਬਰਤਾ ਨੇ ਲੋਕ ਗੀਤ ਦੀ ਇਕ ਤੁਕ ਸਾਰਥਕ ਕਰ ਦਿੱਤੀ ਹੈ :-

ਸੱਦੀ ਹੋਈ ਮਿੱਤਰਾਂ ਦੀ,
ਪੈਰ ਜੁੱਤੀ ਨਾ ਪਾਵਾਂ।

ਸਾਨੂੰ ਤਿੰਨਾਂ ਨੂੰ ਉਹ ਵਾਰੀ-ਵਾਰੀ ਨਿੱਘੀਆਂ ਜੱਫੀਆਂ ਪਾ ਕੇ ਮਿਲੇ। ਉਨ੍ਹਾਂ ਚੰਨਣ ਸਿੰਘ ਵਿਰਕ ਹੋਰਾਂ ਦੀ ਸੁੱਖ ਸਾਂਦ ਅਤੇ ਸਾਡਾ ਸਫ਼ਰ ਠੀਕ ਕੱਟਣ ਬਾਰੇ ਪੁੱਛਿਆ। ਅਸੀਂ ਉਨ੍ਹਾਂ ਨੂੰ ਚੰਨਣ ਸਿੰਘ ਹੋਰਾਂ ਦਾ ਦਿੱਤਾ ਸਾਮਾਨ ਦੇ ਦਿੱਤਾ ਅਤੇ 'ਸਮਕਾਲੀ ਸਾਹਿਤ', 'ਵਰਿਆਮ' ਅਤੇ ਨਵਾਂ ਜ਼ਮਾਨਾ ਦੇ 'ਐਤਵਾਰਤਾ' ਦੇ ਕੁਝ ਅੰਕ ਉਨ੍ਹਾਂ ਨੂੰ ਆਪਣੇ ਵੱਲੋਂ ਭੇਟ ਕਰ ਦਿੱਤੇ। ਇਸ ਤੋਂ ਪਹਿਲਾਂ ਕੁਝ ਰਸਾਲੇ ਅਜ਼ਾਦ ਸਾਹਿਬ ਨੂੰ ਨਨਕਾਣਾ ਸਾਹਿਬ ਵਿਖੇ ਦੇ ਆਏ ਸਾਂ ਅਤੇ ਉਨ੍ਹਾਂ ਨੇ ਬੁੱਲੇ ਸ਼ਾਹ ਟਰੱਸਟ ਕਸੂਰ ਦੀਆਂ ਕੁਝ ਪ੍ਰਕਾਸ਼ਨਾਵਾਂ ਸਾਨੂੰ ਚੰਨਣ ਸਿੰਘ ਹੋਰਾਂ ਨੂੰ ਦੇਣ ਲਈ ਦਿੱਤੀਆਂ ਸਨ। ਘੁੰਮਣ ਸਾਹਿਬ ਨਾਲ ਪ੍ਰੋਗਰਾਮ ਇਹ ਬਣਿਆ ਕਿ ਕੱਲ੍ਹ ਦਾ ਦਿਨ ਅਸੀਂ ਖਰੀਦ ਵਗੈਰਾ ਕਰਨ ਵਿੱਚ ਖਰਚ ਕਰ ਲਵਾਂਗੇ। ਕਿਲ੍ਹਾ ਵੇਖ ਲਵਾਂਗੇ। "ਪਰਸੋਂ ਤੁਸੀਂ ਸ਼ਾਮੀ ਚਾਰ ਵਜੇ", ਉਨ੍ਹਾਂ ਕਿਹਾ, "ਬਿਲਾਲ ਵਿੱਚ ਸਥਿਤ ਸਾਡੇ ਦਫ਼ਤਰ ਵਿੱਚ ਆ ਜਾਣਾ ਗੱਡੀ ਭੇਜ ਦਿਆਂਗਾ ਅਤੇ ਲਾਹੌਰ ਦੇ ਕੁਝ-ਕੁ ਅਦੀਬ ਸੱਜਣਾਂ ਨੂੰ, ਉੱਥੇ ਬੁਲਾ ਲਿਆ ਜਾਵੇਗਾ ਤੁਹਾਡੇ ਨਾਲ ਮਿਲਣੀ ਵਾਸਤੇ। ਜਿਹੜੇ ਵੀ ਅਦੀਬ ਤੁਹਾਡੇ ਨਾਲ ਇਸ ਜਥੇ ਵਿੱਚ ਆਏ ਹਨ, ਉਨ੍ਹਾਂ ਸਾਰਿਆਂ ਨੂੰ ਤੁਸੀਂ ਲੈ ਆਇਉ"। ਮੈਂ ਕਿਹਾ, "ਇਕ੍ਰ ਪ੍ਰਿੰਸੀਪਲ ਸ਼ੇਰ ਸਿੰਘ 'ਸ਼ੇਰ' ਹੋਰੀਂ ਨੇ ਵੱਡੇ ਅਦੀਬ ਤਾਂ ਸਾਡੇ ਨਾਲ ਪਰ ਉਹ ਕੁਝ ਫੈਨੇਟਿਕ (ਕੱਟੜ) ਕਿਸਮ ਦੇ ਨੇ"। ਉਨ੍ਹਾਂ ਕਿਹਾ, "ਕੋਈ ਗੱਲ ਨਹੀਂ ਤੁਸੀਂ ਜਮ ਜਮ ਲਿਆਓ ਉਨ੍ਹਾਂ ਨੂੰ ਨਾਲ"। ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਗੁਰਦੁਆਰਿਆਂ ਵਿੱਚ ਮੈਂ ਸ਼ੇਰ ਜੀ ਦੇ ਨਾਲ ਉੱਥੋਂ ਦੇ ਮੁਸਲਿਮ ਬੁੱਧੀ ਜੀਵੀਆਂ ਨੂੰ ਜਦੋਂ ਮਿਲਿਆ ਜਾਂ ਤਾਂ ਉਹ ਜਾਣ ਬੁੱਝ ਕੇ ਕਈ ਵੇਰ ਉਨ੍ਹਾਂ ਦੀ ਦੁਖਦੀ ਰਗ 'ਤੇ ਇਹ ਕਹਿ ਕੇ ਹੱਥ ਰੱਖ ਦਿੰਦੇ ਸਨ ਕਿ ਇਸਲਾਮ ਵਿੱਚ ਜ਼ਿੰਮੀ (ਮੁਸਲਮਾਨ ਤੋਂ ਇਲਾਵਾ ਦੂਜੇ ਧਾਰਮਿਕ ਵਿਸ਼ਵਾਸ਼ਾਂ ਵਾਲੇ ਲੋਕ) ਦੀ ਕੀ ਥਾਂ ਹੈ। ਉਹ ਉਹਨਾਂ ਨੂੰ ਆਪਣੀ ਇਸਲਾਮ ਧਰਮ ਦੀ ਅਥਾਹ ਵਾਕਫ਼ੀਅਤ ਅਤੇ ਆਪਣੀ ਚੋਖੀ ਵਿਦਵਤਾ ਸਦਕਾ ਮੈਨੂੰ ਲੱਗਦਾ ਸੀ ਕਿ ਕਦੇ



Sri Satguru Jagjit Singh Ji eLibrary NamdhariElibrary@gmail.com

ਕਦੇ ਚਿੜਾਉਂਦੇ ਵੀ ਸਨ। ਕੁਝ ਹੰਕਾਰੀ ਸੁਭਾਅ ਦੇ ਸਨ। ਇਕ ਹੋਰ ਗੱਲ ਉਨ੍ਹਾਂ ਦੀ ਮੈਨੂੰ ਚੰਗੀ ਨਹੀਂ ਸੀ ਲੱਗਦੀ ਜਦੋਂ ਉਹ ਇਹ ਕਹਿੰਦੇ ਸਨ ਕਿ ਵੰਡ ਦੇ ਸਮੇਂ ਤੁਹਾਨੂੰ ਇਹੋ ਜਿਹਾ ਹਿਊਮਨ ਐਲੀਮੈਂਟ (ਮਨੁੱਖੀ ਤੱਤ) ਨਹੀਂ ਮਿਲਿਆ ਜਿਹੋ ਜਿਹਾ ਅਸੀਂ ਇਧਰੋਂ ਲੈ ਗਏ ਹਾਂ। ਉਹ ਯੂ.ਪੀ. ਦੇ ਮੁਹਾਜਰਾਂ ਨੂੰ ਵੀ ਜਿਨ੍ਹਾਂ ਨੂੰ ਉਹ ਤਿਲੀਅਰ ਵੀ ਕਹਿੰਦੇ ਸਨ, ਕੁਝ ਹੇਯ ਦ੍ਰਿਸ਼ਟੀ ਨਾਲ ਵੇਖਦੇ ਸਨ ਅਤੇ ਆਪਣੇ ਕਥਨ ਦੀ ਪੁਸ਼ਟੀ ਲਈ ਪਾਕਿਸਤਾਨ ਦੇ ਪ੍ਰਸਿੱਧ ਢੋਲਈ ਨੂਰੀ ਕੈਬੋਕੇ ਦੇ ਢੋਲੇ ਦੀਆਂ ਇਹਨਾਂ ਤੁੱਕਾਂ ਦਾ ਪਾਠ ਵੀ ਕਰਦੇ ਸਨ :-

**ਸੁਇੰਨਾ ਦੇ ਮੁਲੰਮਾ ਵਿਹਾਜਿਆ ਸੂ**
**ਕਿੰਨ੍ਹੇ ਨਾ ਦਿੱਤੀ ਮੱਤ ਜਿਨਾਹ ਨੂੰ।**

ਭਾਵ ਪਈ ਕਿੱਥੇ ਇਧਰੋਂ ਜਾਣ ਵਾਲੇ ਸਿੰਘ ਸਰਦਾਰ ਤੇ ਕਿੱਥੇ ਉਧਰੋਂ ਆਉਣ ਵਾਲੇ ਇਹ ਯੂ.ਪੀ. ਭਈਅਨ। ਉਹ ਯੂ.ਪੀ. ਵਿੱਚੋਂ ਗਏ ਮੁਸਲਮਾਨਾਂ ਦੇ ਸਨਮੁਖ ਇਹ ਬੋਲਬਾਣੀ ਵਰਤਦੇ। ਇਨ੍ਹਾਂ ਮੁਹਾਜਰਾਂ ਪ੍ਰਤੀ ਇਹ ਹਿਕਾਰਤ ਭਰਿਆ ਵਤੀਰਾ ਮੈਨੂੰ ਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਦੇ ਉਲਟ ਜਾਪਦਾ ਸੀ। ਇਸ ਲਈ ਮੈਂ ਕਈ ਵੇਰ ਉਹਨਾਂ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਹਜ਼ਮ ਕਰਨ ਤੋਂ ਅਸਮਰੱਥ ਹੋ ਜਾਂਦਾ ਸਾਂ। ਮੇਰੀ ਉਨ੍ਹਾਂ ਨਾਲ ਗੁਰੂਆਂ ਦੀ ਸਿੱਖਿਆ ਦੇ ਸੰਬੰਧ ਵਿੱਚ ਝੜਪ ਵੀ ਹੋ ਜਾਂਦੀ ਤਾਂ ਉਨ੍ਹਾਂ ਦੀ ਹੋਰ ਕੋਈ ਵਾਹ ਨਾ ਚੱਲਦੀ ਤਾਂ ਮੈਨੂੰ ਉੱਚੀ-ਉੱਚੀ, ਖਾਸ ਕਰਕੇ ਖਾਲਸਤਾਨੀਆਂ ਦੇ ਟੈਂਟਾਂ ਪਾਸ ਜਿਥੇ ਉਨ੍ਹਾਂ ਦੇ ਭੜਕਾਊ ਪਰਚਾਰ ਦੀਆਂ ਕੈਸਟਾਂ ਵੱਜਦੀਆਂ ਸਨ, ਕਹਿਣ ਲੱਗਦੇ "ਓਇ ਮਾਰਕਸ ਦਿਆ ਚੇਲਿਆ! ਤੂੰ ਇਥੇ ਗੁਰੂ ਨਾਨਕ ਦੇ ਘਰ ਆਇਆ ਕੀ ਕਰਨ ਹੈਂ?" "ਡਾਕਟਰ ਸਾਹਿਬ ਮੈਨੂੰ ਤਾਂ ਮਾਰਕਸ ਅਤੇ ਗੁਰੂ ਨਾਨਕ ਸਮਤਾ ਅਧਾਰਿਤ ਸਮਾਜ ਦੀ ਮੰਜ਼ਿਲ ਵੱਲ ਵਧਦੇ ਹੋਏ ਦੋਵੇਂ ਮੁਕਤੀ ਮਾਰਗ ਦੇ ਹੀ ਪਾਂਧੀ ਜਾਪਦੇ ਹਨ। ਤੁਸੀਂ ਖ਼ਾਹ-ਮਖ਼ਾਹ ਇਨ੍ਹਾਂ ਵਿੱਚ ਵਿੱਥਾਂ ਲੱਭਦੇ ਫਿਰਦੇ ਹੋ"। ਡਾਕਟਰ ਸਾਹਿਬ ਬੁੜਬੁੜ ਕਰਦੇ ਆਪਣੇ ਵੀ.ਆਈ.ਪੀ. ਰੂਮ ਵੱਲ ਟੁਰ ਜਾਂਦੇ ਅਤੇ ਮੈਂ ਆਸ਼ਕ ਬੱਢੇ ਨੂੰ ਲੱਭਣ ਲਈ ਮੁਖ ਦਰਵਾਜ਼ੇ ਵੱਲ ਤੁਰ ਪੈਂਦਾ।

6 ਨਵੰਬਰ ਦਾ ਦਿਨ ਅਸੀਂ ਮਹਾਰਾਜਾ ਰਣਜੀਤ ਅਤੇ ਉਸਦੇ ਦੋਹਾਂ ਪਾਤਸ਼ਾਹ-ਪੁੱਤਰਾਂ ਖੜਕ ਸਿੰਘ ਤੇ ਸ਼ੇਰ ਸਿੰਘ ਦੀਆਂ ਸਮਾਧਾਂ ਦੇ ਦਰਸ਼ਨਾਂ ਨਾਲ ਸ਼ੁਰੂ ਕੀਤਾ ਜਿਥੇ ਪੌੜੀਆਂ ਚੜ੍ਹ ਕੇ ਉੱਪਰ ਤੱਕ ਜਾਇਆ ਜਾਂਦਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸ਼ਾਹੀ ਮਸਜਿਦ ਅਤੇ ਗੁਰਦੁਆਰਾ ਡੇਹਰਾ ਸਾਹਿਬ ਦੇ ਵਿਚਾਲੇ ਸਥਿਤ ਸੀ। ਮਸੀਤ ਵਾਲੇ ਪਾਸੇ ਦਾ ਇਹ ਵੱਡਾ ਗੇਟ ਤਾਂ ਹੁਣ ਬੰਦ ਸੀ ਸ਼ਾਇਦ ਇਹ ਵੰਡ ਤੋਂ ਪਹਿਲਾਂ ਖੁੱਲ੍ਹਦਾ ਹੋਵੇ। ਮੁਗ਼ਲ ਬਾਦਸ਼ਾਹਾਂ ਦੇ ਮਕਬਰਿਆਂ ਜਿਉਂ ਹੀ ਸਿੱਖ ਅਤੇ ਇਸਲਾਮੀ ਭਵਨ ਨਿਰਮਾਣ ਕਲਾ ਦੇ ਮਿਸ਼ਰਣ ਨਾਲ ਬਣੀ ਇਹ ਸਮਾਧ ਆਪਣੇ ਪੂਰੇ ਜਾਹੋ ਜਲਾਲ ਵਿੱਚ ਖਲੋਤੀ ਸੀ ਅਤੇ



Sri Satguru Jagjit Singh Ji eLibrary NamdhariElibrary@gmail.com

ਪੰਜਾਬੀਆਂ ਦੇ ਪਹਿਲੇ ਪ੍ਰਭੂ ਸੱਤਾ ਸੰਪੰਨ ਮਹਾਰਾਜੇ ਦੀ ਕੀਰਤੀ ਦਾ ਬਖਾਨ ਕਰ ਰਹੀ ਸੀ, ਜਿਸਨੂੰ ਕੋਈ ਅੱਠ ਸਦੀਆਂ ਤੋਂ ਬਾਅਦ ਪੰਜਾਬ ਵਿੱਚ ਆਪਣਾ ਸ਼ਾਸ਼ਨ ਚਲਾਉਣ ਦਾ ਅਧਿਕਾਰ ਮਿਲਿਆ ਸੀ। ਸਮਾਧ ਵਿੱਚ ਮਹਾਰਾਜੇ ਦੇ ਅੰਗੀਠੇ ਵਾਲੀ ਥਾਂ 'ਤੇ ਵੱਡਾ ਸਾਰਾ ਥੜ੍ਹਾ ਬਣਿਆ ਸੀ ਅਤੇ ਲਾਗੇ ਛੋਟੀਆਂ ਛੋਟੀਆਂ ਮੰਮਟੀਆਂ ਜਿਹੀਆਂ ਖੜ੍ਹੀਆਂ ਸਨ, ਇਹ ਉਨ੍ਹਾਂ ਰਾਣੀਆਂ ਦੀ ਯਾਦ ਦਿਵਾਉਂਦੀਆਂ ਸਨ ਜੋ ਮਹਾਰਾਜਾ ਸਾਹਿਬ ਦੀ ਮ੍ਰਿਤਕ ਦੇਹ ਨਾਲ ਆਪਣੇ ਹਿੰਦੂ ਕਰਮ ਕਾਂਡਾਂ ਕਰਕੇ ਸਤੀ ਹੋ ਗਈਆਂ ਸਨ। ਇਹ ਜ਼ਿਆਦਾ ਪਹਾੜਨਾਂ ਹੀ ਸਨ। ਮਹਾਰਾਜੇ ਦੇ ਅਦੁੱਤੀ ਵੈਭਵ ਦੀ ਪ੍ਰਤੀਕ ਇਸ ਸਮਾਧ ਦੀ ਜ਼ਿਆਰਤ ਕਰਦਿਆਂ, ਸਾਂਝੇ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਦੀਆਂ ਇਹ ਤੁਕਾਂ ਮੇਰੇ ਜ਼ਿਹਨ ਵਿੱਚ ਘੁੰਮ ਰਹੀਆਂ ਸਨ :-

**ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜ਼ੋਰ ਦੇ ਮੁਲਕ ਹਲਾਇ ਗਿਆ।**
**ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,**
**ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।**
**ਤਿੱਬਤ ਦੇਸ਼ ਲਦਾਖ ਤੇ ਚੀਨ ਤੋੜੀ**
**ਸਿੱਕਾ ਆਪਣੇ ਨਾਮ ਚਲਾਇ ਗਿਆ।**
**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,**
**ਅੱਛਾ ਰੱਜ ਕੇ ਰਾਜ ਕਮਾਇ ਗਿਆ।**

ਮਹਾਰਾਜ ਰਣਜੀਤ ਸਿੰਘ 1799 ਈ. ਵਿੱਚ ਉਨ੍ਹੀ ਵਰ੍ਹਿਆਂ ਦੀ ਕਿਸ਼ੋਰ ਆਯੂ ਵਿੱਚ ਲਾਹੌਰ ਦੇ ਤਖ਼ਤ 'ਤੇ ਬੈਠਾ ਸੀ। 1839 ਈ. ਵਿੱਚ ਉਹ ਕਾਲ ਵੱਸ ਹੋਇਆ। ਅੰਗਰੇਜ਼ਾਂ ਨੇ ਆਪਣੀ ਕੁਟਲ ਨੀਤੀ ਨਾਲ ਪੰਜਾਬ 'ਤੇ 1849 ਈਂ ਵਿੱਚ ਮੁਕੰਮਲ ਏਕਾਧਿਕਾਰ ਕਰ ਲਿਆ ਸੀ। ਇਹ ਦਸ ਵਰ੍ਹੇ ਪੰਜਾਬ ਵਿੱਚ ਖਾਨਾ ਜੰਗੀ ਦੇ ਸਨ। 'ਜਿਹੜਾ ਬਹੇ ਗੱਦੀ ਉਹਨੂੰ ਮਾਰ ਦੇਂਦੇ, ਚੱਲੀ ਵਿੱਚ ਦਰਬਾਰ ਤਲਵਾਰ ਮੀਆਂ', ਪੰਜਾਬੀਆਂ ਦੇ ਇਸ ਸਾਂਝੇ ਰਾਜ ਨੇ ਅੱਧੀ ਸਦੀ ਵਿੱਚ ਖ਼ਿੱਤੇ ਦੇ ਲੋਕਾਂ ਦੇ ਆਤਮ ਸਨਮਾਨ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਸੀ। ਜੱਟ ਭਾਈਚਾਰੇ ਨੇ ਪਹਿਲੀ ਵੇਰ ਸੱਤਾ ਦਾ ਜਲੌਅ ਵੇਖਿਆ ਸੀ ਅਤੇ ਇਸ ਤਰਾਂ ਉਨ੍ਹਾਂ ਦਾ ਜਾਤੀ ਅਭਿਮਾਨ ਚੋਖਾ ਵਧ ਗਿਆ ਸੀ। ਇਸ ਤੋਂ ਪਹਿਲਾਂ ਬ੍ਰਾਹਮਣ, ਖੱਤਰੀ, ਰਾਜਪੂਤ ਜਾਂ ਮੁਗਲ ਪਠਾਣ ਆਦਿ ਹੀ ਹਾਕਮ ਹੁੰਦੇ ਸਨ। ਦਰਿਆਵਾਂ ਦੇ ਕੰਢਿਆਂ 'ਤੇ ਇਸੇ ਸਮੇਂ ਹੀ ਸਿੱਖ ਕਿਸਾਨੀ ਆਬਾਦ ਹੋਈ ਸੀ। ਮਹਾਰਾਜ ਰਣਜੀਤ ਸਿੰਘ ਦੇ ਇਸ ਵਿਸ਼ਾਲ ਰਾਜ ਦੇ ਪਤਨ ਦਾ ਕਾਰਨ ਕਈ ਇਤਿਹਾਸਕਾਰ ਘਰ ਦੀ ਫੁੱਟ ਅਤੇ ਡੋਗਰਿਆਂ ਦੀਆਂ ਸਾਜ਼ਿਸ਼ਾਂ ਦੱਸਦੇ ਹਨ। ਪ੍ਰੰਤੂ ਇਤਿਹਾਸਕ ਭੌਤਿਕਵਾਦ ਸਾਨੂੰ ਦੱਸਦਾ ਹੈ ਕਿ ਸਿੱਖਾਂ



Sri Satguru Jagjit Singh Ji eLibrary NamdhariElibrary@gmail.com

ਦਾ ਰਾਜ ਜਿਸ ਪੈਦਾਵਾਰੀ ਢਾਂਚੇ ਉੱਪਰ ਖੜਾ ਸੀ ਉਹ ਜਗੀਰਦਾਰੀ ਸੀ। ਜੇ ਕਿਤੇ ਰਣਜੀਤ ਸਿੰਘ ਗੁਰੂ ਆਸ਼ੇ ਮੁਤਾਬਿਕ ਭੋਇੰ ਦੀ ਵੰਡ ਸਾਰੀ ਕਿਸਾਨੀ ਵਿੱਚ ਸਾਂਵੀਂ ਕਰ ਦਿੰਦਾ ਬਿਨਾਂ ਮਜ਼ਬ ਜ਼ਾਤ ਦੇ ਵਿਤਕਰੇ ਦੇ ਅਤੇ ਸ਼ਹਿਰਾਂ ਦੇ ਵਿੱਚ ਜਿਹੜੇ ਉਦਯੋਗ ਧੰਦੇ ਵਿਕਸਿਤ ਹੋਏ ਸਨ, ਉਨ੍ਹਾਂ ਵਿੱਚ ਦਸਤਕਾਰਾਂ ਅਤੇ ਕਿਰਤੀਆਂ ਨੂੰ, ਦਸੌਰ ਮਾਲ ਭੇਜਣ ਵਾਲੇ ਵਪਾਰੀਆਂ ਦੇ ਕਰੜੇ ਨਿਯੰਤਰਣ ਤੋਂ ਮੁਕਤ ਕਰਕੇ ਆਪ ਸਿੱਧਾ ਮਾਲ ਲੈ ਕੇ ਉਨ੍ਹਾਂ ਨੂੰ ਪੂਰਾ ਮੁੱਲ ਦੇ ਕੇ ਬਾਹਰ ਭੇਜਣਾ ਸ਼ੁਰੂ ਕਰ ਦਿੰਦਾ ਤਾਂ ਫਿਰ ਇਹ ਰਾਜ ਇਸ ਤਰ੍ਹਾਂ ਰੇਤ ਦੀਆਂ ਕੰਧਾਂ ਵਾਂਗ ਨਾ ਖੁਰਦਾ। ਨਿੱਜੀ ਸੰਪਤੀ ਅਤੇ ਸੱਤਾ ਦੀ ਭੁੱਖ ਵਿੱਚ ਭਰਾਵਾਂ ਦੇ ਗਲ ਵੱਢੇ ਜਾਂਦੇ ਰਹੇ। ਅੰਗ੍ਰੇਜ਼ ਉਸ ਸਮੇਂ ਵਪਾਰਕ ਸਰਮਾਏਦਾਰੀ ਦੀ ਪ੍ਰਤੀਨਿਧਤਾ ਕਰਦੇ ਸਨ। ਜੋ ਕਿ ਸਾਮੰਤੀ ਪ੍ਰਬੰਧ ਨਾਲੋਂ ਉਚੇਰੀ ਅਵਸਥਾ ਸੀ। ਇਸ ਲਈ ਸਿੱਖ ਰਾਜ ਦਾ ਖਾਤਮਾ ਇਤਿਹਾਸ ਦੀ ਤੋਰ ਮੁਤਾਬਿਕ ਦਰੁਸਤ ਸੀ ਅਤੇ ਇਸ 'ਤੇ ਹੰਝੂ ਵਹਾਉਣ ਦੀ ਥਾਂ, ਲੋੜ ਆਪਾ ਚੀਨਣ ਦੀ ਅਤੇ ਇਤਿਹਾਸ ਦੀਆਂ ਅਗਰ ਗਾਮੀ ਸ਼ਕਤੀਆਂ ਦੇ ਨਾਲ ਕਰਿੰਗੜੀ ਪਾਉਣ ਦੀ ਹੁੰਦੀ ਹੈ।

ਮਹਾਰਾਜਾ ਖੜਕ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਸੀ। ਇਸ ਦਾ ਰਾਜ ਵਰ੍ਹਾ ਕੁ ਰਿਹਾ ਸੀ। ਇਹ ਲੋਲ੍ਹਾ ਜਿਹਾ ਵਿਅਕਤੀ ਸੀ ਅਤੇ ਅਫ਼ੀਮ ਦੀ ਪੀਨਕ ਵਿੱਚ ਹੀ ਇਸਨੇ ਆਪਣੀ ਅਉਧ ਹੰਡਾਈ ਸੀ। ਡੋਗਰਿਆਂ ਨੇ ਇਸ ਦੇ ਪੁੱਤਰ ਕੰਵਰ ਨੌਨਿਹਾਲ ਨੂੰ ਇਸਦੇ ਵਿਰੁੱਧ ਕਰ ਲਿਆ ਸੀ ਅਤੇ ਇਹਨੂੰ ਕਿਹਾ ਜਾਂਦਾ ਹੈ ਕਿ ਹੌਲੇ ਹੌਲੇ ਕੋਈ ਜ਼ਹਿਰ ਵੀ ਦਿੱਤਾ ਗਿਆ ਸੀ। ਉਸ ਦੇ ਅੰਤਰੰਗ ਮਿੱਤਰ ਸ੍ਰ. ਚੇਤ ਸਿੰਘ ਬਾਜਵੇ ਦੇ ਕਤਲ ਨਾਲ ਹੀ ਲਾਹੌਰ ਦਰਬਾਰ ਵਿੱਚ ਖਾਨਾਜੰਗੀ ਦਾ ਮੁੱਢ ਬੱਝਦਾ ਹੈ। ਇਸ ਕਤਲ ਤੋਂ ਬਾਅਦ ਮਹਾਰਾਜ ਛੇਤੀ ਹੀ ਮਰ ਜਾਂਦਾ ਹੈ। ਸ਼ਾਹ ਮੁਹੰਮਦ ਲਿਖਦਾ ਹੈ :-

**ਖੜਗ ਸਿੰਘ ਮਹਾਰਾਜੇ ਨੇ ਢਾਹ ਮਾਰੀ,**<br>
**ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।**<br>
**ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,**<br>
**ਸਾਡਾ ਏਹੋ ਸੀ ਕੌਲ ਕਰਾਰ ਮੀਆਂ।**

ਖੜਗ ਸਿੰਘ ਦੇ ਸਸਕਾਰ ਤੋਂ ਮੁੜਦਿਆਂ ਉਸਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਉੱਤੇ ਕਿਲੇ ਦੇ ਇਕ ਦਰਵਾਜੇ ਦਾ ਛੱਜਾ, ਜਿਸ ਵਿੱਚ ਬਾਰੂਦ ਦੱਬਿਆ ਸੀ, ਡੇਗਿਆ ਗਿਆ। ਉਹ ਫੱਟੜ ਹੋ ਗਿਆ ਅਤੇ ਬਾਅਦ ਵਿੱਚ ਉਸ ਦਾ ਕੀਰਤਨ ਸੋਹਿਲਾ ਵੀ ਪੜ੍ਹ ਦਿੱਤਾ ਗਿਆ। ਪਿਓ-ਪੁੱਤਰ ਇਉਂ ਇਕੱਠੇ ਹੀ ਗਏ। ਨੌਨਿਹਾਲ ਸਿੰਘ ਤੋਂ ਵੈਸੇ ਪੰਜਾਬ ਦੇ ਲੋਕਾਂ ਨੂੰ ਕਾਫੀ ਆਸਾਂ ਸਨ। ਫਿਰ ਮਹਾਰਾਜੇ ਦਾ ਦੂਜਾ ਪੁੱਤਰ ਸ਼ੇਰ ਸਿੰਘ ਕੁਝ ਕੁ ਦਿਨ ਚੰਦ ਕੌਰ, ਖੜਕ ਸਿੰਘ ਦੀ ਵਿਧਵਾ ਮਹਾਰਾਣੀ ਦੇ ਰੋਕਣ ਬਾਅਦ ਤਖ਼ਤ 'ਤੇ ਬਹਿਣ ਵਿੱਚ



Sri Satguru Jagjit Singh Ji eLibrary NamdhariElibrary@gmail.com

ਕਾਮਯਾਬ ਹੋ ਗਿਆ। ਰਣਜੀਤ ਸਿੰਘ ਦੀ ਬਰਾਦਰੀ ਦੇ ਸੰਧਾਂਵਾਲੀਆ ਸਰਦਾਰਾਂ ਦੇ ਹੱਥੋਂ ਉਸ ਦੀ ਹੱਤਿਆ ਹੋਈ। ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਵੀ ਝਟਕਾ ਦਿੱਤਾ ਅਤੇ ਹੁਣ ਗੱਦੀ 'ਤੇ ਬਾਲਕ ਦਲੀਪ ਸਿੰਘ ਨੂੰ ਬਹਾਇਆ ਗਿਆ। ਰਾਜ ਕਾਜ ਦਾ ਕੰਮ ਉਸਦੀ ਮਾਤਾ (ਰਣਜੀਤ ਸਿੰਘ ਦੀ ਸਭ ਤੋਂ ਛੋਟੀ ਮਹਾਰਾਣੀ) ਜਿੰਦ ਕੌਰ ਚਲਾਉਂਦੀ ਰਹੀ।

ਮਹਾਰਾਜਾ ਸ਼ੇਰ ਸਿੰਘ ਸ਼ੁਕੀਨ ਸੁਭਾਉ ਦਾ ਸੀ। ਕਿਹਾ ਜਾਂਦਾ ਹੈ ਕਿ ਸਿੱਖਾਂ ਵਿੱਚ ਦਾੜ੍ਹੀ ਬੰਨਣ ਦਾ ਰਿਵਾਜ, ਰਾਜਪੂਤਾਂ ਜਿਉਂ, ਉਸਨੇ ਹੀ ਸ਼ੁਰੂ ਕੀਤਾ ਸੀ। ਨੌਨਿਹਾਲ ਸਿੰਘ ਕਿਉਂਕਿ ਗੱਦੀਨਸ਼ੀਨ ਨਹੀਂ ਹੋਇਆ ਸੀ। ਇਸ ਲਈ ਉਹਦੀ ਸਮਾਧ ਇਨ੍ਹਾਂ ਸ਼ਾਹੀ ਸਮਾਧਾਂ ਦੇ ਨਾਲ ਨਹੀਂ ਬਣਾਈ ਜਾ ਸਕਦੀ ਸੀ। ਮਹਾਰਾਜੇ ਰਣਜੀਤ ਸਿੰਘ ਦੀ ਸਮਾਧ 'ਤੇ ਵੰਡ ਤੋਂ ਪਹਿਲਾਂ ਉਸ ਦੀ ਬਰਸੀ 'ਤੇ ਬੜੇ ਬੜੇ ਸ਼ਾਨਦਾਰ ਪੰਜਾਬੀ ਕਵੀ ਦਰਬਾਰ ਵੀ ਹੋਇਆ ਕਰਦੇ ਸਨ। ਵਿਧਾਤਾ ਸਿੰਘ ਤੀਰ ਹੋਰਾਂ ਦੀ ਇਕ ਕਵਿਤਾ ਜੋ ਮਹਾਰਾਣੀ ਜਿੰਦਾਂ ਦਾ ਰੁਦਨ ਪੇਸ਼ ਕਰਦੀ ਹੈ ਬੜੀ ਪ੍ਰਸਿੱਧ ਸੀ:--

ਜਾਗ ਜਾਗ ਵੇ ਸੁੱਤਿਆ ਸ਼ੇਰ ਕੰਤਾ
ਤੈਨੂੰ ਜਿੰਦ ਜਗਾਉਣ ਲਈ ਆਈ ਹੋਈ ਆ।

ਇਨ੍ਹਾਂ ਸਮਾਧਾਂ ਦਾ ਭਰਮਣ ਮਨ ਨੂੰ ਕਿਸੇ ਸੋਗੀ ਅਵਸਥਾ ਵਿੱਚ ਪੁਚਾ ਦਿੰਦਾ ਸੀ। ਲਾਹੌਰ ਦਰਬਾਰ ਦਾ ਦੁਖਾਂਤ ਅੱਖਾਂ ਅੱਗੇ ਘੁੰਮ ਰਿਹਾ ਸੀ। ਮਹਾਰਾਜਾ ਦਲੀਪ ਸਿੰਘ ਨੂੰ ਵੀ ਅਲਪ ਆਯੂ ਵਿੱਚ ਹੀ ਗੱਦੀਉਂ ਉਤਾਰਿਆ ਜਾਂਦਾ ਹੈ। ਮਾਂ ਪੁੱਤਰ ਨਿਖੇੜ ਦਿੱਤੇ ਜਾਂਦੇ ਹਨ। ਬਾਲ ਮਹਾਰਾਜੇ ਨੂੰ ਪੰਜਾਬ ਬਦਰ ਕਰ ਦਿੱਤਾ ਗਿਆ। ਉਸ ਦੇ ਪੁਰਖਿਆਂ ਦਾ ਧਾਰਮਿਕ ਅਕੀਦਾ ਵੀ ਵਿਦੇਸ਼ੀਆਂ ਦੇ ਧਰਮ ਨੂੰ ਮਹਿਮਾ ਮੰਡਿਤ ਕਰਕੇ ਉਸ ਤੋਂ ਖੋਹ ਲਿਆ। ਲੰਮੇ ਸਮੇਂ ਬਾਅਦ ਮਾਂ ਪੁੱਤਰ ਕਲਕੱਤੇ ਅਤੇ ਫਿਰ ਵਲਾਇਤ ਵਿੱਚ ਇਕੱਠੇ ਹੁੰਦੇ ਹਨ। ਮਹਾਰਾਣੀ ਜਿੰਦਾਂ ਦੀ ਤ੍ਰਾਸਦੀ ਸਾਰੀ ਹਾਰੀ ਹੋਈ ਕੌਮ ਦੀ ਤ੍ਰਾਸਦੀ ਬਣ ਜਾਂਦੀ ਹੈ। ਮਾਂ ਆਪਣੇ ਪੁੱਤਰ ਨਾਲ ਸੰਵਾਦ ਰਚਾਉਂਦਿਆਂ ਲਾਹੌਰ ਦਰਬਾਰ ਦੇ ਬੀਤੇ ਦਿਨਾਂ ਅਤੇ ਉਸਦੇ ਸ਼ਾਨਾਂ ਮੱਤੇ ਯੋਧਿਆਂ ਨੂੰ ਪਰਵਾਸੀ ਪੰਜਾਬੀ ਕਵੀ ਬਲਹਾਰ ਸਿੰਘ ਰੰਧਾਵਾ ਦੇ ਸ਼ਬਦਾਂ ਵਿੱਚ ਇਉਂ ਯਾਦ ਕਰਦੀ ਹੈ:--

ਐਪਰ ਸੁਰਖਰੂ ਹੋਏ ਬਗੈਰ ਜੇ ਮੈਂ,
ਓਧਰ ਗਈ ਤਾਂ ਸਾਰਿਆਂ ਪੁੱਛਣਾ ਈ।
ਤੇਰੇ ਦੇਸ਼ ਨਿਕਾਲੇ ਦੀ ਗੱਲ ਸੁਣਕੇ,
ਲੱਕ ਸ਼ੇਰੇ ਪੰਜਾਬ ਦਾ ਟੁੱਟਣਾ ਈ।
ਮੱਥਾ ਪਟੱਕ ਕੇ ਫਟਕਣਾ ਖੜਕ ਸਿੰਘ ਨੇ,



Sri Satguru Jagjit Singh Ji eLibrary NamdhariElibrary@gmail.com

ਨੌਨਿਹਾਲ ਨੇ ਬੁੱਲ੍ਹਾਂ ਨੂੰ ਟੁੱਕਣਾ ਈ।
ਸ਼ੇਰ ਸਿੰਘ, ਕਸ਼ਮੀਰ, ਪਸ਼ੌਰ ਸਿੰਘ ਨੇ,
ਮੁੱਠੀਆਂ ਮੀਚ ਮੁਲਤਾਨ ਸਿੰਘ ਮੁੱਕਣਾ ਈ।
ਸੀਨੇ ਸਿੰਘਾਂ ਜਰਨੈਲਾਂ ਦੇ ਪਾਟ ਜਾਣੇ,
ਗੁੱਸਾ ਪਿਆ ਜੇ ਉਨ੍ਹਾਂ ਨੂੰ ਬੁੱਕਣਾ ਈ।
ਉਲਟੇ ਵਹਿਣ ਦਰਿਆਵਾਂ ਦੇ ਜਿੰਨੀ ਮੋੜੇ,
ਜੇਰਾ ਕਿੱਥੋਂ ਲਿਆਉਣਗੇ ਰੁਕਣਾ ਈ।
ਫੂਲਾ ਸਿੰਘ ਨੂੰ ਕੌਣ ਨਹੀਂ ਜਾਣਦਾ ਈ,
ਸ਼ਸਤਰ ਚੁੱਕ ਲਏ ਤਾਂ ਔਖਾ ਡੱਕਣਾ ਵੇ।
ਹਰੀ ਸਿੰਘ ਸਰਦਾਰ ਨੇ ਮੌਤ ਦੇ ਵੀ
ਸੱਦੇ ਮੋੜ ਕੇ ਕਿਲੇ 'ਤੇ ਢੁੱਕਣਾ ਵੇ।
ਮੇਵਾ ਸਿੰਘ ਤੇ ਮਾਖੇ ਖਾ ਜਾਂ ਬਾਜ਼ਾਂ,
ਸ਼ਾਮ ਸਿੰਘ ਅਟਾਰੀ ਨੇ ਉੱਠਣਾ ਵੇ।
ਫਤਹਿ ਪਾਈ ਬਗੈਰ ਨਾ ਮੁੜਣ ਵਾਲੇ,
ਸੈਆਂ ਹੋਰ ਸਿਰ ਲੱਥਾ ਨੇ ਪੁੱਛਣਾ ਵੇ।

ਅੰਤਿਮ ਮਹਾਰਾਜੇ ਦਲੀਪ ਸਿੰਘ ਦੀ ਹੋਣੀ ਚਿਤਵਦਾ ਮੈਂ ਉਸਦੇ ਵਿਸ਼ਵ ਵਿਖਿਆਤ ਬਾਪ ਅਤੇ ਵੱਡੇ ਭਰਾਵਾਂ ਦੀਆਂ ਸਮਾਧਾਂ ਦੀ ਪਰਕਰਮਾ ਕਰ ਰਿਹਾ ਸਾਂ। ਉਦੋਂ ਹੀ ਮੈਨੂੰ 1980-81 ਈ.ਦਾ ਆਪਣਾ ਮਾਸਕੋ ਦਾ ਕਿਆਮ ਯਾਦ ਆਇਆ, ਜਿੱਥੋਂ ਮੈਂ ਉਹ ਹੋਟਲ ਲੱਭਣ ਦੀ ਅਸਫਲ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ 1887 ਈ. ਵਿੱਚ ਮਹਾਰਾਜਾ ਦਲੀਪ ਸਿੰਘ ਰੂਸੀਆਂ ਨੂੰ ਅੰਗਰੇਜ਼ਾਂ ਵਿਰੁੱਧ ਜੰਗ ਦੇ ਮੈਦਾਨ ਵਿੱਚ ਉਤਾਰਨ ਲਈ ਗਿਆ ਸੀ। ਕਾਰਨ ਸਾਫ ਸੀ ਪੰਜਾਬ ਵਿੱਚ ਬਿਨਾਂ ਨਾਮਧਾਰੀ ਤੋਂ ਬਾਕੀ ਸਾਰੀ ਸਿੱਖ ਵੱਸੋਂ ਉਸ ਸਮੇਂ ਤਨੋ ਮਨੋ ਬ੍ਰਿਟਿਸ਼ ਅਧੀਨਗੀ ਨੂੰ ਸਵੀਕਾਰ ਕਰ ਚੁੱਕੀ ਸੀ। ਬਲਹਾਰ ਸਿੰਘ ਰੰਧਾਵਾ ਆਪਣੀ ਮਹਾਂ ਕਾਵਿਕ ਰਚਨਾ ਵਿੱਚ ਇਹ ਇਤਿਹਾਸਕ ਤੱਥ ਕਾਨੀ ਬੰਦ ਕਰ ਗਏ ਹਨ:--

ਬਚੇ ਤਾਂ ਬਚੇ ਬੱਸ, ਨਾਮਧਾਰੀਏ ਬਾਬੇ।
ਜਾ ਫਰੀਦ ਕੋਟੀਆ ਵਿਕਰਮ, ਤੇ ਹੀਰਾ ਸਿੰਘ ਨਾਭੇ।

ਮਗਰਲੇ ਦੋਹਾਂ ਵੀ ਵੇਖਿਆ ਕਿ ਗੱਲ ਤਾਂ ਕੋਈ ਬਣ ਨਹੀਂ ਰਹੀ ਸੋ ਉਹ ਵੀ ਡੋਲ ਗਏ:--

ਜੈਸਾ ਵਿੱਤ ਤੈਸਾ ਹੋਇ ਵਰਤੇ
ਫਰੀਦ ਕੋਟੀਏ ਤੇ ਨਾਭੇ ਦੇ ਰਾਜੇ ਨੇ ਸੋਚਿਆ।
ਬੇਸ਼ਕ ਡਗਰ ਤੇ ਟੁਰੇ ਰਹੇ, ਨਾਮਧਾਰੀਏ ਹਠੀਲੇ,
ਜਿੰਨੇ ਜੋਗੇ ਸਨ, ਝੋਖਦੇ ਰਹੇ ਹੀਲੇ ਵਸੀਲੇ।



Sri Satguru Jagjit Singh Ji eLibrary NamdhariElibrary@gmail.com

## ਪ੍ਰਸੰਗ ਲਾਹੌਰ ਯਾਤਰਾ

ਸਮਾਧਾਂ ਦੀ ਉਦਾਸ ਕਰਨ ਵਾਲੀ ਯਾਤਰਾ ਤੋਂ ਬਾਅਦ ਲੰਗਰ ਦੀ ਚਾਹ ਅਤੇ ਰਸਾਂ ਨਾਲ ਨਾਸ਼ਤਾ ਕੀਤਾ ਅਤੇ ਫਿਰ ਕਰਨੈਲ ਸਿੰਘ ਅਸਪਾਲ ਤੇ ਮੈਂ ਸ਼ਾਹੀ ਕਿਲ੍ਹੇ ਵੱਲ ਨਿਕਲ ਤੁਰੇ। ਕਿਲ੍ਹੇ ਦਾ ਗੇਟ ਖੁੱਲਣ ਵਿੱਚ ਅਜੇ ਅਧਾ ਕੁ ਘੰਟਾ ਰਹਿੰਦਾ ਸੀ ਇਸ ਲਈ ਅਸੀਂ ਉਹ ਪਾਕ ਰੂਹ ਇਨਸਾਨ, ਦਰਵੇਸ਼ ਸ਼ਖ਼ਸੀਅਤ ਪ੍ਰਸਿੱਧ ਸੂਫ਼ੀ ਫਕੀਰ ਦਾਤਾ ਗੰਜ ਬਖਸ ਰਹਿਮ ਤੁੱਲ ਉਲਾਹ, ਜਿਨ੍ਹਾਂ ਵਿੱਚ ਸ਼ਹਿਰ ਲਾਹੌਰ ਦੀ ਆਤਮਾ ਕਈ ਹਜ਼ਾਰ ਵਰ੍ਹੇ ਤੋਂ ਵਸ ਰਹੀ ਮੰਨੀ ਜਾਂਦੀ ਹੈ, ਉਨ੍ਹਾਂ ਦੇ ਦਰਬਾਰ ਦੇ ਦਰਸ਼ਨਾਂ ਨੂੰ ਪੈਦਲ ਹੀ ਤੁਰ ਪਏ। ਕੋਈ ਵੀਹਾਂ ਕੁ ਮਿੰਟਾਂ ਬਾਅਦ ਅਸੀਂ ਉੱਥੇ ਪੁੱਜ ਗਏ। ਦਰਬਾਰ ਦੇ ਬਾਹਰ ਵੱਡੀਆਂ-ਵੱਡੀਆਂ ਦੇਗਾਂ ਵਿੱਚ ਸ਼ਰਧਾਲੂ ਲੋੜਵੰਦਾਂ ਲਈ ਭੋਜਨ ਪਕਵਾ ਕੇ ਵੰਡ ਰਹੇ ਸਨ। ਦਰਬਾਰ ਵਿੱਚ ਨਵੀਂ ਨਵੀਂ ਇਮਾਰਤਸਾਜ਼ੀ ਹੋਈ ਸੀ। ਪਹਿਲਾਂ ਤੋਂ ਨਕਸ਼ਾ ਬਦਲਿਆ ਸੀ। ਸ਼ਰਧਾਵਾਨ ਬੜੀ ਅਕੀਦਤ ਨਾਲ ਦਾਤਾ ਦਰਬਾਰ ਦੀ ਜ਼ਿਆਰਤ ਕਰ ਰਹੇ ਸਨ। ਇਕ ਪਾਕੀਜ਼ਗੀ ਜਹੀ ਦਾ ਅਹਿਸਾਸ ਹੋ ਰਿਹਾ ਸੀ। ਅਮਨ ਅਤੇ ਸਕੂਨ ਮਿਲ ਰਿਹਾ ਸੀ ਉਸ ਬਜ਼ੁਰਗ ਦੇ ਸਥਾਨ 'ਤੇ ਆ ਕੇ ਜਿਹਦੇ ਬਾਰੇ ਸ਼ਾਇਰ ਦਾ ਕਲਾਮ ਹੈ:--

**ਪਾਕਪਟਨ ਫ਼ਰੀਦ ਦਾ ਸ਼ਹਿਰ ਜਾਣੋ**
**ਅਤੇ ਬੁੱਲ੍ਹੇ ਦਾ ਸ਼ਹਿਰ ਕਸੂਰ ਨਗਰੀ।**
**ਪਰ ਪਈ ਵੱਸਦੀ ਰਾਵੀ ਦੇ ਕੰਢਿਆਂ 'ਤੇ**
**ਮੇਰੇ ਦਾਤਾ ਦੀ ਨਜ਼ਰ ਮਨਜ਼ੂਰ ਨਗਰੀ।**

ਦਾਤਾ ਦਰਬਾਰ ਦੇ ਮੁੱਖ ਦਰਵਾਜ਼ੇ 'ਤੇ ਫ਼ਾਰਸੀ ਦਾ ਇਹ ਸ਼ੇਅਰ ਉੱਕਰਿਆ ਹੋਇਆ ਹੈ:--

**ਗੰਜ ਬਖ਼ਸ਼ ਫ਼ੈਜ਼-ਇ-ਆਲਮ,**
**ਮਜ਼ਹਰ-ਇ-ਨੂਰ-ਇ-ਖ਼ੁਦਾ।**
**ਨਾਕਸਾਂ ਰਾ ਪੀਰ ਕਾਮਿਲ, ਕਾਮਿਲਾਂ ਰਾ ਰਾਹਨੁਮਾ।**

ਇਹ ਸ਼ੇਅਰ ਖੁਆਜਾ ਮੁਈਨ-ਉ-ਦੀਨ ਚਿਸ਼ਤੀ ਅਜਮੇਰ ਸ਼ਰੀਫ਼ ਵਾਲਿਆਂ ਨੇ ਦਾਤਾ ਦਰਬਾਰ ਵਿੱਚ ਚਿੱਲਾ ਕੱਟਣ ਤੋਂ ਬਾਅਦ ਉਨ੍ਹਾਂ ਦੀ ਸਿਫ਼ਤ ਵਿੱਚ ਉਚਾਰਨ ਕੀਤਾ ਸੀ, ਜਿਸ ਦਾ ਭਾਵ ਅਰਥ ਹੈ, "ਦੁਨੀਆ ਲਈ ਬਰਕਤਾਂ ਦਾ ਖਜਾਨਾ ਦਾਤਾ ਜੀ, ਖ਼ੁਦਾ ਦਾ ਹੀ ਜ਼ਾਹਰਾ ਰੂਪ ਸਨ। ਊਣਿਆਂ ਲਈ ਉਹ ਕਾਮਲ ਪੀਰ ਸਨ ਅਤੇ ਕਾਮਲਾਂ ਲਈ ਰਾਹ ਵਿਖਾਵੇ ਸਨ।" ਦਾਤਾ ਜੀ ਦਾ ਨਾਂ ਅਲੀ ਹਜ਼ੇਵਰੀ ਸੀ। ਉਨ੍ਹਾਂ ਦੇ ਮੁੱਢਲੇ ਸ਼ਹਿਰ ਦਾ ਨਾਂ ਹਜ਼ਵੇਰ ਸੀ।



Sri Satguru Jagjit Singh Ji eLibrary NamdhariElibrary@gmail.com

ਦਾਤਾ ਦਰਬਾਰ ਤੋਂ ਮੁੜਦਿਆਂ ਇਕ ਚਾਹ ਦੀ ਦੁਕਾਨ 'ਤੇ ਰੁਕ ਗਏ। ਇੱਥੇ ਇਕ ਨੌਜੁਆਨ ਸੱਜਣ ਨੇ ਸਾਨੂੰ ਚਾਹ ਦੇ ਪੈਸੇ ਨਾ ਦੇਣ ਦਿੱਤੇ। ਇਸ ਤਰ੍ਹਾਂ ਦੀਆਂ ਵਾਰਦਾਤਾਂ ਹੋਰਥੇ ਵੀ ਸਾਡੇ ਨਾਲ ਹੋਈਆਂ। ਦੋਹਾਂ ਮੁਲਕਾਂ ਦੇ ਲੋਕ ਇਕ-ਦੂਜੇ ਨੂੰ ਹੇਰਵੇ ਜਹੇ ਨਾਲ ਵਿੰਹਦੇ ਹਨ।

ਰਸਤੇ ਵਿੱਚ ਇਕ ਡੈਂਟਲ ਕਾਲਜ ਆਉਂਦਾ ਸੀ। ਕੁੜੀਆਂ ਮੁੰਡੇ ਕਿਤਾਬਾਂ ਫੜੀ ਪੜ੍ਹਨ ਆ ਰਹੇ ਸਨ। ਸਾਨੂੰ ਉਨ੍ਹਾਂ ਡਾਢਾ ਮੋਹ ਮਾਣ ਬਖ਼ਸ਼ਿਆ। ਕੁਝ ਮੁੰਡਿਆਂ ਕੁੜੀਆਂ ਦੇ ਨਾਲ ਦਿਆਂ ਨੇ ਸਾਨੂੰ ਇਹ ਉਚੇਚਾ ਦੱਸਿਆ ਪਈ ਆਮ ਧਾਰਣਾ ਹੈ ਕਿ ਪਾਕਿਸਤਾਨ ਗੁਰਧਾਮ ਯਾਤਰਾ ਵਿੱਚ ਆਉਣ ਵਾਲੇ ਜ਼ਿਆਦਾ ਸਿੱਖ ਜੱਟ ਹੁੰਦੇ ਹਨ। ਹਾਲਾਂਕਿ ਸਿੱਖਾਂ ਦੀਆਂ ਸਾਰੀਆਂ ਹੀ ਸ਼੍ਰੇਣੀਆਂ ਜਾਤੀਆਂ ਦੇ ਲੋਕ ਇਸ ਯਾਤਰਾ ਵਿੱਚ ਸ਼ਾਮਲ ਹੁੰਦੇ ਹਨ। ਪਿੰਡਾਂ ਵਿਚੋਂ ਆਉਣ ਵਾਲੇ ਜਿਆਦਾ ਮੁਸਲਮਾਨ ਵੀ ਜੱਟ ਭਾਈਚਾਰੇ ਵਿਚੋਂ ਹੀ ਮਿਲਦੇ ਸਨ।

ਮਿਥੇ ਸਮੇਂ ਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਦਾ ਆਲਮਗੀਰੀ ਦਰਵਾਜ਼ਾ ਖੁੱਲ੍ਹ ਗਿਆ। ਇਹ ਦਰਵਾਜ਼ਾ ਬਹੁਤ ਵਿਸ਼ਾਲ ਹੈ। ਜੜਤ ਦੇ ਪੱਖੋਂ ਡਾਢਾ ਮਜ਼ਬੂਤ ਅਤੇ ਬਣਤਰ ਦੇ ਪੱਖੋਂ ਸੁਹਣੀ ਦਿੱਖ ਵਾਲਾ ਹੈ। ਔਰੰਗਜ਼ੇਬ ਬਾਦਸ਼ਾਹ ਦੇ ਇਕ ਕਰੀਬੀ ਰਿਸ਼ਤੇਦਾਰ ਅਤੇ ਜਰਨੈਲ ਫਿਦਾ ਖਾਨ ਨੇ ਹੀ ਬਾਦਸ਼ਾਹੀ ਮਸੀਤ ਜਿਉਂ ਕਿਲ੍ਹੇ ਦੇ ਇਸ ਦਰਵਾਜ਼ੇ ਦੀ ਤਾਮੀਰ ਵੀ ਸਤਾਰ੍ਹਵੀਂ ਸਦੀ ਦੇ ਅਠਵੇਂ ਦਹਾਕੇ ਦੇ ਮੁੱਢ ਵਿੱਚ ਕਰਵਾਈ ਸੀ। ਸ਼ਾਹੀ ਕਿਲ੍ਹੇ ਦੇ ਇਸ ਦਰਵਾਜੇ ਅੱਗੇ ਖਲੋਣ ਦਾ ਇਕ ਆਪਣਾ ਅਨੰਦ ਏ। ਇਸ ਦੀ ਵਿਸ਼ਾਲਤਾ ਸਮੇਂ ਅਤੇ ਸਥਾਨ ਦੇ ਬੰਧਨਾਂ ਤੋਂ ਕੁਝ ਸਮੇਂ ਲਈ ਮੁਕਤ ਹੋਣ ਦਾ ਅਹਿਸਾਸ ਪੈਦਾ ਕਰਦੀ ਏ। ਮਨੁੱਖ ਦੀ ਹਸਤੀ ਵੇਲੇ ਦੀਆਂ ਇਹਨਾਂ ਦਿਓ-ਕੱਦ ਇਮਾਰਤਾਂ ਦੇ ਪੈਰਾਂ ਵਿੱਚ ਬੜੀ ਛੋਟੀ ਮਾਲੂਮ ਹੁੰਦੀ ਏ। ਫਿਰ ਵੀ ਉਹ ਮਨੁੱਖ ਹੀ ਸਨ ਜਿਨ੍ਹਾਂ ਦੇ ਹੱਥਾਂ ਦੀ ਬਰਕਤ ਨੇ ਇਹ ਸ਼ਾਹਕਾਰ ਸਿਰਜੇ ਹਨ।

ਚਹੁੰ ਰੁਪੈਆਂ ਦੀ ਟਿਕਟ ਪਾਕਿਸਤਾਨ ਦੇ ਪੁਰਾਤਤਵ ਵਿਭਾਗ ਤੋਂ ਖਰੀਦ ਕੇ ਕਿਲ੍ਹੇ ਵਿੱਚ ਦਾਖਲ ਹੋਏ। ਡਿਊੜੀ ਵਿੱਚ ਕੁਝ ਪੁਸਤਕਾਂ ਵੀ ਕਿਲ੍ਹੇ ਦੇ ਇਤਿਹਾਸ ਨਾਲ ਸੰਬੰਧਿਤ ਵਿਕਦੀਆਂ ਸਨ, ਜਿਨ੍ਹਾਂ ਨੂੰ ਖਰੀਦਣ ਵਿੱਚ ਕੀਤੀ ਘੌਲ ਹੁਣ ਰੜਕ ਰਹੀ ਹੈ। ਇਕ ਬੋਰਡ ਲੱਕੜੀ ਦੇ ਉੱਤੇ, ਉਰਦੂ ਅਤੇ ਅੰਗਰੇਜ਼ੀ ਵਿੱਚ, ਇਸ ਕਿਲ੍ਹੇ ਦਾ ਸੰਖੇਪ ਇਤਿਹਾਸ ਲਿਖਿਆ ਸੀ। ਲਾਹੌਰ ਸ਼ਹਿਰ ਦੀ ਉਤਪਤੀ ਬਾਰੇ ਅਯੁਧਿਆਪਤੀ ਰਾਮ ਚੰਦਰ ਜੀ ਦੇ ਪੁੱਤਰ ਲਵ ਦੇ ਨਾਂ ਨਾਲ ਜੁੜੀ ਘਟਨਾ ਦਾ ਵੀ ਜ਼ਿਕਰ ਸੀ। ਹਿੰਦੂ ਰਾਜਿਆਂ ਵੇਲੇ ਇਹ ਇਕ ਕੱਚਾ ਕਿਲ੍ਹਾ ਸੀ। ਉਸ ਦੀ ਪੱਕੀ ਉਸਾਰੀ ਮੁਸਲਮਾਨ ਹਾਕਮਾਂ ਦੇ ਸਮੇਂ ਵਿੱਚ ਹੀ ਕੋਈ ਹਜ਼ਾਰ ਕੁ ਵਰ੍ਹਾ ਪਹਿਲਾਂ ਹੋਈ ਦੱਸੀ ਜਾਂਦੀ ਹੈ। ਮੁਗਲ ਬਾਦਸ਼ਾਹਾਂ ਅਕਬਰ ਤੇ



Sri Satguru Jagjit Singh Ji eLibrary NamdhariElibrary@gmail.com

ਜਹਾਂਗੀਰ ਨੇ ਇਸ ਕਿਲ੍ਹੇ ਨੂੰ ਆਧੁਨਿਕ ਦਿੱਖ ਦਿੱਤੀ। ਉਹ ਇਥੇ ਚੋਖਾ ਸਮਾਂ ਠਹਿਰਦੇ ਵੀ ਸਨ। ਵੈਸੇ ਤੇ ਕਸ਼ਮੀਰ ਨੂੰ ਜਾਣ ਵੇਲੇ ਸਾਰੇ ਹੀ ਮੁਗਲ ਬਾਦਸ਼ਾਹ ਦਾ ਇਥੇ ਪੜਾਅ ਹੁੰਦਾ ਸੀ। ਜਹਾਂਗੀਰ ਬਾਦਸ਼ਾਹ ਨੇ ਕਿਹਾ ਜਾਂਦਾ ਹੈ ਕਿ ਇਥੇ ਹੀ ਆਪਣੇ ਨਿਵਾਸ ਦੇ ਸੰਮਣ ਬੁਰਜ ਵਿੱਚ ਇਕ ਘੜਿਆਲ ਟੰਗਿਆ ਸੀ। ਜਿਸਨੂੰ ਨਿਆਂ ਦੀ ਭਾਲ ਵਿੱਚ ਆਇਆ ਕੋਈ ਵੀ ਵਿਅਕਤੀ ਰੱਸੀ ਖਿੱਚ ਕੇ ਖੜਕਾ ਸਕਦਾ ਸੀ ਅਤੇ ਬਾਦਸ਼ਾਹ ਦੇ ਧਿਆਨ ਵਿੱਚ ਆਪਣੀ ਫਰਿਆਦ ਲਿਆ ਸਕਦਾ ਸੀ।

ਪੁਰਾਣੇ ਮਹਿਲ ਸੰਭਾਲਣ ਵਾਲੇ ਸਨ। ਇਹ ਖੰਡਰ ਦੀ ਸ਼ਕਲ ਵਿੱਚ ਵਟਦੇ ਜਾ ਰਹੇ ਸਨ। ਉਂਝ ਇੱਥੇ "ਸ਼ੀਸ਼ ਮਹਿਲ" ਵੀ ਸੀ ਅਤੇ ਇਸ ਦੇ ਪੁਰਾਣੇ ਬੁਰਜਾਂ ਦੇ ਅਵਸ਼ੇਸ਼ ਵੀ ਵੇਖੇ ਜਾ ਸਕਦੇ ਸਨ, ਜਿਨ੍ਹਾਂ ਨੂੰ ਸਾਡੇ ਲੋਕ ਗੀਤਾਂ ਨੇ ਆਪਣੀ ਹਿੱਕੜੀ ਵਿੱਚ ਸਮੋਅ ਕੇ ਅਮਰ ਕਰ ਦਿੱਤਾ ਹੈ :-

**ਉੱਚੜੇ ਬੁਰਜ ਲਾਹੌਰ ਦੇ,**
**ਹੇਠ ਵਗੇ ਦਰਿਆ।**
**ਮਲ ਮਲ ਨ੍ਹਾਵਣ ਗੋਰੀਆਂ,**
**ਲੈਣ ਗੁਰਾਂ ਦਾ ਨਾਂ।**

ਇਹ ਗੀਤ ਸ਼ਾਇਦ ਸਿੱਖ ਕਾਲ ਦੀ ਉਪਜ ਹਨ। ਕਿਲ੍ਹਾ ਤਾਂ ਬਹੁਤ ਵਿਸ਼ਾਲ ਸੀ, ਪਰ ਦੋ ਤਿੰਨ ਘੰਟਿਆਂ ਵਿੱਚ ਅਸੀਂ ਕਿੰਨਾ ਕੁ ਹਿੱਸਾ ਵੇਖ ਸਕਦੇ ਸਾਂ। ਜਿਹੜਾ ਅਜਾਇਬ ਘਰ ਸਾਨੂੰ ਵਿਖਾਇਆ ਗਿਆ ਉਹ ਮਾਈ ਜਿੰਦਾਂ ਦੀ ਹਵੇਲੀ ਵਿੱਚ ਸਥਿਤ ਸੀ। ਇਸ ਵਿੱਚ ਸਿੱਖ ਕਾਲ ਨਾਲ ਸੰਬੰਧਿਤ ਅਸਤਰ, ਸ਼ਸਤਰ, ਬਸਤਰ ਰੱਖੇ ਹੋਏ ਸਨ ਅਤੇ ਸਿੱਖ ਮਹਾਰਾਜਿਆਂ, ਜਰਨੈਲਾਂ ਅਤੇ ਸਰਦਾਰਾਂ ਦੇ, ਜ਼ਿਆਦਾਤਰ ਯੌਰਪੀਨ ਮੁਸੱਵਰਾਂ ਦੁਆਰਾ, ਤਿਆਰ ਕੀਤੇ ਚਿੱਤਰ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਬੜੇ ਪ੍ਰਭਾਵਸ਼ਾਲੀ ਚਿੱਤਰ ਜਿਨ੍ਹਾਂ ਵਿੱਚੋਂ ਵੇਲੇ ਦੇ ਇਤਿਹਾਸਿਕ ਪਾਤਰਾਂ ਦੇ ਮੁਹਾਂਦਰੇ ਪਛਾਣੇ ਜਾਂਦੇ ਹਨ।

ਇਸ ਅਜਾਇਬ ਘਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਘੋੜੇ 'ਲੈਲੀ' ਦੀ ਮਸਾਲੇ ਲਾਈ ਦੇਹ ਵੀ ਰੱਖੀ ਹੁੰਦੀ ਸੀ। ਉੱਤੇ ਲਟਕਦੀਆਂ ਸਨ ਸੋਨੇ ਅਤੇ ਹੀਰੇ ਮੋਤੀਆਂ ਨਾਲ ਜੜੀਆਂ ਕਾਠੀਆਂ। ਹੁਣ ਉਹਨੂੰ ਸ਼ਾਇਦ ਮੁਰੰਮਤ ਲਈ ਭੇਜਿਆ ਸੀ। ਇਕ ਹੋਰ ਖਿੱਚ ਦਾ ਕੇਂਦਰ ਸਨ ਮਹਾਰਾਣੀ ਜਿੰਦਾ ਦੇ ਹੱਥਾਂ ਦੇ ਬਣਾ ਕੇ ਰੱਖੇ ਹੋਏ ਨਮੂਨੇ। ਇਹਨਾਂ ਹੱਥਾਂ ਤੋਂ ਹੀ ਮਹਾਰਾਣੀ ਦੀ ਸੁੰਦਰ ਸ਼ਖਸੀਅਤ ਦੇ ਦੀਦਾਰ ਹੋ ਰਹੇ ਸਨ। ਇੱਥੋਂ ਦੇ ਪ੍ਰਬੰਧਕਾਂ ਤੋਂ ਜਦੋਂ ਅਸੀਂ ਮੁਗਲ ਕਾਲ ਦਾ ਅਜਾਇਬ ਘਰ ਵੇਖਣ ਦੀ ਮੰਗ ਕੀਤੀ ਤਾਂ ਉਹਨਾਂ ਕਿਹਾ ਕਿ ਜਦੋਂ ਸਿੱਖ ਜਥੇ ਆਉਂਦੇ ਹਨ ਸਿਰਫ਼ ਉਦੋਂ ਹੀ ਸਿੱਖਾਂ ਦਾ ਅਜਾਇਬ ਘਰ ਖੋਹਲਿਆ ਜਾਂਦਾ ਹੈ। ਇਸ ਸਮੇਂ ਮੁਗਲਾਂ ਵਾਲਾ ਬੰਦ ਰਹਿੰਦਾ ਹੈ। ਬਾਕੀ ਸਾਰਾ ਵਰ੍ਹਾ ਸਿੱਖਾਂ



Sri Satguru Jagjit Singh Ji eLibrary NamdhariElibrary@gmail.com

ਵਾਲਾ ਬੰਦ ਰਹਿੰਦਾ ਹੈ। ਸਾਨੂੰ ਉਹਨਾਂ ਦੀ ਇਹ ਕਾਰਵਾਈ ਪਸੰਦ ਨਾ ਆਈ, ਅਸੀਂ ਮੁਗਲ ਕਾਲ ਦੀਆਂ ਕਲਾ ਕ੍ਰਿਤੀਆਂ ਵੇਖਣ ਤੋਂ ਉਸ ਤਰ੍ਹਾਂ ਹੀ ਵਿਰਵੇ ਰਹੇ ਜਿਸ ਤਰਾਂ ਬਾਕੀ ਸਾਰਾ ਸਾਲ ਲੋਕੀਂ ਸਿੱਖ ਕਾਲ ਦੀਆਂ ਇਤਿਹਾਸਕ ਵਸਤੂਆਂ ਦੇ ਦਰਸ਼ਨ ਨਹੀਂ ਕਰ ਸਕਦੇ।

ਇੱਥੇ ਸਿੱਖ ਅਜਾਇਬ ਘਰ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਕੁਰਸੀ ਨਾਮਾ ਦਿੱਤਾ ਹੋਇਆ ਸੀ। ਜਿਸਦੇ ਮੁਤਾਬਿਕ ਉਹਦੇ ਵਡੇਰੇ, ਭਟਨੇਰ (ਹਨੂੰਮਾਨਗੜ੍ਹ) ਅਤੇ ਬਠਿੰਡਾ ਦੇ ਕਿਲ੍ਹੇ ਵਸਾਉਣ ਵਾਲੇ ਭੱਟੀ ਰਾਜਪੂਤਾਂ ਵਿੱਚੋਂ ਸਨ। ਡਾ.ਸ਼ੇਰ ਸਿੰਘ ਸ਼ੇਰ ਹੋਰਾਂ ਦੀ ਇਤਿਹਾਸਕ ਖੋਜ ਨੂੰ ਇਹ ਕੁਰਸੀਨਾਮਾ ਰੱਦ ਕਰਦਾ ਸੀ। ਡਾਕਟਰ ਸਾਹਿਬ ਸਾਂਹਸੀ ਕਬੀਲੇ ਵਿੱਚੋਂ ਹਨ* ਅਤੇ ਰਣਜੀਤ ਸਿੰਘ ਦੇ ਪੁਰਖੇ ਕਿਸੇ ਸਮੇਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ "ਰਾਜਾ ਸਾਂਸੀ" ਵਿੱਚ ਰਹਿੰਦੇ ਰਹੇ ਹਨ। ਡਾਕਟਰ ਸਾਹਿਬ ਇੱਥੋਂ ਹੀ ਇਹ ਸਿੱਧ ਕਰਦੇ ਸਨ ਕਿ ਰਣਜੀਤ ਸਿੰਘ ਵੀ ਸਾਂਹਸੀ ਸੀ।

ਲਾਹੌਰ ਕਿਲ੍ਹੇ ਦੇ ਪੁਰਾਣੇ ਤਹਿਖ਼ਾਨਿਆਂ ਦੇ ਪਾਸੋਂ ਲੰਘਦਿਆਂ, ਅਸੀਂ ਮਨ ਵਿੱਚ ਉਹਨਾਂ ਤਸੀਹਾ ਕੇਂਦਰਾਂ ਦਾ ਨਕਸ਼ਾ ਖਿੱਚਿਆ ਜਿੱਥੇ ਕੌਮੀ ਆਜ਼ਾਦੀ ਦੀ ਲਹਿਰ ਵੇਲੇ, ਦੇਸ਼ ਭਗਤਾਂ ਨੂੰ ਅੰਗਰੇਜ਼ ਸਰਕਾਰ ਵੱਲੋਂ ਸਖ਼ਤੀਆਂ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਇਸ ਸਦੀ ਦੇ ਪੰਜਵੇਂ ਦਹਾਕੇ ਦੇ ਪਹਿਲੇ ਅੱਧ ਵਿੱਚ ਪੰਜਾਬ ਦੇ ਪ੍ਰਸਿੱਧ ਕਮਿਊਨਿਸਟ ਆਗੂ, ਸ਼ਾਇਰ, ਲੇਖਕ ਤੇ ਪੱਤਰਕਾਰ ਕਾ. ਅਰਜਨ ਸਿੰਘ ਗੜ੍ਹਗੱਜ ਨੂੰ ਇਸੇ ਕਿਲ੍ਹੇ ਵਿੱਚ ਕੇਸਾਂ ਤੋਂ ਲਟਕਾ ਦਿੱਤਾ ਗਿਆ ਸੀ, ਪਾਰਟੀ ਦੀਆਂ ਗੁਪਤ ਗਤੀਵਿਧੀਆਂ ਦੀ ਜਾਣਕਾਰੀ ਲਈ। ਪ੍ਰੰਤੂ ਉਹਨਾਂ ਦਾ ਜੂੜਾ ਉੱਤੇ ਹੀ ਟੰਗਿਆ ਰਹਿ ਗਿਆ ਸੀ ਅਤੇ ਕੇਸਾਂ ਤੋਂ ਬਿਨ੍ਹਾਂ ਬਾਕੀ ਸਰੀਰ ਹੇਠਾਂ ਡਿਗ ਪਿਆ ਸੀ। ਜਾਣਕਾਰੀ ਬੁੱਚੜਾਂ ਨੂੰ ਫਿਰ ਵੀ ਕੋਈ ਨਾ ਮਿਲੀ। ਸ਼ਾਹੀ ਕਿਲ੍ਹੇ ਲਾਹੌਰ ਦੀਆਂ ਸਖ਼ਤੀਆਂ ਬਰਦਾਸ਼ਤ ਕਰ ਜਾਣ ਵਾਲੇ ਦੇਸ਼ ਅਤੇ ਲੋਕ ਭਗਤਾਂ ਨੂੰ ਫਿਰ ਹੋਰ ਇਸ ਤੋਂ ਵੱਡਾ ਕੋਈ ਇਮਤਿਹਾਨ ਨਹੀਂ ਸੀ ਹੁੰਦਾ। ਕਿਲ੍ਹੇ ਵਿੱਚ ਹੀ ਕਿਤੇ "ਭੰਗੀਆਂ ਦੀ ਤੋਪ" ਪਈ ਸੀ, ਜਿਹਦੇ ਬਾਰੇ ਗ਼ਦਰ ਲਹਿਰ ਦੀ ਕਵਿਤਾ ਵਿੱਚ ਜ਼ਿਕਰ ਮਿਲਦਾ ਹੈ:--

**ਇਹਨਾਂ ਨੂੰ ਉਡਾਓ ਨਾਲ ਤੋਪ "ਭੰਗੀਆਂ।**
**ਖਾ ਲਿਆ ਮੁਲਕ ਲੁੱਟ ਕੇ ਫ਼ਿਰੰਗੀਆਂ।**

ਨਾਲ ਦਾ ਸਾਥੀ ਖਰੀਦੋ ਫਰੋਖਤ ਲਈ ਕਾਹਲਾ ਸੀ ਇਸ ਲਈ ਕਿਲ੍ਹੇ ਦੀ ਅਧੂਰੀ ਯਾਤਰਾ ਤੋਂ ਬਾਅਦ ਹੀ ਬਾਹਰ ਆ ਗਏ। ਕਿਲ੍ਹੇ ਦੇ ਸਾਹਮਣੇ ਹੀ ਸ਼ਾਹੀ ਮਸੀਤ ਸੀ। ਇਹ ਦੁਨੀਆ ਦੀਆਂ ਇਕ ਦੋ ਕੁੱਲ ਤੋਂ ਵੱਡੀਆਂ ਮਸੀਤਾਂ ਵਿੱਚੋਂ ਇਕ ਹੈ। ਇਸਨੂੰ ਵੀ ਫਿਦੈ ਖਾਨ ਨੇ 1772 ਤੋਂ 1774 ਈ.ਵਿੱਚ ਬਣਾਇਆ ਸੀ, ਔਰੰਗਜ਼ੇਬ ਬਾਦਸ਼ਾਹ ਦੇ

* ਹੁਣ ਡਾਕਟਰ ਸ਼ੇਰ ਚਲਾਣਾ ਕਰ ਚੁੱਕੇ ਹਨ।



Sri Satguru Jagjit Singh Ji eLibrary NamdhariElibrary@gmail.com

ਹੁਕਮ ਅਨੁਸਾਰ। ਇਸ ਦੇ ਆਂਗਣ ਵਿੱਚ ਇਕ ਲੱਖ ਵਿਅਕਤੀ, ਇਕ ਸਮੇਂ ਨਮਾਜ਼ ਪੜ੍ਹ ਸਕਦੇ ਹਨ। ਹਿੰਦੁਸਤਾਨ ਵਿੱਚ ਤਾਂ ਇਸ ਦੀ ਵਿਸ਼ਾਲਤਾ ਦਾ ਮੁਕਾਬਲਾ ਜਾਮਾ ਮਸਜਿਦ ਦਿੱਲੀ ਵੀ ਨਹੀਂ ਕਰਦੀ। ਵਿਹੜੇ ਦੇ ਚਾਰ ਚੁਫੇਰੇ ਬਰਾਮਦੇ ਬਣੇ ਹੋਏ ਹਨ। ਜਿੱਥੇ ਮੀਂਹ ਹਨੇਰੀ, ਪਾਲੇ-ਹੁਨਾਲੇ ਵੇਲੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਟਿਕ ਸਕਦੇ ਹਨ।

ਸ਼ਾਹੀ ਕਿਲ੍ਹਾ, ਬਾਦਸ਼ਾਹੀ ਮਸਜਿਦ ਅਤੇ ਸ਼ਾਹੀ ਸਮਾਧਾਂ ਇੱਕੋ ਹੀ ਜਗ੍ਹਾ 'ਤੇ ਹਨ ਜੋ ਪੰਜਾਬ ਦੇ ਇਕ ਖ਼ਾਸ ਕਾਲ ਦੇ ਇਤਿਹਾਸ ਨਾਲ ਸੰਬੰਧਿਤ ਹਨ। ਇਸ ਮਸਜਿਦ ਦੀ ਵਿਸ਼ਾਲਤਾ ਤੋਂ ਵੀ ਬੰਦਾ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ। ਮਸਜਿਦ ਦੇ ਪ੍ਰਵੇਸ਼ ਦੁਆਰ ਦੇ ਉੱਤੇ ਪਹਿਲੀ ਮੰਜ਼ਿਲ ਵਿੱਚ ਇਕ ਬੜਾ ਪਵਿੱਤਰ ਅਜਾਇਬ ਘਰ ਹੈ। ਜਿੱਥੇ ਹਜ਼ਰਤ ਮੁਹੰਮਦ ਸਾਹਿਬ ਅਤੇ ਉਨ੍ਹਾਂ ਦੇ ਖ਼ਲੀਫ਼ਿਆਂ ਨਾਲ ਸੰਬੰਧਿਤ ਯਾਦਗਾਰੀ ਪੁਸ਼ਾਕਾਂ ਅਤੇ ਹੋਰ ਵਸਤਾਂ ਸਾਂਭੀਆਂ ਹੋਈਆਂ ਹਨ। ਸ਼ੀਸ਼ੇ ਦੇ ਬਕਸਿਆਂ ਵਿੱਚ ਮੁਹੰਮਦ ਸਾਹਿਬ ਦਾ ਚੋਗਾ, ਪਾਜਾਮਾ, ਛੜੀ ਅਤੇ ਦਾਹੜੇ ਦੇ ਪਵਿੱਤਰ ਕੇਸ ਵੀ ਪਏ ਹੋਏ ਹਨ। ਉਨ੍ਹਾਂ ਦੇ ਪੈਰਾਂ ਦਾ ਇਕ ਫਟੇ ਹਾਲ ਜੋੜਾ ਵੀ ਹੈ। ਪਹਿਰਾਵੇ ਦੇ ਬਸਤਰਾਂ ਤੋਂ ਪਤਾ ਲਗਦਾ ਹੈ ਕਿ ਹਜ਼ਰਤ ਬੜੇ ਸਾਦਾ ਜੀਵਨ ਵਿੱਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਾ ਪਾਜਾਮਾ, ਨਾਮਧਾਰੀ ਬੀਬੀਆਂ ਦੀ ਚੂੜੀਦਾਰ ਸੁੱਥਣ ਵਰਗਾ ਹੀ ਹੈ। ਇਕ ਖ਼ਲੀਫੇ ਦੀ ਦਸਤਾਰ ਤੇ ਕੁੱਲਾ ਵੀ ਪਏ ਹਨ। ਕੱਪੜੇ ਮੋਟੇ ਸੂਤੀ ਹੀ ਹਨ। ਮੇਰੇ ਪੁੱਛਣ 'ਤੇ ਅਜਾਇਬ ਘਰ ਦੇ ਪ੍ਰਬੰਧਕ ਨੇ ਮੈਨੂੰ ਦੱਸਿਆ ਕਿ ਇਹ ਮੁਕੱਦਸ ਸ਼ੈਆਂ ਸਰਦਾਰ ਜੀ ਤੁਹਾਡੇ ਪਾਸੋਂ ਹੀ ਏਥੇ ਆਈਆਂ ਹਨ। ਹੋਇਆ ਇਸ ਤਰ੍ਹਾਂ ਕਿ ਮੁਹੰਮਦ ਸਾਹਿਬ ਦਾ ਜਾਂ ਕਿਸੇ ਖ਼ਲੀਫੇ ਦਾ ਕੋਈ ਵੰਸ਼ਿਜ, ਮੰਦਹਾਲੀ ਦੀ ਸਥਿਤੀ ਵਿੱਚ ਲਾਹੌਰ ਆਇਆ ਤੇ ਇਨ੍ਹਾਂ ਇਤਿਹਾਸਕ ਵਸਤੂਆਂ ਦੀ ਬੋਲੀ ਲਾਉਣ ਦਾ ਉਹਨੇ ਵਿਚਾਰ ਪ੍ਰਗਟ ਕੀਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਧਰਮ ਨਿਰਪੱਖ ਹਾਕਮ ਨੇ ਕਿਹਾ ਕਿ ਹਜ਼ਰਤ ਦੀਆਂ ਵਸਤਾਂ ਦੀ ਬੋਲੀ ਲੱਗੇ, ਇਹ ਮੈਨੂੰ ਜਚਦਾ ਨਹੀਂ। ਜਿਹੜਾ ਸੱਜਣ ਇਨ੍ਹਾਂ ਸ਼ੈਆਂ ਦਾ ਮਾਲਿਕ ਹੈ ਉਹ ਆ ਕੇ ਮੂੰਹੋਂ ਮੰਗੀ ਰਕਮ ਸਰਕਾਰ ਤੋਂ ਲੈ ਸਕਦਾ ਹੈ। ਇਉਂ ਹੀ ਹੋਇਆ। ਉਸਦੀ ਕੰਗਾਲੀ ਦੂਰ ਹੋ ਗਈ। ਇਹ ਵਸਤਾਂ ਸ਼ਾਹੀ ਕਿਲ੍ਹੇ ਵਿੱਚ ਰਹੀਆਂ ਤੇ ਰਾਜ ਬਦਲੀ ਤੋਂ ਬਾਅਦ 1885 ਈ.ਦੇ ਲਾਗੇ ਚਾਗੇ ਅੰਗਰੇਜ਼ੀ ਸਰਕਾਰ ਨੇ ਬਾਦਸ਼ਾਹੀ ਮਸਜਿਦ ਲਾਹੌਰ ਨੂੰ ਇਹ ਭੇਟ ਕਰ ਦਿੱਤੀਆਂ।

ਸ਼ਾਹੀ ਮਸਜਿਦ ਦੇ ਪੈਰਾਂ ਵਿੱਚ ਹੀ ਸ਼ਾਇਰੇ ਮਸ਼ਰਕ* ਡਾਕਟਰ ਸਰ ਮੁਹੰਮਦ ਇਕਬਾਲ ਦਾ ਸਮਾਰਕ ਹੈ ਜਿੱਥੇ ਉਨ੍ਹਾਂ ਨੂੰ ਦਫ਼ਨ ਕੀਤਾ ਗਿਆ ਸੀ। ਇੱਥੇ 24 ਘੰਟੇ ਪਾਕਿਸਤਾਨ ਮਿਲੀਸ਼ੀਆ ਦੇ ਸਿਪਾਹੀ ਸਨਮਾਨ ਵਿੱਚ ਡਿਊਟੀ 'ਤੇ ਖੜ੍ਹੇ ਰਹਿੰਦੇ ਹਨ। ਡਾਕਟਰ ਇਕਬਾਲ ਨੂੰ ਪਾਕਿਸਤਾਨ ਦੇ ਬਾਨੀਆਂ ਵਿੱਚੋਂ ਇਕ ਹੋਣ ਕਰਕੇ ਵਿਸ਼ੇਸ਼ ਸਨਮਾਨ

*ਪੂਰਬ ਦਾ ਕਵੀ



Sri Satguru Jagjit Singh Ji eLibrary NamdhariElibrary@gmail.com

ਦਿੱਤਾ ਜਾਂਦਾ ਹੈ।

ਪ੍ਰਸਿੱਧ ਪੰਜਾਬੀ ਸਾਹਿਤਕਾਰ ਦਵਿੰਦਰ ਸਤਿਆਰਥੀ ਆਪਣੇ ਲਾਹੌਰ ਦੇ ਦਿਨਾਂ ਦਾ, ਇਕ ਕਿੱਸਾ ਬਿਆਨ ਕਰਦੇ ਹਨ। ਉਨ੍ਹਾਂ ਦਿਨਾਂ ਵਿੱਚ ਉਨ੍ਹਾਂ ਤੇ ਆਤਮ-ਹੱਤਿਆ ਕਰਨ ਦਾ ਭੂਤ ਸਵਾਰ ਸੀ। ਆਸ਼ਕ ਹੁਸੈਨ ਬਟਾਲਵੀ ਨਾਂ ਦਾ ਇਕ ਨੌਜੁਆਨ, ਸਤਿਆਰਥੀ ਦੀਆਂ ਅੱਖਾਂ ਵਿੱਚ ਮੌਤ ਦੀ ਲਿਸ਼ਕ ਵੇਖਕੇ ਉਹਨੂੰ ਡਾਕਟਰ ਇਕਬਾਲ ਦੀ ਕੋਠੀ ਵਿੱਚ ਲੈ ਗਿਆ ਤੇ ਉਸ ਜ਼ਿੰਦਗੀ ਤੋਂ ਨਿਰਾਸ ਯੁਵਕ ਬਾਰੇ ਉਹਨਾਂ ਨੇ ਦੱਸਿਆ। ਡਾਕਟਰ ਸਾਹਿਬ ਨੇ ਇਹ ਕਹਿਕੇ ਕਿ ਤੂੰ ਸ਼ਕਲ ਤੋਂ ਹਿੰਦੂ ਜਾਪਦਾ ਏਂ। ਇਸ ਲਈ ਤੇਰਾ ਪੁਨਰ ਜਨਮ ਵਿੱਚ ਭਰੋਸਾ ਹੋਏਗਾ। ਉਹਦੇ ਨਾਲ ਇਹ ਗੱਲਬਾਤ ਕੀਤੀ, " ਵੇਖ ਪੁੱਤਰ! ਤੇਰੇ ਆਪਣੇ ਅਕੀਦੇ ਅਨੁਸਾਰ ਮੌਤ ਮਗਰੋਂ ਅਗਲੇ ਜਨਮ ਵਿੱਚ ਤੇਰੀ ਦਾਸਤਾਨ ਦੇ ਤਿੰਨ ਰੂਪ ਹੋ ਸਕਦੇ ਹਨ- ਹੂ-ਬ-ਹੂ ਇੰਜ ਦਾ ਇੰਜ, ਇਸ ਤੋਂ ਚੰਗਾ ਜਾਂ ਇਸ ਤੋਂ ਵੀ ਖ਼ਰਾਬ ਮਤਲਬ ਇਕ ਤਿਹਾਈ ਉਮੀਦ। ਨਾ ਬਈ ਨਾ! ਮੈਂ ਤਾਂ ਹਰਗਿਜ਼ ਇਕ ਤਿਹਾਈ ਉਮੀਦ ਦੀ ਉਂਗਲ ਫੜਕੇ ਇਸ ਰਸਤੇ ਉੱਪਰ ਪੈਰ ਨਾ ਧਰਾਂ। ਇਸ ਲਈ ਮੇਰੀ ਗੱਲ ਮੰਨੇਂ ਤਾਂ ਖ਼ੁਦਕਸ਼ੀ ਦਾ ਇਰਾਦਾ ਛੱਡ ਦੇ ਤੇ ਜ਼ਿੰਦਗੀ ਦਾ ਹਿਸਾਬ ਮੁਕਾਉਣ ਲਈ ਕੋਈ ਵੱਡਾ ਕੰਮ ਨੇਪਰੇ ਚਾੜਣ ਦਾ ਇਕਰਾਰ ਕਰ।"

"ਮੈ ਫਰਿਸ਼ਤੇ ਦੇ ਪੈਰੀਂ ਹੱਥ ਲਾ ਕੇ ਵਚਨ ਦਿੱਤਾ-ਹੁਣ ਮੈਂ ਆਤਮ-ਹੱਤਿਆ ਨਹੀਂ ਕਰਾਂਗਾ।"

ਤੇ ਡਾਕਟਰ ਇਕਬਾਲ ਦੇ ਮੈਸੋਲੀਅਮ ਵਿੱਚ ਪਸਰੀ ਖ਼ਾਮੋਸ਼ੀ ਵਿੱਚੋਂ ਦਾਹੜੇ ਵਾਲੇ ਪੰਜਾਬੀ ਸਾਹਿਤ ਦੇ "ਘੋੜਾ ਬਾਦਸ਼ਾਹ" 'ਤੇ ਸਵਾਰ ਹੋ ਕੇ "ਗਿੱਧਾ" ਅਤੇ "ਲੱਕ ਟੁਣੂ ਟੁਣੂ" ਦੀਆਂ ਬਾਤਾਂ ਪਾਉਣ ਵਾਲੇ, ਦਰਵੇਸ਼ ਦੀ ਯਾਦ ਆਈ ਜਿਹੜਾ ਜੇ ਡਾਕਟਰ ਸਾਹਿਬ ਨੂੰ ਨਾ ਮਿਲਦਾ ਤਾਂ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਦਾ ਲੋਕ ਸਾਹਿਤ ਕਿੰਨਾ ਕੰਗਾਲ ਰਹਿ ਜਾਣਾ ਸੀ। 1971-72 ਦੇ ਦਿਨ ਸਨ। ਮੈਂ ਪੰਜਾਬ ਯੂਨੀਵਰਸਿਟੀ ਦੇ ਲਾਅ ਡੀਪਾਰਟਮੈਂਟ ਵਿੱਚ ਦੂਜੇ ਸਾਲ ਦਾ ਵਿਦਿਆਰਥੀ ਸਾਂ ਅਤੇ ਹੋਸਟਲ ਚਾਰ ਵਿੱਚ ਰਹਿੰਦਾ ਸਾਂ। ਬਲਜੀਤ ਪਰਮਾਰ ਅਤੇ ਡਾ.ਜਗਤਾਰ ਇਕ ਨੰਬਰ ਹੋਸਟਲ ਵਿੱਚ ਰਹਿੰਦੇ ਸਨ। ਉਨ੍ਹਾਂ ਪਾਸ ਸਤਿਆਰਥੀ ਜੀ ਆਉਂਦੇ ਅਤੇ ਅੱਗੋਂ ਉਹ ਤਿੰਨੇ ਰਲ ਕੇ ਮੇਰੇ ਪਾਸ ਆ ਜਾਂਦੇ। ਇਹਨਾਂ ਗੁਰਜਧਾਰੀ ਸਾਹਿਤਕਾਰਾਂ ਨਾਲ ਮਿਲ ਕੇ ਫਿਰ ਅਸੀਂ ਸ਼ਿਵ ਕੁਮਾਰ ਬਟਾਲਵੀ ਦੇ ਪਹਿਲੀ ਮੰਜ਼ਲ ਵਾਲੇ ਨਿਵਾਸ 'ਤੇ ਪੁੱਜ ਜਾਂਦੇ। ਉਸ ਦੇ ਘਰ ਜਾਣ ਦੀ ਸਤਿਆਰਥੀ ਜੀ ਇਕ ਘਟਨਾ ਸੁਣਾਉਂਦੇ। ਸ਼ਿਵ ਕੁਮਾਰ ਦੇ ਸਾਹਮਣੇ ਉਹ ਕੁਰਸੀ 'ਤੇ ਉਸ ਦੇ ਘਰ ਬੈਠੇ ਸਨ। ਸ਼ਿਵ ਕੁਮਾਰ ਵਾਰ-ਵਾਰ ਕਹਿ ਰਿਹਾ ਸੀ..."ਬੂ ਆਉਂਦੀ ਹੈ, ਬਹੁਤ ਤੇਜ਼ ਬੂ ਆਉਂਦੀ



Sri Satguru Jagjit Singh Ji eLibrary NamdhariElibrary@gmail.com

ਹੈ।" ਮੈਂ ਕਿਹਾ"ਆਪਣਾ ਕੋਈ ਧੋਤਾ ਹੋਇਆ ਕੁਰਤਾ ਪਜਾਮਾ ਮੈਨੂੰ ਲਿਆ ਦੇ, ਬੂ ਹਟ ਜਾਏਗੀ। ਮੈਂ ਦਿੱਲੀਉਂ ਇਸੇ ਇਕਲੌਤੇ ਸੂਟ, ਕੁੜਤੇ ਪਜਾਮੇ ਦੇ ਵਿੱਚ ਹੀ ਆਇਆ ਹਾਂ ਅਤੇ ਧੋਣ ਦੀ ਜ਼ਹਿਮਤ ਮੈਂ ਉਠਾਉਣੀ ਨਹੀਂ ਚਾਹੁੰਦਾ। ਜਦੋਂ ਇਹ ਸ਼ਿਵ ਵਾਲਾ ਸੂਟ ਦਿੱਲੀ ਵਾਲੇ ਦੀ ਹਾਲਤ ਵਿੱਚ ਹੋ ਗਿਆ ਤਾਂ ਫਿਰ ਉਹਨਾਂ ਮੇਰਾ ਕੁੜਤਾ ਪਜਾਮਾ ਪਹਿਰ ਲਿਆ। ਸਾਡਾ ਇਹ ਸਾਹਿਤਕਾਰ ਹਰ ਘਰ ਨੂੰ ਆਪਣਾ ਘਰ ਅਤੇ ਹਰ ਸਾਹਿਤ ਪ੍ਰੇਮੀ ਨੂੰ ਆਪਣੇ ਪਰਿਵਾਰ ਦਾ ਹੀ ਜੀਅ ਸਮਝਦਾ ਹੁੰਦਾ ਹੈ। ਕੁਮਾਰ ਵਿਕਲ ਅਤੇ ਬਲਵੰਤ ਗਾਰਗੀ ਵੀ ਉਦੋਂ ਚੰਡੀਗੜ੍ਹ ਹੀ ਸਨ ਅਤੇ ਸਤਿਆਰਥੀ ਸਾਹਿਬ ਦੇ ਚੋਗੇ ਦੀਆਂ ਕਲੀਆਂ ਫੜਕੇ ਪਰਮਾਰ, ਗਿੱਲ, ਹਰਵਿੰਦਰ ਅਤੇ ਮੇਰੇ ਜਹੇ ਕਈ ਸਾਹਿਤ ਨਾਲ ਮੱਸ ਰੱਖਣ ਵਾਲੇ ਯੁਵਾ ਜਨ ਉਹਨਾਂ ਦਿੱਗਜ ਸਾਹਿਤਕਾਰਾਂ ਦੇ ਘਰ, ਹੋਣ ਵਾਲੀਆਂ ਗੋਸ਼ਟਾਂ ਵਿੱਚ ਬਿਨ ਬੁਲਾਏ ਮਹਿਮਾਨਾਂ ਵਾਂਗ ਜਾ ਧਮਕਿਆ ਕਰਦੇ ਸਾਂ।

ਮਸਜਿਦ ਦੇ ਇਸ ਅਹਾਤੇ ਅਤੇ ਇਕਬਾਲ ਸਮਾਰਕ ਵਿੱਚ ਫਿਰਦਿਆਂ ਬਹੁਤ ਸਾਰੇ ਪਾਕਿਸਤਾਨੀ ਨੌਜਵਾਨਾਂ ਨੇ, ਸਿੱਖ ਧਰਮ ਦੇ ਮੁੱਢਲੇ ਅਸੂਲਾਂ ਬਾਰੇ ਸਾਥੋਂ ਜਾਣਕਾਰੀ ਹਾਸਲ ਕੀਤੀ। ਉਹਨਾਂ ਗੁਰੂ ਨਾਨਕ ਦੇਵ ਦੀਆਂ ਆਸਾ ਦੀ ਵਾਰ ਵਿੱਚ ਕਰਮ ਕਾਂਡਾਂ 'ਤੇ ਸੱਟ ਮਾਰਦੀਆਂ ਬਾਣੀ ਦੀਆਂ ਤੁਕਾਂ ਬਹੁਤ ਪਸੰਦ ਕੀਤੀਆਂ। ਉਨ੍ਹਾਂ ਨੂੰ ਦੱਸਿਆ ਗਿਆ ਕਿ ਸਿੱਖ ਧਰਮ ਕਿਰਤੀਆਂ, ਕਿਸਾਨਾਂ, ਦਸਤਕਾਰਾਂ ਅਤੇ ਹੋਰ ਹੱਥੀਂ ਕੰਮ ਕਰਨ ਵਾਲੇ, ਲੋਕਾਂ ਦਾ ਧਰਮ ਸੀ ਅਤੇ ਮੱਧਕਾਲੀ ਸਾਮੰਤੀ ਪੈਦਾਵਾਰ ਸੰਬੰਧਾਂ ਦੇ ਤਾਣੇ-ਬਾਣੇ ਵਿੱਚ, ਇਕ ਰੋਹ ਭਰੀ ਲਲਕਾਰ ਸੀ। ਗੁਰੂ ਨਾਨਕ, ਨਾ ਵੇਲੇ ਦੇ ਹਮਲਾਵਰ ਬਾਦਸ਼ਾਹ ਬਾਬਰ ਤੋਂ ਡਰਦਾ ਸੀ ਅਤੇ ਨਾ ਇਹੋ ਜਹੇ ਹਮਲਿਆਂ ਤੋਂ ਚੁੱਪ ਰਹਿਣ ਵਾਲੇ 'ਰੱਬ' ਦੇ 'ਗੁੱਟ ਨਿਰਲੇਪ' ਵਿਹਾਰ ਨੂੰ ਉਹ ਸਲਾਹੁੰਦਾ ਸੀ। ਉਹ ਦੁਨੀਆ ਤੋਂ ਭੱਜ ਜਾਣ ਵਾਲੇ ਜੋਗੀਆਂ, ਸਾਧਾਂ, ਸੰਤਾਂ ਅਤੇ ਪੀਰਾਂ, ਫ਼ਕੀਰਾਂ ਨਾਲ ਸੰਵਾਦ ਰਚਾ ਕੇ ਉਹਨਾਂ ਨੂੰ ਲੋਕਾਈ ਦੀ ਬੰਦ-ਖਲਾਸੀ ਵਾਸਤੇ ਸਰਗਰਮ ਕਾਰਵਾਈ ਕਰਨ ਲਈ ਪ੍ਰੇਰਦਾ ਸੀ। ਉਹ ਬੰਦੇ ਨੂੰ ਉਹਦੇ ਧਰਮ ਜਾਂ ਮਜ਼ਬ ਦੀ ਬਜਾਏ, ਉਹਦੀ ਕਰਤੂਤ ਨਾਲ ਪਰਖਦਾ ਸੀ ਅਤੇ ਰੱਬ ਨੂੰ ਮਿਲਣ ਲਈ ਉਹਦੇ ਬੰਦਿਆਂ ਦੀ ਸੇਵਾ ਨੂੰ ਅਤੇ ਹੱਕ ਹਲਾਲ ਦੀ ਕਿਰਤ ਕਮਾਈ ਨੂੰ ਸਿੱਧਾ ਤੇ ਸ਼ਾਰਟ-ਕੱਟ ਰਸਤਾ ਦੱਸਦਾ ਸੀ। ਦੋਹਾਂ ਮੁਲਕਾਂ ਦੇ ਲੋਕਾਂ ਨੂੰ ਅੱਧੀ ਸਦੀ ਦੇ ਪਾੜੇ ਕਾਰਨ, ਇਕ ਦੂਜੇ ਬਾਰੇ ਕਾਫ਼ੀ ਕੁਝ ਦੱਸਣ ਪੁੱਛਣ ਦੀ ਲੋੜ ਅਸੀਂ ਮਹਿਸੂਸ ਕੀਤੀ। ਸਿੱਖ ਧਰਮ, ਸਾਹਿਤ ਅਤੇ ਇਤਿਹਾਸ ਵਿੱਚ ਉਹਨਾਂ ਦੀ ਦਿਲਚਸਪੀ ਲੋੜੋਂ ਵੱਧ ਜਾਪੀ ਅਤੇ ਇਸ ਦਿਲਚਸਪੀ ਵਿੱਚ ਹੀ ਚੰਗੇ ਗੁਆਂਢੀਆਂ ਵਾਲੇ ਤਣਾਅ ਮੁਕਤ ਸੰਬੰਧ ਛਿਪੇ ਹੋਏ ਸਨ।

ਦੁਪੈਹਰ ਦਾ ਪ੍ਰਸ਼ਾਦਾ ਛਕ ਕੇ ਅਸੀਂ ਬਾਜ਼ਾਰ ਵੱਲ ਨਿਕਲ ਗਏ ਅਤੇ ਘੰਟੇ ਡੇਢ ਘੰਟੇ ਵਿੱਚ ਆਪਣੇ ਅਤੇ ਸੱਜਣਾਂ ਮਿੱਤਰਾਂ ਦੇ ਦਿੱਤੇ ਪੈਸਿਆਂ ਦੀਆਂ ਲੋੜੀਂਦੀਆਂ ਵਸਤਾਂ



Sri Satguru Jagjit Singh Ji eLibrary NamdhariElibrary@gmail.com

ਖਰੀਦ ਲਈਆਂ, ਹਰੀ ਸੌਗੀ, ਇਥੋਂ ਦੇ ਇਸ ਪ੍ਰਸਿੱਧ ਸੁੱਕੇ ਮੇਵਿਆਂ ਵਾਲੇ ਬਜ਼ਾਰ ਵਿੱਚੋਂ ਵੀ ਨਦਾਰਦ ਸੀ। ਖਰੀਦਦਾਰੀ ਕਰਨ ਦੇ ਮਾਮਲੇ ਵਿੱਚ ਡਾ.ਜੀਤ ਸਿੰਘ 'ਸੀਤਲ' ਹੋਰਾਂ ਜਿਉਂ ਅਸੀਂ ਵੀ ਅਕਸਰ ਠੱਗੇ ਜਾਂਦਾ ਹਾਂ। ਨਾ ਸੌਦਾ ਕਰਨਾ ਆਉਂਦਾ ਹੈ ਅਤੇ ਨਾ ਹੀ ਕੰਮ ਦੀ ਸ਼ੈ ਦੀ ਪਰਖ ਕਰਨੀ। ਫਿਰ ਜਦੋਂ ਦੁਕਾਨਦਾਰ ਘੜੀ ਮੁੜੀ ਅੱਲਾ-ਤਾਅਲਾ ਦੀ ਕਸਮ ਖਾ ਰਿਹਾ ਹੋਵੇ ਤਾਂ ਉਹਦੇ 'ਤੇ ਇਤਬਾਰ ਨਾ ਕਰਨਾ ਅੱਲਾ-ਤਾਅਲਾ ਦੀ ਤੌਹੀਨ ਹੁੰਦੀ ਹੈ। ਬਾਕੀ ਸਾਮਾਨ ਤਾਂ ਠੀਕ ਸੀ ਪਰ ਬਦਾਮਾਂ ਦੀਆਂ ਗਿਰੀਆਂ ਵਿੱਚ ਉਸ ਸਾਨੂੰ ਠੱਗ ਲਿਆ ਸੀ। ਬਦਾਮ ਰੋਗਨ ਇਥੋਂ ਦੇ ਫੈਲਿੰਗ ਬਜ਼ਾਰ ਵਿੱਚ ਨਨਕਾਣਾ ਸਾਹਿਬ ਨਾਲੋਂ ਵਧੀਆ ਨਿਕਲਦਾ ਸੀ ਅਤੇ ਦਸ ਕਿਲੋ ਗਿਰੀਆਂ ਵਿੱਚ ਤਕਰੀਬਨ ਸਾਢੇ ਚਾਰ ਕਿਲੋ ਤੱਕ ਨਿਕਲ ਆਇਆ ਸੀ। ਬਜ਼ਾਰ ਵਿੱਚ ਵਿਚਰਦਿਆਂ ਦੋ ਕਾਰ ਸਵਾਰ ਨੌਜੁਆਨਾਂ ਨੇ ਕਿਹਾ, "ਆਓ ਸਰਦਾਰ ਜੀ! ਤੁਹਾਨੂੰ ਲਾਹੌਰ ਵਿੱਚ ਘੁਮਾ ਫਿਰਾ ਲਿਆਈਏ। ਇਕੱਲਾ ਹੋਣ ਕਾਰਨ ਮੈਂ ਉਹਨਾਂ ਦੀ ਪੇਸ਼ਕਸ਼ ਸਵੀਕਾਰ ਨਾ ਕੀਤੀ। ਵਰਨਾ ਕਿੰਨੀਆਂ ਹੀ ਥਾਂਵਾਂ ਸਨ ਲਾਹੌਰ ਵਿੱਚ ਵੇਖਣ ਵਾਲੀਆਂ ਤੇ ਜਿਹੜੀਆਂ ਸਮੇਂ ਤੇ ਸਾਧਨਾਂ ਦੇ ਅਭਾਵ ਵਿੱਚ ਨਹੀਂ ਵੇਖ ਸਕੇ। ਮੋਤੀ ਬਾਜ਼ਾਰ ਵੇਖਣ ਦੀ ਰੀਝ ਪੂਰੀ ਨਾ ਹੋਈ।

ਲਾਹੌਰ ਦੇ ਮੋਤੀ ਬਾਜ਼ਾਰ ਵਿੱਚ ਨਾਮਧਾਰੀ ਧਰਮਸ਼ਾਲਾ ਹੁੰਦੀ ਸੀ। ਲਾਹੌਰ ਵਿੱਚ ਇਕ ਬਿਸ਼ਨ ਸਿੰਘ ਨਾਂ ਦਾ ਸਰਾਫ ਸੀ। ਇਹ ਪਰਿਵਾਰ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰਕ ਗਹਿਣੇ ਬਣਾਇਆ ਕਰਦਾ ਸੀ। ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਹਾਕਮਾਂ ਨੇ ਬਿਸ਼ਨ ਸਿੰਘ ਨੂੰ ਪੇਸ਼ਕਸ਼ ਕੀਤੀ ਕਿ ਉਹ ਮਲਕਾ ਵਿਕਟੋਰੀਆ ਵਾਸਤੇ ਸੋਨੇ ਦਾ ਇਕ ਤਾਜ ਬਣਾ ਦੇਵੇ। ਸਵਾਭਿਮਾਨੀ ਸਰਾਫ ਨੇ ਜੁਆਬ ਦਿੱਤਾ ਕਿ ਜਿਹੜੇ ਹੱਥਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਸ਼ਹਿਜ਼ਾਦਿਆਂ ਦੇ ਤਾਜ ਬਣਾਏ ਹਨ ਉਹਨਾਂ ਨਾਲ ਮੈਂ ਮਲਕਾ ਦਾ ਤਾਜ ਨਹੀਂ ਬਣਾ ਸਕਦਾ। ਇਹ ਕੂਕਾ ਵੀ ਸਜ ਚੁੱਕਾ ਸੀ। ਸਰਕਾਰ ਨੇ ਨਕਲੀ ਸਿੱਕੇ ਬਣਾਉਣ ਦਾ ਝੂਠਾ ਮੁਕਦਮਾ ਬਣਾ ਦਿੱਤਾ। ਜਿਸ ਦਿਨ ਮੈਜਿਸਟਰੇਟ ਨੇ ਇਹਨੂੰ ਸਜਾ ਸੁਣਾਈ ਸੱਤ ਸਾਲ ਕੈਦ ਦੀ, ਇਹ ਸਲੋਤਰ ਨਾਲ ਲੈ ਗਿਆ ਸੀ ਅਤੇ ਉਹ ਜੱਜ ਦੇ ਸਿਰ ਵਿੱਚ ਮਾਰ ਕੇ ਪਾਰ ਬੁਲਾ ਦਿੱਤਾ। ਬਾਅਦ ਵਿੱਚ ਇਸ ਕੇਸ ਵਿੱਚ ਫਾਹੇ ਲੱਗ ਗਿਆ ਸੀ। *ਕੂਕੇ ਬਿਸ਼ਨ ਸਿੰਘ ਸਰਾਫ ਦੀ ਘਰ ਵਾਲੀ ਜਗ੍ਹਾ ਉਸਦੀ ਮਾਤਾ ਨੇ ਨਾਮਧਾਰੀ ਧਰਮਸ਼ਾਲਾ ਨੂੰ ਦਾਨ ਦੇ ਦਿੱਤੀ ਸੀ। ਸ਼ਹਿਰ ਲਾਹੌਰ ਦੀਆਂ ਭੀੜੀਆਂ ਗਲੀਆਂ ਆਪਣੇ ਸੀਨੇ ਵਿੱਚ ਕੌਮੀ ਅਣਖ ਦੀਆਂ ਪਤਾ ਨਹੀਂ ਇਹੋ ਜਿਹੀਆਂ ਕਿੰਨੀਆਂ, ਦਾਸਤਾਨਾਂ ਸਮੋਈ ਬੈਠੀਆਂ ਹਨ।

* ਬਿਸ਼ਨ ਸਿੰਘ ਸਰਾਫ ਬਾਰੇ ਉਪਰੋਕਤ ਵੇਰਵਾ ਤਰਨ ਸਿੰਘ ਵਹਿਮੀ ਕ੍ਰਿਤ 'ਜਸ ਜੀਵਨ' ਵਿੱਚ ਪੜ੍ਹਿਆ ਸੀ। ਪ੍ਰੰਤੂ ਸੰਤੋਖ ਸਿੰਘ ਬਾਹੋਵਾਲ ਮੁਤਾਬਿਕ ਉਸ 'ਤੇ ਪੈਸਿਆਂ ਦੀ ਵਸੂਲੀ ਦੀ ਝੂਠੀ ਡਿਗਰੀ ਕਰ ਦਿੱਤੀ ਸੀ। ਜਿਸ ਕਰਨ ਉਹਨੇ ਸਮਾਲ ਕੋਰਟ ਦੇ ਜੱਜ ਜਾਇਸੀ ਰਾਮ ਨੂੰ ਪਾਰ ਬੁਲਾਇਆ ਸੀ। ਉਹ 1871 ਵਿਚ ਫਾਹੇ ਲੱਗਾ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਤੋਂ ਲੈ ਕੇ ਉਸਤਾਦ ਦਾਮਨ ਤੱਕ ਪੰਜਾਬੀ ਕਵਿਤਾ ਇਸ ਸ਼ਹਿਰ ਦੀਆਂ ਧੜਕਣਾਂ ਵਿੱਚ ਮੌਜੂਦ ਏ। ਸ਼ਾਹ ਹੁਸੈਨ ਸੀ ਦੁੱਲੇ ਬਾਗੀ ਦਾ ਬੇਲੀ ਤੇ ਵੇਲੇ ਦੀ ਹਕੂਮਤ ਦੀ ਅੱਖ ਦੀ ਕਿਰਕਿਰੀ। ਉਸਤਾਦ ਦਾਮਨ ਵੀ ਸੱਤਾ ਤੋਂ ਉਲਟ ਆਪਣੇ ਲੋਕਾਂ ਦੇ ਨਾਲ ਉਹਨਾਂ ਦੇ ਹਰ ਦੁਖ-ਸੁਖ ਵਿੱਚ ਖਲੋਵਣ ਵਾਲਾ। ਇਸ ਕਰਕੇ ਆਪਣੇ ਹੁਜਰੇ ਤੋਂ ਜੇਲ੍ਹ ਜਾਣ ਦਾ ਵੀ ਉਨ੍ਹਾਂ ਦਾ ਸਬੱਬ ਬਣਿਆ ਰਹਿੰਦਾ ਸੀ। ਫ਼ਰਮਾਉਂਦੇ ਹਨ:--

**ਸਟੇਜਾਂ 'ਤੇ ਹੋਈਏ ਸਿਕੰਦਰ ਹੋਈਦਾ ਏ।**
**ਸਟੇਜਾਂ ਤੋਂ ਹੇਠਾਂ ਕਲੰਦਰ ਹੋਈਦਾ ਏ।**
**ਜੇ ਲਾ ਬਹੀਏ ਕਿਧਰੇ ਹਕੂਮਤ ਨਾਲ ਮੱਥਾ**
**ਫਰਕ ਏਨਾ ਹੀ ਬੱਸ ਅੰਦਰ ਹੋਈਦਾ ਏ।**

1969 ਈ.ਦੇ ਨਨਕਾਣੇ ਸਾਹਿਬ ਦੇ ਕਾਲਜ ਦੇ ਅਹਾਤੇ ਵਿੱਚ ਹੋਇਆ ਮੁਸ਼ਾਇਰਾ ਯਾਦ ਆ ਰਿਹਾ ਸੀ। ਉਸਤਾਦ ਦਾਮਨ ਨੇ ਆਉਂਦਿਆਂ ਹੀ ਸਟੇਜ 'ਤੇ ਜੈਕਾਰਾ ਛਡਿਆ। ਸਿੱਖ ਯਾਤਰੂਆਂ ਹੌਲੇ ਜਹੇ "ਸਤਿ ਸ੍ਰੀ ਅਕਾਲ" ਆਖੀ। ਉਸਤਾਦ ਹੋਰਾਂ ਕਿਹਾ " ਓਇ ਸਿੱਖੋਂ ਕੀ ਹੋ ਗਿਆ ਏ ਤੁਹਾਨੂੰ? ਮੈਂ ਤੁਹਾਥੋਂ ਉਹ ਜੈਕਾਰਾ ਸੁਣਨਾ ਚਾਹੁੰਦਾ ਵਾਂ ਜੋ ਨੁਸ਼ਹਿਰੇ ਦੀ ਜੰਗ ਵੇਲੇ ਅਕਾਲੀ ਫੂਲਾ ਸਿੰਘ ਨੇ ਛੱਡਿਆ ਸੀ। ਜਿਹੜਾ ਜਮਰੌਦ ਦੇ ਕਿਲ੍ਹੇ ਵਿੱਚ ਹਰੀ ਸਿੰਘ ਨਲਵੇ ਨੇ ਗਜਾਇਆ ਸੀ ਅਤੇ ਜਿਹੜਾ ਸਭਰਾਵਾਂ ਨੂੰ ਤੁਰਨ ਵੇਲੇ ਅਟਾਰੀ ਵਿਖੇ ਸ਼ਾਮ ਸਿੰਘ ਨੇ ਬੁਲਾਇਆ ਸੀ। ਬੱਸ ਫਿਰ ਕੀ ਸੀ ਬਾਕੀ ਕਵੀ ਦਰਬਾਰ ਜੈਕਾਰਿਆਂ ਦੀ ਗੂੰਜ ਵਿੱਚ ਹੀ ਦੱਬ ਕੇ ਰਹਿ ਗਿਆ ਸੀ। ਉਸੇ ਮੁਸ਼ਾਇਰੇ ਵਿੱਚ ਉਸਤਾਦ ਹੋਰਾਂ ਕਿਹਾ, "ਮੈਂ ਹੱਦਾਂ ਦੇ ਦੂਹੀ ਬੰਨ੍ਹੀ ਆਪਣੀ ਬੋਲੀ ਪੰਜਾਬੀ ਦੇ ਵਿਰੁੱਧ ਬੜੀ ਕਾਂਵਾਂ ਰੌਲ਼ੀ ਸੁਣ ਰਿਹਾਂ, ਪਰ ਸੁਣੋ! ਮੈਂ ਲਿਖਿਆ ਏ :-

**ਏਥੇ ਬੋਲੀ ਪੰਜਾਬੀ ਓਈ ਬੋਲੀ ਜਾਏਗੀ,**
**ਹਿੰਦੀ ਉਰਦੂ ਕਿਤਾਬਾਂ ਵਿੱਚ ਛਣਦੀ ਰਹੇਗੀ।**
**ਭਾਵੇਂ ਲੱਖ ਇਹਦੇ ਵੈਰੀ ਹੋਣ ਪੈਦਾ,**
**ਦਿਨੋਂ ਦਿਨ ਇਹਦੀ ਸ਼ਕਲ ਬਣਦੀ ਰਹੇਗੀ।**
**ਮੈਂ ਇਹਦਾ ਪੁੱਤ ਹਾਂ ਇਹਦੇ ਤੋਂ ਦੁੱਧ ਮੰਗਾਂ,**
**ਇਹ ਦੀ ਦੁੱਧ ਦੇ ਨਾਲ ਛਾਤੀ ਤਣਦੀ ਰਹੇਗੀ।**
**ਓਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,**
**ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।**

ਉਸਤਾਦ ਹੋਰਾਂ ਦੇ ਮੂੰਹੋਂ ਕਿਸ਼ੋਰ ਅਵਸਥਾ ਵਿੱਚ ਸੁਣੀਆਂ ਇਹਨਾਂ ਸਤਰਾਂ ਨੇ ਮੈਨੂੰ ਆਪਣੀ ਮਾਂ ਬੋਲੀ ਦਾ ਪੱਲਾ ਘੁੱਟ ਕੇ ਫੜਣ ਦਾ ਤਰਾਣ ਬਖ਼ਸ਼ਿਆ ਏ। ਲਾਹੌਰ ਇਸ



Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਦੇ ਅਨੇਕਾਂ ਅਲਬੇਲੇ, ਮਸਤ ਕਲੰਦਰ, ਸੂਫ਼ੀ ਸੰਤਾਂ, ਪੰਜਾਬੀ ਸ਼ਾਇਰਾਂ ਦਾ ਸ਼ਹਿਰ ਹੈ।

ਇਕ ਗੱਲ ਦਾ ਹੋਰ ਇਥੇ ਅਫਸੋਸ ਹੋਇਆ। ਪਾਕਿਸਤਾਨ ਦੀ ਸਰਕਾਰ ਨੇ ਕੌਮੀ ਆਜ਼ਾਦੀ ਲਹਿਰ ਵੇਲੇ ਸ਼ਹੀਦ ਹੋਣ ਵਾਲੇ ਪੰਜਾਬੀਆਂ ਕਰਤਾਰ ਸਿੰਘ ਸਰਾਭਾ ਸਮੇਤ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ, ਕੋਈ ਵੀ ਯਾਦਗਾਰ ਇਥੇ ਨਹੀਂ ਬਣਾਈ ਅਤੇ ਨਾ ਹੀ ਉਹਨਾਂ ਨਾਲ ਜੁੜੀਆਂ ਇਤਿਹਾਸਿਕ ਥਾਂਵਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਦੋ ਕੌਮਾਂ ਦੇ ਸਿਧਾਂਤ ਦੀ ਭੇਟ ਚੜ੍ਹ ਗਏ ਹਨ ਸਾਡੇ ਇਹ ਸਾਂਝੇ ਸ਼ਹੀਦ। ਲਾਹੌਰ ਵਿੱਚ ਭਗਤ ਸਿੰਘ ਹੋਰਾਂ ਨਾਲ ਸੰਬੰਧਿਤ ਬਰੈਡਲਾ ਹਾਲ, ਨੈਸ਼ਨਲ ਕਾਲਜ, ਡੀ.ਏ.ਵੀ.ਕਾਲਜ, ਕਈ ਲਾਇਬ੍ਰੇਰੀਆਂ, ਪੁਲੀਸ ਥਾਣੇ, ਕਚੈਹਰੀਆਂ, ਸੈਂਟਰਲ ਜੇਲ੍ਹ ਆਦਿ ਕਾਫੀ ਕੁਝ ਹੈ। ਜਦੋਂ ਪੰਜਾਬੀਅਤ ਦੀ ਭਾਵਨਾ ਹੱਦਾਂ ਤੋੜ ਦੇਵੇਗੀ ਉਦੋਂ ਇਸ ਸੰਬੰਧ ਵਿੱਚ ਹੋਏ ਨੁਕਸਾਨ 'ਤੇ ਹੱਥ ਮਲਣ ਤੋਂ ਇਲਾਵਾ ਹੋਰ ਕੁਝ ਲੱਭਣਾ ਨਹੀਂ। ਪਾਕਿਸਤਾਨ ਵਿਚਲੇ ਪੰਜਾਬੀ ਪਿਆਰਿਆਂ ਅਦੀਬਾਂ ਦਾ ਇਸ ਸਾਂਝੀ ਵਿਰਾਸਤ ਨੂੰ ਸਾਂਭਣ ਬਾਰੇ ਉਦਮ ਵੇਲੇ ਦੀ ਲੋੜ ਹੈ। ਵੈਸੇ ਇਕ ਪਾਕਿਸਤਾਨੀ ਪੰਜਾਬੀ ਸ਼ਾਇਰ ਤਾਰਿਕ ਮਸੂਦ ਦੀਆਂ ਹੇਠਲੀਆਂ ਤੁਕਾਂ ਇਸ ਮਸਲੇ ਵੱਲ ਵੀ ਝਾਤ ਪਾਉਂਦੀਆਂ ਹਨ :-

**ਆਓ ਅੱਜ ਇਕ ਸੌਦਾ ਕਰੀਏ,**
**ਤੁਸੀਂ ਆਪਣੇ ਗਜ਼ਨਵੀ ਲੈ ਲਓ।**
**ਬਾਬਰ ਲੈ ਲਓ।**
**ਸਾਰੇ ਧਾੜੂ ਜਾਬਰ ਲੈ ਲਓ।**
**ਸਾਨੂੰ ਸਾਡੇ ਮਿਰਜ਼ੇ ਦੇ ਦਿਓ, ਦੁੱਲੇ ਦੇ ਦਿਓ।**
**ਵਾਰਿਸ ਸ਼ਾਹ ਤੇ ਬੁੱਲੇ ਦੇ ਦਿਓ।**

ਗੁਰੂ ਅਰਜਨ ਜੀ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਸਾਈਂ ਮੀਆਂ ਮੀਰ ਦੀ ਦਰਗਾਹ, ਉਹਨਾਂ ਦੇ ਨਾਂ 'ਤੇ ਹੀ ਬਣੇ ਹਜ਼ਰਤ ਮੀਆਂ ਮੀਰ ਰੇਲਵੇ ਸਟੇਸ਼ਨ ਅਤੇ ਉਸਦੇ ਨਾਲ ਹੀ ਫੌਜ ਦੀ ਛਾਵਣੀ ਵਿੱਚ ਸੀ, ਇਸ ਲਈ ਉਥੇ ਜਾਣ ਦੀ ਵੀ ਆਗਿਆ ਨਹੀਂ ਮਿਲ ਸਕਦੀ ਸੀ। ਸੂਫ਼ੀ ਫਕੀਰ ਸ਼ਾਹ ਹੁਸੈਨ ਵੀ ਤਾਂ ਲਾਹੌਰ ਦੀ ਖਾਸ ਪਹਿਚਾਣ ਏ, ਉਹ ਸ਼ਾਹ ਹੁਸੈਨ ਜੋ ਸਦਾ ਸੱਜਣਾਂ ਦੀ ਉਡੀਕ ਵਿੱਚ ਰਹਿੰਦਾ ਹੈ:--

**ਸੱਜਣ ਬਿਨੁ ਰਾਤੀਂ ਹੋਈਆਂ ਵੱਡੀਆਂ,**
**ਮਾਸ ਝੜੇ ਝੜ ਪਿੰਜਰ ਹੋਇਆ**
**ਖੜਕਣ ਲੱਗੀਆਂ ਹੱਡੀਆਂ।**
**..............................**
**ਕਹੇ ਹੁਸੈਨ ਫਕੀਰ ਸਾਈਂ ਦਾ,**



Sri Satguru Jagjit Singh Ji eLibrary NamdhariElibrary@gmail.com

ਬਿਰਹੂੰ ਤਣਾਂਵਾਂ ਗੱਡੀਆਂ।

ਪਿਛਲੇ ਪਹਿਰ ਫਿਰ ਸ਼ਾਹੀ ਮਸਜਿਦ ਦੇ ਵਿਸ਼ਾਲ ਅਹਾਤੇ ਵਿੱਚ ਇਕ ਚੱਕਰ ਲਾਇਆ। ਕਿਲ੍ਹੇ ਦੇ ਆਲਮਗੀਰੀ ਦਰਵਾਜ਼ੇ ਅੱਗੇ ਖਲੋਕੇ ਉਹਨਾਂ ਮੁਸਾਫ਼ਰਾਂ ਨੂੰ ਸਲਾਮ ਆਖੀ ਜਿਨ੍ਹਾਂ ਦੇ ਕਾਫ਼ਲੇ ਹਜ਼ਾਰਾਂ ਸਾਲਾਂ ਤੋਂ ਇਸ ਕਿਲ੍ਹੇ ਦੇ ਬੂਹੇ ਅੱਗੇ ਆ ਕੇ ਰੁਕਦੇ ਰਹੇ ਸਨ। ਵਾਹਵਾ ਹਨੇਰਾ ਸੀ ਜਦੋਂ ਅਸੀਂ ਆਪਣੀ ਗੁਫ਼ਾਨੁਮਾ ਰਿਹਾਇਸ਼ ਵਿੱਚ ਜਾ ਕੇ ਬੈਠੇ ਹੀ ਸਾਂ। ਬਾਹਰੋਂ ਕੋਈ ਸੱਦ ਰਿਹਾ ਸੀ। ਇਹ ਆਸ਼ਕ ਬੱਢਾ ਸੀ ਅਤੇ ਨਾਲ ਉਸਦੇ ਉੱਚਾ ਲੰਮਾ ਛੀਟਕਾ ਜਿਹਾ ਉਸਦਾ ਬੇਟਾ ਸੀ ਜੋ ਇਥੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਦਾ ਸੀ। ਬੱਢੇ ਹੋਰਾਂ ਨਾਲ ਵਾਹਵਾ ਰੌਣਕ ਬਣ ਜਾਂਦੀ ਏ। ਪਾਕਿਸਤਾਨ ਵਿੱਚ ਜਿਵੇਂ ਕੋਈ ਖ਼ਾਸ ਆਪਣਾ ਈ ਬੰਦਾ ਹੋਵੇ। ਉਂਜ ਤੇ ਇੱਥੋਂ ਦੇ ਅਦੀਬਾਂ ਅਤੇ ਆਮ ਲੋਕਾਂ ਦਾ ਹਿਰਦਾ ਦੋਸਤੀ ਦੇ ਨਿੱਘ ਨਾਲ ਸਰੋਬਾਰ ਹੁੰਦਾ ਹੈ। ਅਸਪਾਲ ਜੀ ਨੇ ਅੱਜ ਦਿਨੇ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਇਕ ਸ਼ਬਦ ਦਾ ਗਾਇਨ ਕਰਕੇ ਆਪਣੀ ਹਾਜ਼ਰੀ ਲੁਆਈ।

ਇਥੇ ਕੀਰਤਨ ਭਾਈ ਲਾਲ, ਭਾਈ ਗਾਮ ਅਤੇ ਉਹਨਾਂ ਦੇ ਬੱਚੇ ਕਰਦੇ ਹਨ। ਇਹ ਮਰਦਾਨੇ ਕੇ ਹਨ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਚਾਂਦ ਦੇ ਪਰਿਵਾਰ ਵਿੱਚੋਂ ਹਨ। ਭਾਈ ਲਾਲ ਤਾਂ ਛੀਟਕਾ ਜਿਹਾ, ਪਰ ਭਾਈ ਗਾਮ ਕੁਝ ਭਰਵੇਂ ਸਰੀਰ ਵਾਲਾ ਹੈ। ਪਜਾਮਾ ਅੰਮ੍ਰਿਤਸਰੀ, ਕੁਰਤਾ ਅਤੇ ਸਿਰ 'ਤੇ ਗੁਰਮੁਖੀ ਸਫ਼ੈਦ ਦਸਤਾਰ ਇਹ ਉਹਨਾਂ ਹਜ਼ੂਰੀ ਰਾਗੀਆਂ ਦਾ ਪਹਿਰਾਵਾ ਹੈ। ਜਿਨ੍ਹਾਂ ਦਾ ਪੁਰਾਤਨ ਰਾਗਾਂ ਵਿੱਚ ਕੀਤਾ ਹੋਇਆ ਕੀਰਤਨ ਅਜੇ ਵੀ ਇਲਾਹੀ ਰੰਗਣ ਵਿੱਚ ਪੁਚਾਉਣ ਦੇ ਸਮਰੱਥ ਹੈ। ਮੇਰੇ ਪੁੱਛਣ 'ਤੇ ਭਾਈ ਗਾਮ ਹੋਰਾਂ ਦੱਸਿਆ ਕਿ ਉਹ ਅਨੇਕਾਂ ਵੇਰ, ਭੈਣੀ ਸਾਹਿਬ ਮਹਾਰਾਜ ਪ੍ਰਤਾਪ ਸਿੰਘ ਜੀ ਪਾਸ ਕੀਰਤਨ ਕਰਨ ਜਾਇਆ ਕਰਦੇ ਸਨ। ਉਹਨਾਂ ਵਰਗੇ ਕੀਰਤਨ, ਰਾਗ ਅਤੇ ਸੰਗੀਤ ਦੇ ਕਦਰਦਾਰ ਹੁਣ ਕਿੱਥੇ ਹਨ? ਮੈਂ ਉਹਨਾਂ ਨੂੰ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਉਸੇ ਪਿਤਾ-ਪੁਰਖੀ ਪਰੰਪਰਾ ਨੂੰ ਪੂਰੀ ਸ਼ਾਨ ਨਾਲ ਕਾਇਮ ਰੱਖ ਰਹੇ ਹਨ। ਉਹ ਪੁਰਾਤਨ ਰਾਗਾਂ ਦੀਆਂ ਬਹੁਤ ਸਾਰੀਆਂ ਗੀਤਾਂ, ਬੰਦਸ਼ਾਂ ਅਤੇ ਹੋਰ ਸਾਂਭਣ ਯੋਗ ਰਵਾਇਤਾਂ ਨੂੰ ਆਪਣੇ ਬੱਚਿਆਂ ਨੂੰ ਸਿਖਾ ਰਹੇ ਹਨ। ਉਹਨਾਂ ਦੇ ਸਿਖਾਏ ਹੋਏ ਕਈ ਬੱਚੇ ਹੁਣ ਕੌਮਾਂਤਰੀ ਪ੍ਰਸਿੱਧੀ ਦੇ ਸੰਗੀਤ ਆਚਾਰੀਆ ਬਣ ਚੁੱਕੇ ਹਨ ਅਤੇ ਭਾਰਤ ਦੇ ਸਾਰੇ ਹੀ ਉੱਚ ਕੋਟੀ ਦੇ ਰਾਗ ਵਿੱਦਿਆ ਦੇ ਉਸਤਾਦ ਉਹਨਾਂ ਦੇ ਦਰਬਾਰ ਦੀ ਹਾਜ਼ਰੀ ਭਰ ਕੇ ਗਰਵਿਤ ਮਹਿਸੂਸ ਕਰਦੇ ਹਨ। ਭਾਈ ਗਾਮ ਕਹਿ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਵਾਲੇ ਤਾਂ ਉਹਨਾਂ ਨੂੰ ਗੁਰਪੁਰਬ ਦੇ ਦਿਨਾਂ ਵਿੱਚ ਵੀ ਏਥੇ ਚੱਜ ਨਾਲ ਕੀਰਤਨ ਨਹੀਂ ਕਰਨ ਦਿੰਦੇ। ਉਨ੍ਹਾਂ ਦੀ ਪੁਸ਼ਤ ਪਨਾਹੀ ਤੇ ਉਨ੍ਹਾਂ ਕੀ ਕਰਨੀ ਹੈ। ਹਾੜ ਜਾਵੇ ਸਿਆਲ ਉਹ ਬਿਨਾਂ ਨਾਗਾ, ਏਥੇ ਗੁਰਦੁਆਰਾ ਡੇਹਰਾ ਸਾਹਿਬ ਵਿੱਚ, ਸੁਬ੍ਹਾ ਸ਼ਾਮ ਦੋਵੇਂ ਵੇਲੇ ਪੰਜਵੇਂ ਸਤਿਗੁਰੂ ਦੇ



Sri Satguru Jagjit Singh Ji eLibrary NamdhariElibrary@gmail.com

ਦਰਬਾਰ ਵਿੱਚ ਕੀਰਤਨ ਕਰਨ ਆਉਂਦੇ ਹਨ। ਸਵੇਰੇ ਆਸਾ ਦੀ ਵਾਰ ਦੀ ਚੌਕੀ ਵੀ ਉਹ ਹੀ ਭਰਦੇ ਹਨ। "ਗੁਜ਼ਾਰਾ ਕਿਵੇਂ ਚੱਲਦਾ ਹੈ?" ਦੇ ਜੁਆਬ ਵਿੱਚ ਉਹਨਾਂ ਕਿਹਾ ਭਾਵੇਂ ਕਮੇਟੀ ਸਾਡਾ ਧਿਆਨ ਨਹੀਂ ਰੱਖਦੀ ਪਰ ਗੁਰੂ ਬੜਾ ਬਿਅੰਤ ਹੈ, ਕਦੀ ਉਹ ਕਿਸੇ ਇਕੱਲੇ ਸਿੱਖ ਨੂੰ ਪ੍ਰੇਰਕੇ ਹੀ, ਉਸ ਤੋਂ ਸਾਡੀ ਵਰ੍ਹੇ ਛਿਮਾਹੀ ਦੀ ਖ਼ਰਚੀ ਦਾ ਪ੍ਰਬੰਧ ਕਰਵਾ ਦਿੰਦਾ ਹੈ। ਏਸ ਦਰਬਾਰ ਵਿੱਚ ਭਾਵੇਂ ਕੋਈ ਘਾਟਾ ਨਹੀਂ ਪਰ ਫਿਰ ਵੀ ਓਧਰ ਜਾ ਕੇ ਕੁਝ ਸਾਡੇ ਲਈ ਵੀ ਰੌਲ਼ਾ-ਗੌਲ਼ਾ ਪਾਇਆ ਜੇ। ਜੇ ਭਲਾ ਕਮੇਟੀ ਵਾਲਿਆਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਵੇ ਤੇ ਉਹ ਸਾਡੇ ਮਰਦਾਨੇ ਕਿਆਂ ਬਾਰੇ ਵੀ ਕੁਝ ਸੋਚ ਕੇ, ਕੁਝ ਠੋਸ ਸਹਾਇਤਾ ਸਾਨੂੰ ਪੁਚਾਉਣ ਦਾ ਮੁੱਢ ਬੰਨ੍ਹਣ ਤੇ ਭਾਵੇਂ ਇਹ ਸਭ ਕੰਮ ਖਾਲਸੇ ਦੀ ਤੀਜੀ ਸ਼ਤਾਬਦੀ ਦੇ ਵਰ੍ਹੇ ਵਿੱਚ ਹੀ ਹੋ ਜਾਵੇ। ਇਕ ਡੂੰਘੀ ਤਸੱਲੀ ਤੋਂ ਬਾਅਦ ਮੈਂ ਤੇ ਅਸਪਾਲ ਇਹਨਾਂ ਗੁਰੂ ਪਿਆਰਿਆਂ ਤੋਂ ਨਿੱਖੜੇ। ਉਹਨਾਂ ਨੂੰ ਇਹ ਵੀ ਗਿਲਾ ਸੀ ਕਿ ਸਾਡੀ ਸਾਂਭ ਸੰਭਾਲ ਠੀਕ ਨਾ ਹੋਣ ਸਦਕਾ, ਹੁਣ ਅਸੀਂ ਆਪਣੀ ਔਲਾਦ ਵਿਚੋਂ ਕਿਸੇ ਨੂੰ ਵੀ, ਗੁਰਬਾਣੀ ਦੇ ਕੀਰਤਨ ਵੱਲ ਕਿਵੇਂ ਪਰੇਰ ਸਕਦੇ ਹਾਂ।

ਮਾਂਗਾ ਜ਼ਿਲ੍ਹਾ ਲਾਹੌਰ ਦਾ ਇਕ ਬਜ਼ੁਰਗ ਮੁਸਲਮਾਨ ਉਸਦੇ ਪਿੰਡ ਵਿੱਚੋਂ ਜੇ ਕੋਈ ਆਇਆ ਹੋਵੇ ਮਿਲਣਾ ਚਾਹੁੰਦਾ ਸੀ। ਮੈਂ ਉਹਨੂੰ ਦੱਸਿਆ ਪਈ ਮੇਰੇ ਪਿੰਡ ਕਰੀਵਾਲੇ ਦਾ ਸਰਪੰਚ ਬੂਟਾ ਸਿੰਘ ਮਾਂਗੇ ਦੇ ਹੀ ਖੰਭਾਂ ਦੇ ਪਰਿਵਾਰ ਵਿਚੋਂ ਹੈ। ਪਿੰਡ ਦੇ ਹੋਰ ਮੰਗਈਆਂ ਦੇ ਬਜ਼ੁਰਗਾਂ ਤੋਂ ਵੀ ਉਹ ਜਾਣੂ ਸੀ।

ਸੱਤ ਨਵੰਬਰ, ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦਾ ਦਿਨ ਅਸੀਂ ਲਾਹੌਰ ਦੇ ਬਾਜ਼ਾਰਾਂ ਦੀ ਸੈਰ ਕਰਦਿਆਂ ਹੀ ਬਿਤਾਇਆ। ਗੁਰਦਾਸ ਸਿੰਘ ਘਾਰੂ ਨੇ ਕੁਝ ਵਸਤਾਂ ਖ਼ਰੀਦਣੀਆਂ ਸਨ। ਮੈਂ ਉਸ ਨੂੰ ਨਾਲ ਲੈ ਕੇ ਭਾਈ ਤਾਰੂ ਸਿੰਘ ਅਤੇ ਸਿੰਘਣੀਆਂ ਦੇ ਸ਼ਹੀਦ ਗੰਜਾਂ ਦੀ ਯਾਤਰਾ ਕਰਨ ਨਿਕਲ ਪਿਆ। ਪਹਿਲਾਂ ਦੋ ਤਿੰਨ ਕਿਲੋਮੀਟਰ ਲੰਡੇ ਬਾਜ਼ਾਰ ਵਿੱਚੋਂ ਹੀ ਹੋ ਕੇ ਜਾਣਾ ਪਿਆ। ਬਾਜ਼ਾਰ ਦੇ ਇਕ ਹਿੱਸੇ ਵਿੱਚ ਸੀਵਰੇਜ ਦਾ ਪਾਣੀ ਓਵਰ ਫਲੋ ਹੋ ਗਿਆ ਸੀ। ਦੁਕਾਨਦਾਰਾਂ ਨੇ ਇਹ ਜਾਣਕੇ ਕਿ ਅਸੀਂ ਅੱਗੇ ਤਾਰੂ ਸਿੰਘ ਦੇ ਗੁਰਦੁਆਰੇ ਵੱਲ ਜਾਣਾ ਚਾਹੁੰਦੇ ਸਾਂ, ਸਾਨੂੰ ਦੋ ਨੌਜਵਾਨ ਮੁੰਡੇ ਅਗਵਾਨੀ ਲਈ ਦੇ ਦਿੱਤੇ ਕਿ ਉਹ ਸਾਨੂੰ ਸੁੱਕੀਆਂ ਗਲੀਆਂ ਵਿੱਚੋਂ ਹੀ ਲੰਘਾ ਕੇ ਉਧਰ ਪਹੁੰਚਾ ਦੇਣ। ਇਹਨਾਂ ਗਲੀਆਂ ਵਿੱਚ ਹੀ ਤੇ ਵਸਦਾ ਏ ਅਸਲੀ ਲਾਹੌਰ। ਬੜੀਆਂ ਸੌੜੀਆਂ ਸਨ ਇਹ ਗਲੀਆਂ। ਕਿਤੇ ਕਿਤੇ ਨਵੀਂ ਉਸਾਰੀ ਹੋ ਰਹੀ ਸੀ। ਪੁਰਾਣੀਆਂ ਨਾਨਕ ਸ਼ਾਹੀ ਇੱਟਾਂ ਦੇ ਸਦੀਆਂ ਪੁਰਾਣੇ ਮਕਾਨ ਢਾਹੇ ਜਾ ਰਹੇ ਸਨ। ਚੂਨੇ ਗੱਚ ਇਮਾਰਤਾਂ ਡਾਟਾਂ ਵਾਲੀਆਂ ਦੀ ਥਾਂ ਸਰੀਆ ਸੀਮੇਂਟ ਤੇ ਲੈਂਟਰ ਲੈ ਰਹੇ ਸਨ। ਇਥੋਂ ਲਾਹੌਰ ਦੀ ਪੁਰਾਤਨਤਾ ਦਾ ਅੰਦਾਜਾ ਵੀ ਸੌਖਿਆਂ ਹੀ ਲਾਇਆ ਜਾ ਸਕਦਾ ਸੀ। ਇਕ ਦੋ ਵੇਰ ਭੀੜੀਆਂ ਗਲੀਆਂ ਅਜਨਬੀ ਨੌਜੁਆਨਾਂ ਨੂੰ ਵੇਖ ਕੇ ਐਵੇਂ 1947 ਚੇਤੇ ਆ



Sri Satguru Jagjit Singh Ji eLibrary NamdhariElibrary@gmail.com

ਜਾਂਦਾ ਸੀ, ਜਦੋਂ ਇਹੋ ਗਲੀਆਂ ਹਿੰਦੂ ਸਿੱਖਾਂ ਦੇ ਖ਼ੂਨ ਵਿੱਚ ਰੰਗੀਆਂ ਗਈਆਂ ਸਨ। ਪਰ ਇਹ ਬੰਦੇ ਦਾ ਦੋਸ਼ ਥੋਹੜਾ ਸੀ ਇਹ ਤੇ ਮਜ਼੍ਹਬੀ ਜਨੂੰਨ ਸੀ, ਜਿਹਦੇ ਬਾਰੇ ਗੋਧਾ ਸਿੰਘ ਹੋਰਾਂ ਲਿਖਿਆ ਸੀ :-

ਲਾ ਮੁਆਤੇ ਮਜ਼੍ਹਬ ਨੇ ਦਿਤੇ ਲੋਕੀਂ ਸਾੜ।
ਸੂਲੀ ਗੱਡ ਤਅੱਸਬ ਦੀ ਉੱਤੇ ਦਿਤੇ ਚਾੜ੍ਹ।
ਉੱਤੇ ਦਿੱਤੇ ਚਾੜ੍ਹ, ਕੁੱਤਿਆਂ ਵਾਂਗੂੰ ਲੜਦੇ।
ਵੇਦ ਗ੍ਰੰਥ ਕੁਰਾਨ ਕਤੇਬਾਂ, ਜਿਉਂ-ਜਿਉਂ ਪੜ੍ਹਦੇ।
ਕਹਿ ਗੋਧਾ ਸਿੰਘ 'ਜੱਟ' ਅੰਨ੍ਹੇ ਵਿੱਚ ਡਿੱਗੇ ਖਾਤੇ।
ਦਿੱਤੇ ਲੋਕਾਂ ਸਾੜ ਮਜ਼੍ਹਬ ਨੇ ਲਾ ਮੁਆਤੇ।

.......................................

ਨਾ ਜੜ੍ਹ ਇਸਦੀ ਵਿੱਚ ਪਤਾਲਾਂ, ਨਾ ਇਹ ਪਾਣੀ ਪੀਵੇ।
ਨਿਰਦੋਸ਼ਾਂ ਤੇ ਨੇਕ ਬੰਦਿਆਂ ਦੀ ਰੱਤ ਪੀ ਪੀ ਜੀਵੇ।
ਮੰਮਾ, ਜੱਜਾ, ਹਾਹਾ, ਬੱਬਾ, ਮਜ਼੍ਹਬ ਏਸੇ ਨੂੰ ਕਹਿੰਦੇ।
ਕੈਂਚੀ ਵਾਂਗ ਕੁਤਰਦਾ ਜਾਵੇ, ਸੂਈ ਵਾਂਗ ਨਾ ਸੀਵੇ।

ਅੱਗੇ ਫਿਰ ਬਾਜ਼ਾਰ ਆ ਗਿਆ, ਗਲੀ ਮੁੱਕ ਗਈ ਸੀ ਤੇ ਥੋਹੜਾ ਕੁ ਅਗਾਂਹ ਜਾ ਕੇ ਖੱਬੇ ਹੱਥ, ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਦੀ ਛੋਟੀ ਜਹੀ ਇਮਾਰਤ, ਵਾਹਵਾ ਖੁੱਲ੍ਹੇ ਵਿਹੜੇ ਵਿੱਚ ਖਲੋਤੀ ਸੀ। ਗੁਰਦੁਆਰੇ ਦੇ ਅਹਾਤੇ ਵਿੱਚ ਪ੍ਰਵੇਸ਼ ਕਰਦਿਆਂ ਹੀ ਸਿਮਰਤੀਆਂ ਵਿਚ ਉਕਰੇ ਸਿੱਖ ਸੂਰਵੀਰਾਂ ਦੇ ਜੁਝਾਰੂ ਰੋਮਾਂਸ ਨੇ ਮੇਰੇ ਮੂੰਹੋਂ ਬੁਲੰਦ ਆਵਾਜ਼ ਵਿੱਚ:--

ਬੋਲੇ ਸੋ ਨਿਹਾਲ।
ਸਤਿ ਸ੍ਰੀ ਅਕਾਲ।।

ਦਾ ਜੈਕਾਰਾ ਛੁਡਾ ਦਿੱਤਾ। ਇਸ ਦਾ ਜੁਆਬ ਦੇਣ ਵਾਲੇ ਗੁਰਦਾਸ ਸਿੰਘ ਘਾਰੂ ਹੋਰਾਂ ਤੋਂ ਇਲਾਵਾ ਦੋ ਤਿੰਨ ਦੁਆਬੀਏ ਸਿੰਘ ਤੇ ਬੀਬੀਆਂ ਸਨ ਜੋ ਸਾਥੋਂ ਪਹਿਲਾਂ ਇੱਥੇ ਪੁੱਜੇ ਹੋਏ ਸਨ। ਭਾਈ ਤਾਰੂ ਸਿੰਘ ਅਠਾਰ੍ਹਵੀਂ ਸਦੀ ਵਿੱਚ ਹੋਣ ਵਾਲੇ ਸ਼ਹੀਦ ਸਿੰਘਾਂ ਦੀ ਪਹਿਲੀ ਪਾਲ ਵਿੱਚ ਸ਼ਾਮਲ ਹਨ। ਉਹ ਸਿੱਖੀ ਸਿਦਕ ਦੇ ਪ੍ਰਤੀਕ ਹਨ। ਉਹਨਾਂ ਦੀ ਮਹਾਨ ਸ਼ਹਾਦਤ ਨਾਲ ਮੁਗ਼ਲ ਸੱਤਾ ਦਾ ਜ਼ਵਾਲ ਸ਼ੁਰੂ ਹੋ ਜਾਂਦਾ ਹੈ। ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਪੂਹਲੇ ਪਿੰਡ ਦੇ ਰਹਿਣ ਵਾਲੇ ਸਨ। ਖੇਤੀ ਬਾੜੀ ਕਰਕੇ ਆਪਣੇ ਪਰਿਵਾਰ ਜਿਸ ਵਿੱਚ ਬਿਰਧ ਮਾਤਾ ਅਤੇ ਇਕ ਅਣਵਿਆਹੀ ਭੈਣ ਦਾ ਜ਼ਿਕਰ ਹੈ, ਨਿਰਬਾਹ ਕਰਦੇ ਅਤੇ ਹਕੂਮਤੀ ਜ਼ਬਰ ਦਾ ਸ਼ਿਕਾਰ ਗੁਰੀਲੇ ਸਿੰਘਾਂ ਨੂੰ ਲੰਗਰ ਪਾਣੀ ਵੀ ਛਕਾਉਂਦੇ ਸਨ। ਇਸੇ ਦੋਸ਼ ਤਹਿਤ ਉਹਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਲਾਹੌਰ ਦੇ ਸੂਬੇ ਵੱਲੋਂ ਗ੍ਰਿਫ਼ਤਾਰ ਕਰਵਾ ਕੇ, ਆਪਣੇ ਸਾਹਮਣੇ ਮੌਤ ਜਾਂ ਇਸਲਾਮ ਵਿੱਚੋਂ ਇਕ ਚੁਨਣ ਲਈ ਕਿਹਾ ਗਿਆ। ਭਾਈ ਜੀ ਨੇ ਬੜੀ ਧੀਰਜ ਨਾਲ ਕਈ ਦਿਨ ਕਸ਼ਟ ਬਰਦਾਸ਼ਤ ਕਰਕੇ ਸ਼ਹੀਦੀ ਵਰੀ ਸੀ। ਛੋਟੇ ਹੁੰਦਿਆਂ ਸੋਹਣ ਸਿੰਘ ਸੀਤਲ ਹੋਰਾਂ ਦੇ ਢਾਡੀ ਪ੍ਰਸੰਗਾਂ ਵਿੱਚੋਂ ਗ੍ਰਿਫ਼ਤਾਰੀ ਸਮੇਂ ਸ਼ਹੀਦ ਦੀ ਭੈਣ ਅਤੇ ਮਾਤਾ ਦਾ ਸੰਵਾਦ, ਅਸੀਂ ਵਿਦਿਆਰਥੀ ਸ਼ਨੀਵਾਰ ਅੱਧੀ ਛੁੱਟੀ ਸਮੇਂ ਸੱਭਿਆਚਾਰਕ ਪ੍ਰੋਗਰਾਮਾਂ ਦੀ ਘੰਟੀ ਵਿੱਚ ਸੁਣਾਇਆ ਕਰਦੇ ਸਾਂ :-

**ਆਖਦੀ ਹੈ ਭੈਣ ਵੀਰ ਜ਼ਰਾ ਠਹਿਰ ਵੇ।**
**ਤੇਰੇ ਉੱਤੇ ਪਾਪੀਆਂ ਕ਼ਮਾਇਆ ਕਹਿਰ ਵੇ।**
**ਬੰਨ੍ਹ ਤੁਰੇ ਤੈਨੂੰ ਮਾਰ ਕੇ ਜੰਜ਼ੀਰ ਵੇ।**
**ਵੇਖੀਂ ਕਿਤੇ ਚਿੱਤ ਨਾ ਭੁਲਾਵੀਂ ਵੀਰ ਵੇ।**

ਮਾਤਾ ਦੀ ਸਿੱਖਿਆ ਸੀ ਕਿ ਜਦੋਂ ਬੰਦੇ ਨੇ ਇਕ ਵੇਰ ਹੀ ਆਪਣੀ ਉਮਰ ਭੋਗਣੀ ਹੈ ਤਾਂ ਫਿਰ ਉਹ ਸਵੈਮਾਨ ਨਾਲ ਕਿਉਂ ਨਾ ਭੋਗੇ :-

**ਦੁਨੀਆ 'ਤੇ ਬੱਚਾ ਦੂਜੀ ਵੇਰ ਆਉਣਾ ਨਹੀਂ।**

ਸਿੱਖ ਰਿਵਾਇਤ ਮੁਤਾਬਿਕ ਜਦੋਂ ਨਾਈ ਤੋਂ ਧੱਕੇ ਨਾਲ ਤਾਰੂ ਸਿੰਘ ਦੇ ਕੇਸ ਕਟਵਾਏ ਜਾਣ ਲੱਗੇ ਤਾਂ ਉਹ ਕੱਟੇ ਨਾ ਗਏ। ਫਿਰ ਸਣੇ ਕੇਸਾਂ ਦੇ ਉਹਨਾਂ ਦੀ ਖੋਪਰੀ ਮੋਚੀ ਬੁਲਾ ਕੇ ਰੰਬੀ ਨਾਲ ਲੁਹਾਈ ਗਈ। ਬਿਨਾਂ ਖੋਪਰੀ ਤੋਂ ਹੀ ਕਈ ਦਿਨ ਉਹ ਆਪਣੀ ਉੱਚ ਆਤਮਿਕ ਅਵਸਥਾ ਸਦਕਾ ਇਲਾਹੀ ਰੰਗਣਾਂ ਵਿੱਚ ਰੰਗੇ ਰਹੇ। ਇਸੇ ਸਮੇਂ ਦੌਰਾਨ ਸੂਬੇ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਵੈਦਾਂ ਹਕੀਮਾਂ ਤੋਂ ਲਾਚਾਰ ਹੋ ਕੇ ਉਹਨੇ ਲਾਹੌਰ ਦੀ ਸਿੱਖ ਸੰਗਤ ਤੋਂ ਉਸਦੇ ਗੁਨਾਹ ਦੀ ਤਲਾਫੀ ਦੀ ਮੰਗ ਕੀਤੀ। ਸੰਗਤ ਨੇ ਕਿਹਾ ਕਿ ਇਕੋ ਰਸਤਾ ਹੈ ਪੇਸ਼ਾਬ ਖੁੱਲ੍ਹਣ ਦਾ"ਭਾਈ ਤਾਰੂ ਸਿੰਘ ਦੀ ਜੁੱਤੀ ਤੇਰੇ ਸਿਰ ਵੱਜੇਗੀ ਤਾਂ ਪੇਸ਼ਾਬ ਆ ਜਾਏਗਾ।" ਇਉਂ ਹੀ ਕੀਤਾ ਗਿਆ ਅਤੇ ਇਸ ਤਰਾਂ ਭਾਈ ਤਾਰੂ ਸਿੰਘ ਹੋਰਾਂ ਦਾ ਉਹ ਅਹਿਦ ਵੀ ਪੂਰਾ ਹੋ ਗਿਆ ਕਿ ਹੰਕਾਰੀ ਸੂਬੇ ਤੈਨੂੰ ਜੁੱਤੀ ਅੱਗੇ ਲਾ ਕੇ ਲੈ ਕੇ ਜਾਣਾ ਹੈ। ਇਸ ਕਥਾ ਦੁਆਰਾ ਸਿੱਖ ਮਾਨਸਿਕਤਾ ਵਿੱਚ ਆਪਣੀਆਂ ਵਕਤੀ ਹਾਰਾਂ ਉੱਤੇ ਚੜ੍ਹਦੀ ਕਲਾ ਦੀ ਮੋਹਰ ਲਾਈ ਗਈ ਹੈ।

ਰਤਨ ਸਿੰਘ ਭੰਗੂ ਆਪਣੇ "ਪ੍ਰਾਚੀਨ ਪੰਥ ਪ੍ਰਕਾਸ਼" ਵਿੱਚ ਤਾਰੂ ਸਿੰਘ ਹੋਰਾਂ ਬਾਰੇ ਇਉਂ ਲਿਖਦੇ ਹਨ, ਜਿਸ ਵਿੱਚ ਸਿੱਖ ਫ਼ਲਸਫ਼ੇ ਦੀ ਵਿਲੱਖਣ ਹੋਂਦ ਦਾ ਗਿਆਨ ਵੀ ਹੁੰਦਾ ਹੈ।:--

**ਪੂਲੋ ਪਿੰਡ ਇਕ ਮਾਝੇ ਮਾਹੀ।**
**ਤਾਰੂ ਸਿੰਘ ਤਹਿੰ ਖੇਤੀ ਕਰੇ।**



Sri Satguru Jagjit Singh Ji eLibrary NamdhariElibrary@gmail.com

ਸਾਥ ਪਿੰਡ ਵਹਿ ਹਾਲਾ ਭਰੇ।
ਦੇਹ ਹਾਕਮ ਕਛੁ ਥੋੜਾ ਖਾਵੈ।
ਬਚੇ ਸਿੰਘਨ ਕੇ ਪਾਸ ਪੁਚਾਵੈ।
ਹੈ ਉਸ ਕੀ ਇਕ ਭੈਣ ਅਰ ਮਾਈ।
ਪੀਸ ਕੂਟ ਵੈ ਕਰੈਂ ਕਮਾਈ।
ਆਪ ਖਾਇ ਵਹਿ ਰੂਖੀ ਮਿੱਸੀ।
ਮੋਟਾ ਪਹਿਰ ਆਪ ਰਹਿ ਲਿੱਸੀ।
ਜੋਊ ਬਚੇ ਸੋ ਸਿੰਘਨ ਦੇਵੈ।
ਉਇ ਬਿਨ ਸਿੰਘਨ ਔਰ ਨ ਸੇਵੈ।
ਬਾਂਗ ਸਲਾਤ ਸੁਣ ਮੂੰਦੇ ਕਾਨ।
ਰੋਟੀ ਸ਼ੀਰਨੀ ਪੀਰ ਨ ਖਾਨ।
ਸ਼ਬਦ ਚੌਕੀ ਗੁਰ ਅਪਨੇ ਕੀ ਕਰੇ।
ਸੋ ਮਰਨ ਤੇ ਨੈਕ ਨ ਡਰੇ।
ਗੰਗਾ ਜਮੁਨਾ ਨਿਕਟ ਨ ਜਾਵੈ।
ਅਪਨੇ ਗੁਰ ਕੀ ਛੱਪੜੀ ਨਾਵੈ।
ਲਗਨ ਨਾਥ ਕੋ ਟੁੰਡਾ ਆਖੈ।
ਰਾਮ ਕਿਸ਼ਨ ਕੋ ਜਾਪ ਨੇ ਭਾਖੈ।

ਭਾਈ ਤਾਰੂ ਸਿੰਘ ਨੇ 1745 ਈ. ਵਿੱਚ ਸ਼ਹੀਦੀ ਪ੍ਰਾਪਤ ਕੀਤੀ ਅਤੇ ਇਸ ਤੋਂ ਵੀਹ ਕੁ ਸਾਲਾਂ ਬਾਅਦ, ਅਬਦਾਲੀ ਨੂੰ ਵੀ ਘੱਲੂਘਾਰੇ ਵਿੱਚ ਟੱਕਰ ਦੇ ਕੇ, ਸਿੱਖਾਂ ਨੇ ਆਪਣੀਆਂ ਬਾਰਾਂ ਮਿਸਲਾਂ ਸਥਾਪਿਤ ਕਰਕੇ, ਰਾਜ-ਭਾਗ ਦੀ ਨਿਸ਼ਾਨ-ਦੇਹੀ ਕਰਨੀ ਸ਼ੁਰੂ ਕਰ ਦਿੱਤੀ ਸੀ। ਪੰਜਾਬ ਦੇ ਇਤਿਹਾਸ ਉੱਤੇ ਇਸ ਸ਼ਹੀਦੀ ਦਾ ਯੁੱਗ-ਪਲਟਾਊ ਅਸਰ ਪਿਆ। ਇਸ ਲਈ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਦੇ ਦਰਸ਼ਨ ਕਰਕੇ, ਮੈਂ ਭਾਵਾ ਵੇਗ ਵਿੱਚ ਵਹਿ ਕੇ ਆਨੰਦ ਵਿਭੋਰ ਹੋ ਉੱਠਿਆ ਸਾਂ।

ਇਸ ਗੁਰਦੁਆਰੇ ਦੇ ਨਾਲ ਹੀ ਇਕ ਮਕਬਰਾ ਸੀ ਜਿਹੜਾ ਸਾਂਈ ਮੀਆਂ ਮੀਰ ਪ੍ਰਸਿੱਧ ਸੂਫ਼ੀ ਫ਼ਕੀਰ ਦੇ ਕਿਸੇ ਸਾਥੀ ਦਾ ਸੀ। ਅੰਗਰੇਜ਼ੀ ਰਾਜ ਸਮੇਂ ਇਸ ਮਕਬਰੇ ਅਤੇ ਗੁਰਦੁਆਰੇ ਦਾ ਕਾਫ਼ੀ ਝਗੜਾ ਰਿਹਾ ਸੀ, ਪਰ ਹੁਣ ਇਹ ਦੋਵੇਂ ਇਕੋ ਸਥਾਨ ਅਹਾਤੇ ਵਿੱਚ ਬੜੇ ਅਮਨ-ਅਮਾਨ ਨਾਲ ਖਲੋਤੇ ਸਨ। ਮੁਲਕ ਦੇ ਹਾਲਤ ਇਸ ਤਰਾਂ ਬਦਲਦੇ ਤਾਂ ਰਹਿੰਦੇ ਹਨ ਪਰ ਇਹ ਵੱਸੋਂ ਦੇ ਤਬਾਦਲੇ ਵਾਲੀ ਗੜਬੜ ਠੀਕ ਨਹੀਂ ਜਾਪਦੀ। ਪਾਕਿਸਤਾਨ ਵਿੱਚ ਕਿੰਨਾ ਕੁਝ ਹੈ ਜਿਹਨੂੰ ਅਸੀਂ ਵੇਖਣ ਲਈ ਤਾਂਘਦੇ ਰਹਿੰਦੇ ਹਾਂ ਅਤੇ ਇਉਂ ਹੀ ਸਾਡੇ ਵੱਲ



Sri Satguru Jagjit Singh Ji eLibrary NamdhariElibrary@gmail.com

ਉਹ ਕੁਝ ਹੈ ਜੋ ਪਾਕਿਸਤਾਨੀ ਨਿਵਾਸੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਹੇਗਾ। ਇਕ ਬਜ਼ੁਰਗ ਮੁਸਲਮਾਨ ਨੇ ਜਦੋਂ ਦੁਆਬੀਏ ਸਿੰਘ ਤੋਂ ਉਹਨਾਂ ਦਾ ਪਿੰਡ ਪੁੱਛਿਆ ਤਾਂ ਉਹ ਪਿੰਡ ਉਸਦੇ ਨਾਨਕਿਆਂ ਦਾ ਪਿੰਡ ਸੀ। ਜਿਸ ਦੀਆਂ ਗਲੀਆਂ ਵਿੱਚ ਉਸ ਤੁਰਨਾ ਸਿੱਖਿਆ ਸੀ। ਜਿਸਦੇ ਵਿਹੜਿਆਂ ਵਿੱਚ ਉਹ ਰਿੜ੍ਹਦਾ ਰਿਹਾ ਸੀ। ਉਸ ਬਜ਼ੁਰਗ ਦੀ ਚਿੱਟੀ ਦਾਹੜੀ ਅੱਥਰੂਆਂ ਨਾਲ ਧੋਤੀ ਗਈ ਸੀ। ਕੀ ਕਰੋਗੇ ਬਈ ਦੋ ਕੌਮਾਂ ਦੇ ਸਿਧਾਂਤ ਘੜਣ ਵਾਲਿਓ! ਇਹਨਾਂ ਅੱਥਰੂਆਂ ਦਾ, ਜੋ ਰੈਡ ਕਲਿੱਫ ਲਾਈਨ ਦੇ ਦੋਹੀਂ ਪਾਸੇ ਵਹਿ ਰਹੇ ਹਨ, ਅੱਧੀ ਸਦੀ ਬੀਤਣ ਬਾਅਦ ਵੀ ਤੇ ਪਤਾ ਨਹੀਂ ਹੋਰ ਕਿੰਨੀਆਂ ਅੱਧੀਆਂ ਜਾਂ ਪੂਰੀਆਂ ਸਦੀਆਂ ਤੱਕ ਵਹਿੰਦੇ ਰਹਿਣਗੇ। ਸ਼ਾਇਦ ਦੁਨੀਆ ਦੇ ਜ਼ਿਆਦਾ ਨੀਤੀਵਾਨ ਅਤੇ ਸਫਲ ਵਿਅਕਤੀ, ਅੱਥਰੂਆਂ ਦੀ ਭਾਸ਼ਾ ਨੂੰ ਸਮਝਣ ਵਿੱਚ ਅਸ਼ਫ਼ਲ ਹੁੰਦੇ ਹਨ।

ਔਕਾਫ਼ ਦਾ ਇਕ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਇਕ ਸੇਵਾਦਾਰ ਦੀ ਹਦਾਇਤ ਮੂਜਬ ਇਸ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾ ਰਿਹਾ ਸੀ। ਇਸੇ ਬਾਜ਼ਾਰ ਵਿੱਚ ਥੋਹੜਾ ਕੁ ਅੱਗੇ ਜਾ ਕੇ ਸੱਜੇ ਹੱਥ ਸਿੰਘਣੀਆਂ ਦਾ ਸ਼ਹੀਦ ਗੰਜ ਸੀ। ਜਿਹੜੀਆਂ ਬੀਬੀਆਂ ਨੂੰ ਅਠਾਰ੍ਹਵੀਂ ਸਦੀ ਦੇ ਇਸ ਕਾਲੇ ਦੌਰ ਵਿੱਚ ਹਕੂਮਤ ਦੀ ਸਖ਼ਤੀ ਦਾ ਸ਼ਿਕਾਰ ਹੋਣਾ ਪਿਆ ਸੀ। ਜਿਨ੍ਹਾਂ ਦੀ ਮਹਾਨ ਗਾਥਾ ਨੂੰ ਰੋਜ਼ਾਨਾ ਸਿੱਖ ਸੰਗਤ ਆਪਣੀ ਅਰਦਾਸ ਵਿੱਚ ਦੁਹਰਾਉਂਦੀ ਹੈ। ਇੱਥੇ ਵੀ ਇਕ ਔਕਾਫ਼ ਦਾ ਸੱਜਣ ਬੈਠਾ ਸੀ। ਇਸ ਗੁਰਦੁਆਰੇ ਵਿੱਚ ਇਕ ਵਾਹਵਾ ਵੱਡਾ ਖੂਹ ਵੀ ਸੀ ਅਤੇ ਕੁਝ ਕਮਰਿਆਂ ਦੀ ਨਵੀਂ ਉਸਾਰੀ ਦਾ ਕੰਮ ਇਥੇ ਵੀ ਚੱਲ ਰਿਹਾ ਸੀ। ਲਾਹੌਰ ਵਿੱਚ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਗੁਰਦੁਆਰਾ ਬਾਉਲੀ ਸਾਹਿਬ ਵੀ ਹੈ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਯਾਦ ਵਿੱਚ ਗੁਰਦੁਆਰਾ 'ਮੁਜੰਗ' ਵਿੱਚ ਹੈ, ਪਰ ਹੁਣ ਘੜੀ ਦੀਆਂ ਸੂਈਆਂ ਚਾਰ ਵੱਲ ਵਧ ਰਹੀਆਂ ਸਨ। ਇਸ ਲਈ ਸ਼ਹੀਦ ਗੰਜਾਂ ਤੋਂ ਬਾਅਦ ਫਿਰ ਬੱਸਾਂ 'ਤੇ ਚੜ੍ਹ ਕੇ ਸ਼ਾਹੀ ਕਿਲ੍ਹੇ ਪਾਸ ਉੱਤਰ ਕੇ ਡੇਹਰਾ ਸਾਹਿਬ ਗਏ ਅਤੇ ਇੱਥੋਂ ਦੇ ਪੰਜਾਬੀ ਪਿਆਰਿਆਂ ਨਾਲ ਮੁਲਾਕਾਤ ਦੀ ਉਡੀਕ ਕਰਨ ਲੱਗ ਪਏ। ਘੁੰਮਣ ਹੋਰਾਂ ਨੂੰ ਫੋਨ ਕੀਤਾ ਤਾਂ ਉਹਨਾਂ ਦਾ ਜੁਆਬ ਆਇਆ ਕਿ ਪੰਦਰਾਂ ਮਿੰਟਾਂ ਤੱਕ ਉਹਨਾਂ ਦੀ ਗੱਡੀ ਸਾਨੂੰ ਲੈਣ ਡੇਹਰਾ ਸਾਹਿਬ ਦੇ ਬਾਹਰ ਪੁੱਜ ਜਾਏਗੀ। ਅਸਪਾਲ ਸਾਥੋਂ ਖਰੀਦਦਾਰੀ ਕਾਰਨ ਨਿੱਖੜ ਗਿਆ। ਨਰਾਇਣ ਬਾਜਵਾ ਵੀ ਉਹਦੇ ਨਾਲ ਹੀ ਸੀ। ਪ੍ਰਿੰਸੀਪਲ ਸ਼ੇਰ ਸਿੰਘ ਸ਼ੇਰ, ਗੁਰਦਾਸ ਸਿੰਘ ਘਾਰੂ ਅਤੇ ਮੈਂ ਉਸ ਗੱਡੀ ਵਿੱਚ ਬੈਠ ਕੇ ਸਵਾ ਕੁ ਚਾਰ ਵਜੇ ਸ਼ਾਮ ਦੇ ਬਿਲਾਲ ਗੰਜ, 24, ਅਮੀਰ ਰੋਡ ਸਥਿਤ ਇਲੀਆਸ ਘੁੰਮਣ ਦੇ ਦਫ਼ਤਰ ਵਿੱਚ ਪੁੱਜ ਗਏ। ਜੋ ਕਿ ਗੁਰਦੁਆਰਾ ਡੇਹਰਾ ਸਾਹਿਬ ਤੋਂ 10 ਕੁ ਮਿੰਟਾਂ ਦਾ ਹੀ ਸਫ਼ਰ ਸੀ।

ਘੁੰਮਣ ਸਾਹਿਬ ਦਾ ਦਫ਼ਤਰ, ਉਹਨਾਂ ਦੁਆਰਾ ਛਾਪੀਆਂ ਪੰਜਾਬੀ ਪੁਸਤਕਾਂ



Sri Satguru Jagjit Singh Ji eLibrary NamdhariElibrary@gmail.com

ਅਤੇ ਰਸਾਲਿਆਂ ਨਾਲ ਭਰਿਆ ਪਿਆ ਸੀ। ਵੱਡੀ ਮੇਜ਼ ਦੇ ਗਿਰਦ ਵੀ ਤੇ ਕੰਧ ਨਾਲ ਡੱਠੀਆਂ ਕੁਰਸੀਆਂ ਤੇ ਪਾਕਿਸਤਾਨੀ ਪੰਜਾਬੀ ਪਿਆਰੇ ਰਚਨਾਕਾਰ ਸਜੇ ਹੋਏ ਸਨ। ਸਾਨੂੰ ਉਹਨਾਂ ਬੜੇ ਮਾਣ ਸਤਿਕਾਰ ਨਾਲ ਬੈਠਾਇਆ ਅਤੇ ਜਲ ਪਾਣੀ ਛਕਾਇਆ। ਬਾਅਦ ਵਿੱਚ ਚਾਹ ਅਤੇ ਮਠਿਆਈਆਂ ਵੀ ਚੱਲੀਆਂ। ਅਤੇ ਜਦੋਂ ਸਮਾਂ ਨਿੱਖੜਣ ਦਾ ਆਇਆ ਕੋਈ ਤਿੰਨ ਘੰਟਿਆਂ ਬਾਅਦ ਫਿਰ ਫਲੋਹਾਰ ਵੀ ਕਰਵਾਇਆ ਗਿਆ। ਦਫ਼ਤਰ ਦੇ ਕਮਰੇ ਦੀਆਂ ਸ਼ੈਲਫਾਂ 'ਤੇ ਹਿੰਦੁਸਤਾਨੀ ਪੰਜਾਬ ਦੇ ਬਹੁਤ ਸਾਰੇ ਅਦਾਰਿਆਂ ਵੱਲੋਂ, ਦਿੱਲੀ ਦੀਆਂ ਕੁਝ ਸੰਸਥਾਵਾਂ ਵੱਲੋਂ, ਘੁੰਮਣ ਹੋਰਾਂ ਨੂੰ ਵੱਖੋ ਵੱਖ ਸਮਿਆਂ ਵਿੱਚ ਭੇਟ ਕੀਤੇ ਗਏ ਯਾਦਗਾਰੀ ਚਿੰਨ੍ਹ ਚੋਖੀ ਗਿਣਤੀ ਵਿੱਚ ਪਏ ਸਨ, ਜੋ ਘੁੰਮਣ ਸਾਹਿਬ ਦੀ ਦੋਹਾਂ ਪੰਜਾਬਾਂ ਨੂੰ ਜੋੜਣ ਲਈ ਪੁਲ ਵਾਂਗ ਉੱਸਰੀ ਸ਼ਖ਼ਸੀਅਤ ਦੀ ਸ਼ਾਹਦੀ ਭਰ ਰਹੇ ਸਨ।

ਇਲੀਆਸ ਘੁੰਮਣ 35-36 ਵਰ੍ਹਿਆਂ ਦੀ ਉਮਰ ਦਾ ਗਭਰੇਟ ਏ। ਉਹ ਜੰਮਪਲ ਤੇ ਜ਼ਿਲ੍ਹੇ ਗੁੱਜਰਾਂਵਾਲੇ ਦਾ ਹੈ। ਪੇਸ਼ੇ ਵਜੋਂ ਇੰਜੀਨੀਅਰ, ਪਰ ਹੁਣ ਲੱਗਦਾ ਏ ਕਿ ਉਹਦਾ ਪੇਸ਼ਾ ਦੋਹਾਂ ਪੰਜਾਬਾਂ ਦੀ ਸਾਂਝ ਨੂੰ ਹੋਰ ਪੀਡਿਆਂ ਕਰਨਾ ਹੈ। ਉਹ ਪੰਜਾਬੀ ਜੁਬਾਨ ਦਾ ਸ਼ਾਹਮੁਖੀ ਲਿਪੀ ਵਿੱਚ ਇਕ ਪਰਚਾ 'ਰਵੇਲ' ਮਾਹਵਾਰੀ ਵੀ ਕੱਢਦਾ ਹੈ, ਜਿਹੜਾ ਕਿ ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਦੀਆਂ ਸਾਹਿਤਕ, ਸੱਭਿਆਚਾਰਕ ਤੇ ਹੋਰ ਸੂਚਨਾਵਾਂ ਲੋਕਾਂ ਤੱਕ ਪੁਚਾਉਣ ਦਾ ਇਕ ਮੁੱਖ ਪੱਤਰ ਬਣ ਚੁੱਕਿਆ ਹੈ। ਇਲੀਆਸ ਨੂੰ ਸਿੱਖ ਸਾਹਿਤ ਅਤੇ ਇਤਿਹਾਸ ਨਾਲ ਵੀ ਡੂੰਘੀ ਮੱਸ ਹੈ ਅਤੇ ਇਸ ਸੰਬੰਧੀ ਉਸਦਾ ਮੁਤਾਲਿਆ ਪ੍ਰਮਾਣਿਕ ਹੋ ਨਿਬੜਿਆ ਹੈ। ਉਹਦੇ ਯਤਨਾਂ ਨਾਲ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੇ ਅੱਖਰੀ ਦਰਸ਼ਨ, ਇਧਰ ਦੀਆਂ ਸੰਗਤਾਂ ਨੂੰ ਹੁੰਦੇ ਰਹਿੰਦੇ ਹਨ ਅਤੇ ਪਾਕਿਸਤਾਨ ਸਰਕਾਰ ਅਤੇ ਔਕਾਫ਼ ਵਾਲੇ ਉਹਨਾਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਲੱਗੇ ਹਨ। ਗੁਰਦੁਆਰਾ "ਸੱਚਾ ਸੌਦਾ", "ਚੂਹੜਕਾਣਾ" ਨੂੰ ਸੰਗਤ ਦੇ ਦਰਸ਼ਨਾਂ ਲਈ ਖੋਹਲਣਾ ਉਸਦੇ ਯਤਨਾਂ ਦਾ ਨਤੀਜਾ ਹੈ ਅਤੇ ਹੁਣ ਉਹ ਏਮਨਾਬਾਦ ਸਥਿਤ ਗੁਰਦੁਆਰਾ ਰੋੜੀ ਸਾਹਿਬ* ਬਾਰੇ ਕਾਫ਼ੀ ਸੰਜੀਦਾ ਹੈ ਕਿ ਸੰਗਤਾਂ ਇੱਥੇ ਵੀ ਪੁੱਜ ਸੱਕਣ। ਉਸਦੇ ਮਿੱਤਰ ਇਕਬਾਲ ਕੌਸਰ ਨੇ ਪਾਕਿਸਤਾਨ ਵਿਚਲੇ ਸਮੂਹ ਗੁਰਧਾਮਾਂ ਬਾਰੇ, ਇਕ ਤੋਂ ਵਧ ਭਾਸ਼ਾਵਾਂ ਵਿੱਚ ਇਕ ਵੱਡ-ਆਕਾਰੀ ਪੋਥੀ ਵੀ ਪ੍ਰਕਾਸ਼ਿਤ ਕਰਵਾਈ ਹੈ, ਪ੍ਰੰਤੂ ਉਸਦਾ ਮੁੱਲ ਦੋ ਹਜ਼ਾਰ ਰੁਪਏ ਹੋਣ ਕਾਰਨ ਆਮ ਪਾਠਕ ਦੀ ਪਹੁੰਚ ਤੋਂ ਬਾਹਰ ਹੈ।

ਘੁੰਮਣ ਨੇ ਦੱਸਿਆ ਕਿ ਉਹ ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਆਦਿਕ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦਾ ਲਿਪੀਅੰਤਰ ਕਰਕੇ ਇਧਰ ਛਾਪ ਰਹੇ ਹਨ। ਸਮੁੱਚੀ ਦੁਨੀਆਂ ਦੀ ਇਕ ਸਾਲ ਦੀ ਚੋਣਵੀਂ ਪੰਜਾਬੀ ਰਚਨਾ 'ਤੇ

*ਅੱਜ ਕੱਲ੍ਹ ਰੋੜੀ ਸਾਹਿਬ ਸਿੱਖ ਯਾਤਰੂਆਂ ਲਈ ਖੋਲ੍ਹ ਦਿੱਤਾ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਆਧਾਰਿਤ ਸ਼ਾਹਮੁਖੀ ਲਿੱਪੀ ਵਿੱਚ ਉਸ ਦੁਆਰਾ ਪ੍ਰਕਾਸ਼ਿਤ ਵਰ੍ਹੇ ਵਾਰ ਸਾਹਿਤ ਦੇ ਸਲਾਨਾ ਅੰਕ ਪੰਜਾਬੀ ਸਾਹਿਤ ਦੇ ਪਾਠਕਾਂ ਅਤੇ ਪ੍ਰਾਰਖੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਚੁੱਕੇ ਹਨ। ਇਧਰਲੇ ਪੰਜਾਬ ਦਾ ਕੋਈ ਵੀ ਸਾਹਿਤਕ ਰੁਚੀਆਂ ਰੱਖਣ ਵਾਲਾ ਵਿਅਕਤੀ ਲਾਹੌਰ ਜਾਵੇ ਤਾਂ ਇਲੀਆਸ ਘੁੰਮਣ ਦੀ ਪ੍ਰਾਹੁਣਾਚਾਰੀ ਨੂੰ ਨਾ ਮਾਣੇ ਅਜਿਹਾ ਹੋ ਨਹੀਂ ਸਕਦਾ ਅਤੇ ਉਸਦੀ ਨਿਸ਼ਕਾਮ ਸੇਵਾ ਦੀ ਮਾਨਤਾ ਵਜੋਂ ਹਰ ਵਰ੍ਹੇ ਜੋ ਸਿੱਖ ਜਥੇ ਉਧਰ ਜਾਂਦੇ ਹਨ ਉਹ ਘੁੰਮਣ ਨੂੰ ਮਿਲ ਕੇ ਆਪਣੀ ਦੋਸਤੀ ਦਾ ਨਿੱਘ ਜਾਂ ਕੋਈ ਹੋਰ ਚਿੰਨ੍ਹ ਜ਼ਰੂਰ ਭੇਟ ਕਰਦੇ ਹਨ। ਉਹ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਸਮੇਂ ਉਧਰ ਵੀ ਪ੍ਰੋਗਰਾਮ ਉਲੀਕ ਰਹੇ ਹਨ।

ਘੁੰਮਣ ਹੋਰਾਂ ਤੋਂ ਬਾਅਦ ਜਿਹੜੀ ਸ਼ਖਸੀਅਤ ਨੇ ਉਸ ਮਿਲਣੀ ਵਿੱਚ ਪ੍ਰਭਾਵਿਤ ਕੀਤਾ ਉਹ ਰਾਇ ਅਜ਼ੀਜ਼ ਉੱਲਾ ਖਾਨ ਦੀ ਹੈ, ਜੋ 65 ਐਫ. ਮਾਡਲ ਟਾਊਨ ਲਾਹੌਰ ਵਿੱਚ ਨਿਵਾਸ ਰੱਖਦੇ ਹਨ ਤੇ ਇਸ ਮਿਲਣੀ ਲਈ ਉਚੇਚੇ ਆਏ ਹੋਏ ਸਨ। ਇਹ ਖਾਨ ਸਾਹਿਬ ਰਾਏਕੋਟ ਵਾਲੇ ਉਸ ਰਾਇ ਕੱਲਾ ਦੇ ਵੰਸ਼ਜ ਹਨ, ਜਿਹਨਾਂ ਨੇ ਆਪਣੇ ਪਾਲੀ, ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਨੂੰ ਲਿਆ ਕੇ ਦਿੱਤੀ, ਜਦੋਂ ਗੁਰੂ ਸਾਹਿਬ ਨੂੰ ਮੁਗ਼ਲ ਹਕੂਮਤ ਦੀ ਪ੍ਰਵਾਹ ਨਾ ਕਰਦਿਆਂ ਰਾਏ ਕੱਲੇ ਨੇ ਆਪਣੇ ਘਰ ਠਹਰਾਇਆ ਸੀ। ਅਤੇ ਇਉਂ ਸਿੱਖ ਮੁਸਲਿਮ ਸੰਬੰਧਾਂ ਵਿੱਚ ਇਕ ਖ਼ੂਬਸੂਰਤ ਅਧਿਆਏ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਇਸਦੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ ਧਾਤ ਦਾ ਬਣਿਆ ਇਕ ਗੰਗਾ ਸਾਗਰ, ਇਕ ਪੋਥੀ ਪੜ੍ਹਨ ਵਾਲੀ ਰੀਹਲ ਅਤੇ ਇਕ ਖੰਡਾ ਇਹਨਾਂ ਨੂੰ ਬਖਸ਼ਿਸ਼ ਕੀਤਾ ਸੀ। ਇਸ ਖੰਡੇ ਜਾਂ ਤਲਵਾਰ ਬਾਰੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ "ਮਾਲਵਿੰਦਰ" ਮਹਾਂ ਕਾਵਿ ਵਿੱਚ ਲਿਖਿਆ ਹੈ ਕਿ ਰਾਏ ਕੱਲੇ ਦੀ ਵੰਸ਼ ਵਿੱਚੋਂ ਇਕ ਖਾਨ ਨੇ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਟ ਕਰਨੀ ਚਾਹੀ ਸੀ ਪ੍ਰੰਤੂ ਸਤਿਗੁਰੂ ਨੇ ਫਰਮਾਇਆ ਕਿ "ਅਸਾਂ ਹੁਣ ਤਲਵਾਰ ਦੀ ਥਾਂ ਮਾਲਾ ਤੋਂ ਕੰਮ ਲੈਣਾ ਹੈ ਤੁਸੀਂ ਇਸ ਗੁਰੂ ਜੀ ਦੀ ਪਵਿਤਰ ਯਾਦਗਾਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਪੁਚਾ ਦਿਓ, ਜਿੱਥੇ ਉਹ ਬਾਕੀ ਹਜ਼ੂਰੀ ਸ਼ਸ਼ਤਰਾਂ ਨਾਲ ਸਸ਼ੋਭਿਤ ਹੋ ਜਾਏਗੀ।" ਰੀਹਲ ਵੀ ਲੱਕੜ ਦੀ ਸੀ ਸਮੇਂ ਨਾਲ ਉਹਦੀ ਮਿਆਦ ਪੁੱਗ ਗਈ ਹੋਵੇਗੀ। ਪ੍ਰੰਤੂ ਗੰਗਾ ਸਾਗਰ ਅੱਜ ਵੀ ਵਲੈਤ ਦੇ ਕਿਸੇ ਬੈਂਕ ਦੇ ਲਾਕਰ ਵਿੱਚ ਸੁਰੱਖਿਅਤ ਹੈ ਤੇ ਰਾਇ ਅਜ਼ੀਜ਼ ਉੱਲਾ ਖ਼ਾਨ ਕਈ ਵੇਰ ਯੂਰਪ ਦੀਆਂ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾ ਚੁੱਕੇ ਹਨ, ਜਿਸ ਤਰਾਂ ਰਾਏਕੋਟ ਸਥਿਤ ਉਹਨਾਂ ਦੀ ਹਵੇਲੀ ਵਿੱਚ ਹਰ ਵਰ੍ਹੇ ਇਕ ਖ਼ਾਸ ਦਿਨ ਇਸ ਦੇ ਸੰਗਤਾਂ ਨੂੰ ਦਰਸ਼ਨ, ਉਹਨਾਂ ਦੇ ਪੁਰਖੇ ਕਰਾਇਆ ਕਰਦੇ ਸਨ। ਖ਼ਾਨ ਸਾਹਿਬ ਨੇ ਇਸ ਗੰਗਾ ਸਾਗਰ ਨਾਲ ਜੁੜੀਆਂ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਬਹੁਤ



Sri Satguru Jagjit Singh Ji eLibrary NamdhariElibrary@gmail.com

ਸਾਰੀਆਂ ਭਾਵੁਕ ਯਾਦਾਂ ਦਾ ਬਖ਼ੂਬੀ ਬਖਾਨ ਕੀਤਾ। ਆਪਣੀ ਮਿੱਟੀ ਨਾਲ ਮੋਹ ਦੀ ਮਿਸਾਲ ਦਿੰਦਿਆਂ, ਉਹਨਾਂ ਨੇ ਆਪਣੇ ਪਿਤਾ ਜੀ ਬਾਰੇ ਦੱਸਿਆ ਕਿ ਉਹ ਜਦੋਂ ਵੀ ਕਦੇ ਰਾਏਕੋਟ ਜਾਂ ਆਲੇ ਦੁਆਲੇ ਦੀ ਗੱਲ ਕਰਦੇ ਸਨ ਤਾਂ ਕਹਿੰਦੇ ਹੁੰਦੇ ਸਨ ਕਿ ਦੇਸ਼ ਵਿੱਚ ਇਸ ਤਰ੍ਹਾਂ ਹੁੰਦਾ ਸੀ, ਉਸ ਤਰ੍ਹਾਂ ਹੁੰਦਾ ਸੀ। ਉਹ ਸੱਜਣ ਸਾਰੀ ਉਮਰ ਭਾਵੁਕ ਤੌਰ 'ਤੇ ਪਾਕਿਸਤਾਨ ਵਿੱਚ ਰਹਿੰਦਿਆਂ ਵੀ ਆਪਣਾ ਦੇਸ਼ ਉਸਨੂੰ ਹੀ ਕਹਿੰਦੇ ਸਨ ਜਿਸ ਮਿੱਟੀ ਵਿੱਚ ਉਹਨਾਂ ਦੇ ਪਿਓ ਦਾਦੇ ਤੇ ਹੋਰ ਵਡਿੱਕੇ ਸਮਾਏ ਹੋਏ ਸਨ। ਮਿੱਟੀ ਦੀ ਇਹ ਸਾਂਝ ਬੜੀ ਵੱਡੀ ਸਾਂਝ ਹੈ। ਇਸੇ ਵੱਲ ਇਸ਼ਾਰਾ ਕਰਦਾ ਹੈ ਸਾਡਾ ਪੂਰਬੀ ਪੰਜਾਬ ਵਿੱਚੋਂ ਲਹਿੰਦੇ ਪੰਜਾਬ ਵਿੱਚ ਗਿਆ ਇਕ ਉੱਘਾ ਪੰਜਾਬੀ ਸ਼ਾਇਰ ਬਾਬੂ ਰੱਜ਼ਬ ਅਲੀ, ਜਿਸਨੇ ਆਪਣੀ ਸਭ ਤੋਂ ਕਲਾਤਮਿਕ ਕਵਿਤਾ ਵਤਨ ਦੀ ਖਾਕ ਦੇ ਉਦਰੇਵੇਂ ਵਿੱਚ ਲਿਖੀ :-

ਮੰਨ ਲਈ ਜੋ ਕਰਦਾ ਰੱਬ ਪਾਕਿ ਐ,
ਆਉਂਦੀ ਯਾਦ ਵਤਨ ਦੀ ਖਾਕ ਐ,
ਫੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ,
ਹਾਇ ! ਮਾਂ ਭੁੱਜ ਗਿਆ ਵਾਂਗੂੰ ਖਿੱਲ ਦੇ,
ਭੁੜਥਾ ਬਣ ਗਈ ਦੇਹੀ ਐ।
ਵਿੱਛੜੇ ਯਾਰ ਪਿਆਰੇ,
ਬਣੀ ਮੁਸੀਬਤ ਕੇਹੀ ਐ?

ਜਾਂਦੇ ਲੋਕ ਨਗਰ ਦੇ ਰਸਤੂ
ਪਿੰਡ ਦੀ ਪੌਣ ਫੁੱਲਾਂ ਦੀ ਖੁਸ਼ਬੂ
ਹੋ ਗਿਆ ਜਿਗਰ ਫਾੜੀਓ ਫਾੜੀ,
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬਤਾ ਜੀ।
ਆਵੇ ਵਤਨ ਪਿਆਰਾ ਚੇਤੇ।
ਜਦ ਖਿੱਚ ਪਾਉਣ ਮੁਹੱਬਤਾਂ ਜੀ।"

ਲੱਗੀ ਚੋਟ ਵਿਛੋੜੇ ਦੀ,
ਮੇਰਾ ਦਿਲ ਨਰਮ ਠੋਕਰਾਂ ਸਹਿੰਦਾ,
ਰਿਹਾ ਭੇਜ ਸਲਾਮਾਂ ਨੂੰ,
ਏਸ ਪਿੰਡ ਜਰਮਿਆ,



Sri Satguru Jagjit Singh Ji eLibrary NamdhariElibrary@gmail.com

ਹੋਰ ਪਿੰਡ ਰਹਿੰਦਾ।

ਮੀਆਂ ਖ਼ੁਰਮ ਐਡਵੋਕੇਟ ਪੰਜਾਬ ਹਾਈ ਕੋਰਟ ਲਾਹੌਰ ਵੀ ਹਾਜ਼ਰ ਸਨ। ਉਨ੍ਹਾਂ ਫਰੀਦਕੋਟ ਵਿਖੇ ਵੱਸਦੀ, ਆਪਣੀ ਇਕ ਮੂੰਹ ਬੋਲੀ ਭੈਣ ਦੇ ਮੋਹ ਦਾ ਕਿੱਸਾ, ਡਾਢੀ ਵਿਯੋਗੀ ਸੁਰ ਵਿੱਚ ਪੇਸ਼ ਕਰਕੇ ਸਰੋਤਿਆਂ ਦੇ ਜਜ਼ਬਿਆਂ ਨੂੰ ਟੁੰਬਿਆ। ਉਨ੍ਹਾਂ ਕਿਹਾ ਬੇਸ਼ਕ ਉਹ ਪੀਰਾਂ ਦੇ ਪਰਿਵਾਰ ਵਿੱਚੋਂ ਹਨ, ਪਰ ਉਹੋ ਜਿਹੇ ਪੀਰ ਨਹੀਂ ਜਿਹੜੇ ਮੁਰਸ਼ਿਦਾਂ ਦੇ ਚੜ੍ਹਾਵੇ 'ਤੇ ਗੁਲਛਰੇ ਉਡਾਉਂਦੇ ਹਨ। ਰੋਟੀ ਰੋਜ਼ੀ ਵਾਸਤੇ ਵਕਾਲਤ ਦਾ ਕਿੱਤਾ ਜਰੂਰ ਅਖਤਿਆਰ ਕੀਤਾ ਹੈ, ਪਰ ਉਹੋ ਜਿਹੇ ਵਕੀਲ ਨਹੀਂ ਹਨ ਜੋ ਹਰ ਪੇਸ਼ੀ ਭੁਗਤਣ ਆਏ ਮੁਵੱਕਲ ਦੀ ਜੇਬ 'ਤੇ ਹੱਥ ਸਾਫ ਕਰ ਲੈਂਦੇ ਹੋਣ। ਪਰ ਉਹ ਥੁੜਾਂ ਤੰਗੀਆਂ ਦੇ ਮਾਹੌਲ ਵਿੱਚ ਜਦੋਂ ਵੀ ਮਿਲੇ ਨਨਕਾਣਾ ਸਾਹਿਬ ਵੀ, ਚੜ੍ਹਦੀ ਕਲਾ ਵਿੱਚ ਹੀ ਮਿਲੇ। ਮੁਹੱਬਤ ਦੀ ਬੋਲੀ ਸਮਝਣ ਵਾਲੇ ਅਜਿਹੇ ਸਿਦਕਵਾਨਾਂ ਬਾਰੇ ਹੀ ਸ਼ਾਇਰ ਬੁੱਟਰਵੀ ਦਾ ਕਥਨ ਹੈ :-

**ਭੁੱਖਿਆ ਲੋਕਾਂ ਰੱਜ ਕੇ ਸਬਰ ਨਿਭਾਹੇ ਨੇ,**
**ਰੱਜਿਆਂ ਲੋਕਾਂ ਦੱਬ ਕੇ ਭੁੱਖ ਵਿਖਾਈ ਹੈ।**

ਪਾਕਿਸਤਾਨ ਰਾਈਟਰਜ਼ ਗਿਲਡ ਦੇ ਦਫ਼ਤਰ ਸੈਕਟਰੀ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਰਾਜਾ ਰਸਾਲੂ ਵੀ ਇਸ ਮਹਿਫ਼ਿਲ ਦੇ ਸ਼ਿੰਗਾਰ ਸਨ। ਉਨ੍ਹਾਂ ਤੋਂ ਇਹ ਤੇ ਨਹੀਂ ਪੁੱਛ ਸਕੇ ਕਿ ਉਹ ਪੰਜਾਬ ਦੀ ਲੋਕ ਕਥਾ 'ਪੂਰਨ ਭਗਤ ਵਾਲੇ' ਪੂਰਨ ਦੇ ਬਾਅਦ ਵਿੱਚ ਮਤਰੇਈ ਮਾਂ ਲੂਣਾ ਤੋਂ ਉਸਦੇ ਵਰ ਨਾਲ ਪੈਦਾ ਹੋਏ ਰਸਾਲੂ, ਜੋ ਫਿਰ ਪੂਰਨ ਜੋਗੀ ਬਣਨ ਕਰਕੇ ਰਾਜਾ ਵੀ ਬਣਿਆ ਸੀ, ਦਾ ਨਾਂ ਕਿਵੇਂ ਵਰਤ ਰਹੇ ਹਨ? ਪ੍ਰੰਤੂ ਉਹ ਖੋਜੀ ਬਿਰਤੀ ਵਾਲੇ ਸੱਜਣ ਹਨ ਅਤੇ ਹੁਣ ਉਹ ਲੁਧਿਆਣੇ ਦੇ ਉੱਨੀਵੀਂ ਸਦੀ ਦੇ ਸਾਬਕਾ ਪੁਲੀਸ ਮੁਖੀ ਜੇ.ਪੀ. ਵਾਰਬਰਟਨ 'ਤੇ ਖੋਜ ਕਰ ਰਹੇ ਹਨ। ਮੈਂ ਉਨ੍ਹਾਂ ਨੂੰ ਮ੍ਰਿਗੇਸ਼ ਜੀ ਵਾਲੀ ਕਵਿਤਾ ਜੋ ਪਹਿਲਾਂ ਆ ਚੁੱਕੀ ਹੈ ਸੁਣਾਈ ਅਤੇ ਉਨ੍ਹਾਂ ਦੀ ਦਿਲਚਸਪੀ ਹੁਣ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਿੰਘਾਂ ਵਿੱਚ ਵਧ ਗਈ। ਮੈਂ ਦੱਸਿਆ ਕਿ ਇਹ ਸ੍ਰੀਮਾਨ ਉਚੇਚੇ ਨਾਮਧਾਰੀਆਂ ਦਾ ਖੁਰਾ-ਖੋਜ ਮਿਟਾਉਣ ਲਈ ਹੀ ਉਨ੍ਹਾਂ ਦੇ ਕੇਂਦਰ ਭੈਣੀ ਸਾਹਿਬ ਨਾਲ ਸੰਬੰਧਤ ਜ਼ਿਲ੍ਹੇ ਵਿੱਚ ਤਾਇਨਾਤ ਸਰਕਾਰ ਬਰਤਾਨੀਆਂ ਵੱਲੋਂ ਕੀਤੇ ਗਏ ਸਨ, ਪਰ ਉਹਨੂੰ ਸਵਾ ਸੇਰ ਬਣ ਕੇ ਟੱਕਰੇ ਪ੍ਰਸਿੱਧ ਇਨਕਲਾਬੀ ਕੂਕੇ ਭਗਵਾਨ ਸਿੰਘ ਅੜਬੰਗੀ, ਜੋ ਉਦਾਸੀ ਭੇਖ ਵਿੱਚ ਹੀ ਰਹਿੰਦੇ ਸਨ। ਵਾਰਬਰਟਨ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਭੈਣੀ ਸਾਹਿਬ ਪੁਲੀਸ ਚੌਕੀ ਦੇ ਇਕ ਸਿਪਾਹੀ ਗੇਂਦੇ ਦੇ ਕਤਲ ਦੇ ਦੋਸ਼ ਵਿੱਚ ਉਸਨੂੰ ਫਾਹੇ ਨਹੀਂ ਸੀ ਲੁਆ ਸਕਿਆ। ਇਸ ਲੰਮੇ ਪ੍ਰਸੰਗ ਬਾਰੇ ਜਦੋਂ ਉਨ੍ਹਾਂ ਸਰੋਤ ਪੁੱਛਿਆ ਤਾਂ ਮੈਂ ਜੁਆਬ ਦਿੱਤਾ "ਸੀਨਾ ਬਸੀਨਾ।" ਕਿਉਂ ਜੁ ਅੜਬੰਗੀ ਮੇਰੇ ਦਾਦੇ ਜਿਊਣ ਸਿੰਘ ਝੱਬਰ ਦਾ ਮਿੱਤਰ ਸੀ, ਦੋਵੇਂ ਉਸ ਸਮੇਂ ਭੈਣੀ ਸਾਹਿਬ ਰਹਿੰਦੇ ਸਨ ਅਤੇ ਮੇਰੇ ਪਿਤਾ ਜੀ ਨੇ ਅੜਬੰਗੀ ਹੋਰਾਂ ਦੇ



Sri Satguru Jagjit Singh Ji eLibrary NamdhariElibrary@gmail.com

ਜ਼ੁਬਾਨੀ ਬਾਲ ਕਾਲ ਵਿੱਚ ਇਹ ਸਾਰਾ ਪ੍ਰਸੰਗ ਸੁਣਿਆ ਸੀ, ਜਿਨ੍ਹਾਂ ਅੱਗੋਂ ਮੈਨੂੰ ਸੁਣਾਇਆ ਸੀ। ਉਂਜ ਮੈਂ ਸੰਤ ਇੰਦਰ ਸਿੰਘ 'ਚਕਰਵਰਤੀ' ਦੁਆਰਾ ਰਚਿਤ ਇਤਿਹਾਸਕ ਨਾਵਲ 'ਅੜਬੰਗੀ' ਦਾ ਜ਼ਿਕਰ ਵੀ ਕੀਤਾ, ਜਿਸ ਵਿੱਚ ਵਾਰਬਰਟਨ ਅਤੇ ਅੜਬੰਗੀ ਦੇ, ਦੋ ਵਿਰੋਧੀ ਕਿਰਦਾਰ ਬੜੀ ਸਪਸ਼ਟਤਾ ਨਾਲ ਉੱਘਾੜੇ ਗਏ ਸਨ। ਪੰਜਾਬੀ ਜਨ ਜੀਵਨ ਨੇਕੀ ਅਤੇ ਬਦੀ ਦੇ ਵਿਰੋਧੀ ਕਿਰਦਾਰਾਂ ਨੂੰ ਲੰਮਾ ਸਮਾਂ ਆਪਣੀ ਬੁੱਕਲ ਵਿੱਚ ਸੰਭਾਲ ਰੱਖਦਾ ਹੈ, ਆਪਣੇ ਇਸ ਵਡਮੁੱਲੇ ਇਤਿਹਾਸਕ ਅਤੇ ਸੱਭਿਆਚਾਰਕ ਵਿਰਸੇ ਦੀ ਖੋਜ ਵਿੱਚ ਡੂੰਘੇ ਖੁੱਭੇ ਹੋਏ, ਰਾਜਾ ਰਸਾਲੂ ਮੈਨੂੰ ਚੋਖੇ ਆਪਣੇ ਲੱਗਣ ਲੱਗ ਪਏ। ਇਕ ਤਾਂ ਸਮਾਂ ਮੁੱਕਦਾ ਜਾਂਦਾ ਸੀ ਦੂਜਾ ਪ੍ਰਿੰਸੀਪਲ 'ਸ਼ੇਰ' ਏਥੇ ਵੀ ਘੜੀ ਮੁੜੀ ਪਾਕਿਸਤਾਨੀਆਂ ਨੂੰ ਵੰਡ ਵੇਲੇ ਸਾਡੇ ਬਦਲੇ ਵਿੱਚ ਮਿਲਣ ਵਾਲੇ "ਘਟੀਆ ਹਿਊਮਨ ਐਲੀਮੈਂਟ" ਦੀ ਗੱਲ ਫਿਰ ਕਿਸੇ ਨਾ ਕਿਸੇ ਨੁਕਰੋਂ ਛੇੜ ਦੇਂਦੇ ਸਨ, ਸੋ ਮੈਂ ਆਪਣੇ ਮਨਪਸੰਦ ਵਿਸ਼ੇ ਉੱਤੇ ਰਾਜਾ ਰਸਾਲੂ ਨਾਲ, ਲੰਮਾ ਵਾਰਤਾਲਾਪ ਨਾ ਕਰ ਸਕਿਆ। ਸਿੱਖਾਂ ਵਿੱਚ ਦੇਹਧਾਰੀ ਗੁਰੂ ਪਰੰਪਰਾ ਨਾਮਧਾਰੀ ਸੰਗਤ ਦੇ ਰੂਪ ਵਿੱਚ ਚੱਲ ਰਹੀ ਹੈ ਅਤੇ ਉਨ੍ਹਾਂ ਦੇ ਵਰਤਮਾਨ ਮੁਖੀ ਸਤਿਗੁਰੂ ਜਗਜੀਤ ਸਿੰਘ, ਇਕ ਕੌਮਾਂਤਰੀ ਸ਼ੁਹਰਤ ਪ੍ਰਾਪਤ ਵਿਅਕਤਤਵ ਦੇ ਸੁਆਮੀ ਹਨ। ਇਹ ਸਾਰੀਆਂ ਗੱਲਾਂ ਉਨ੍ਹਾਂ ਲਈ ਕਾਫੀ ਨਵੀਆਂ ਸਨ ਅਤੇ ਉਹ ਸੁਣਨ ਵਿੱਚ ਦਿਲਚਸਪੀ ਵਿਖਾ ਰਹੇ ਸਨ।

ਰਾਜਾ ਰਸਾਲੂ ਹੋਰਾਂ ਆਪਣੀਆਂ ਕਵਿਤਾਵਾਂ ਨਾਲ ਨਿਹਾਲ ਕੀਤਾ ਅਤੇ ਹੁਣ ਵਾਰੀ ਆਈ ਉਸ ਨੌਜਵਾਨ ਸ਼ਾਇਰ ਦੀ ਜੋ ਝਨਾਂ ਦੇ ਕੰਢੇ ਵੱਸੇ ਸ਼ਹਿਰ ਵਜ਼ੀਰਾਬਾਦ ਦੀ ਉਸ ਹਵੇਲੀ ਵਿੱਚ ਰਹਿੰਦਾ ਹੈ, ਜੋ ਕਦੇ ਸਿੱਖ ਰਾਜ ਵੇਲੇ ਇਤਾਲਵੀ ਜਰਨੈਲ ਅਬੂ ਤਬੇਲਾ (ਸ਼ੁੱਧ ਉਚਾਰਨ ਇਸ ਤੋਂ ਥੋਹੜਾ ਭਿੰਨ ਹੈ ਆਵੀ ਤਬੇਲ) ਦੀ ਮਾਲਕੀ ਹੁੰਦੀ ਸੀ, ਇਸ ਜਰਨੈਲ ਨੂੰ ਵੀ ਹੋਰਨਾਂ ਕਈਆਂ ਵਾਂਗ ਸਾਡੇ ਪੰਜਾਬ ਦੇ ਕੌਮੀ ਕਵੀ 'ਸ਼ਾਹ ਮੁਹੰਮਦ' ਨੇ ਸਦਾ ਸਦਾ ਲਈ ਜਿਊਂਦਿਆਂ ਕਰ ਦਿੱਤਾ ਹੈ:-

**ਝੱਲੀ ਅਬੂ ਤਬੇਲੇ ਦੀਆਂ ਪਲਟਣਾਂ ਨੇ,**
**ਅੱਧੀ ਘੜੀ ਲੜਾਈ ਦੀ ਸੌੜ ਮੀਆਂ।**

ਉਸ ਸ਼ਾਇਰ ਦਾ ਨਾਂ ਹੈ ਰਾਜਾ ਸਾਦਿਕ ਉਲਾਹ ਅਤੇ ਉਨ੍ਹਾਂ ਜਿਹੜੀ ਕਵਿਤਾ ਇਥੇ ਇਸ ਮਿਲਣੀ ਵਿੱਚ ਪੜ੍ਹੀ, ਉਹ ਸਾਈਚਿੰਨ ਬਾਰੇ ਸੀ ਕਿ ਕਿਵੇਂ ਹਮਸਾਏ ਇਕ ਕਲਪਿਤ ਦੁਸ਼ਮਣ ਤੋਂ ਭੈ ਭੀਤ ਹੋ ਕੇ ਜ਼ਿੰਦਗੀ ਦੇ ਮਰਮ ਨੂੰ ਸਮਝਦੇ ਹੋਏ ਵੀ ਇਸਨੂੰ ਪਛਾਨਣ ਅਤੇ ਮਾਨਣ ਤੋਂ ਅਸਮਰੱਥ ਸਨ। ਮੈਂ ਉਸ ਸਮੁੱਚੀ ਕਵਿਤਾ ਨੂੰ ਪਾਠਕਾਂ ਨਾਲ ਸਾਂਝੀ ਕਰਨ ਦੇ ਲੋਭ ਤੋਂ ਮੁਕਤ ਨਹੀਂ ਹੋ ਸਕਿਆ:--

**ਅਸੀਂ ਕੈਦੀ ਬਰਫ਼ ਮਕਾਨਾਂ ਦੇ,**



Sri Satguru Jagjit Singh Ji eLibrary NamdhariElibrary@gmail.com

ਅਸੀਂ ਜਦ ਕਦ
ਬਾਰੀ ਰਾਹੀਂ ਬਾਹਰ ਝਾਤੀ ਪਾਵਨੇ ਆਂ
ਸਾਨੂੰ ਦੂਰ ਦੂਰ ਤੱਕ
ਠੰਡੇ ਠਾਰ ਵਿਛੋੜੇ ਬਾਝੋਂ
ਕੁੱਝ ਨਜ਼ਰੀਂ ਨਹੀਂ ਆਂਵਦਾ
ਚਾਰ ਦਿਹਾੜਿਆਂ ਪਿੱਛੋਂ ਪੁੱਜੀਆਂ
ਖ਼ਬਰਾਂ ਵਿੱਚ ਕੋਈ ਖ਼ਬਰ ਨਹੀਂ ਹੁੰਦੀ
ਏਥੇ ਸਭ ਖ਼ਬਰਾਂ ਨੇ ਦੂਰ ਦੀਆਂ
ਹੋਣ ਜਹੀਆਂ ਨਾ ਹੋਣ ਜਹੀਆਂ
ਕੱਤੇ ਚੜ੍ਹਿਆਂ ਕਈ ਦਿਹਾੜੇ ਹੋਏ
ਵਾਢੀ ਲੱਗ ਪਈ ਹੋਣੀ
ਫੰਡ ਛੱਡਣੀ ਏ ਏਸ ਵਾਰ ਦੀ
ਭਰ ਛੱਡਣੇ ਨੇ ਢਿੱਡ ਭੜੋਲੇ ਲੋਕਾਂ ਦੇ
ਅਸੀਂ ਤੱਕਨੇ ਆਂ
ਜਦੋਂ ਪਿੜ ਬੱਝਣੇ
ਅਸਾਂ ਸੰਗ ਹੋਣਾ
ਅਸਾਂ ਸੰਗ ਨੱਚਣਾ
ਜਦੋਂ ਨਾਚਿਆਂ ਝੁੰਮਰ ਪਾਵਣੇ
ਧੂੜ ਧੁਮਾਣੀ ਏ
ਸੱਚ ਕਹਿਨਾ ਏਥੇ ਧੂੜ ਨਹੀਂ ਹੋਂਦੀ
ਏਥੇ ਪੋਹ, ਮਾਂਹ ਤੇ ਜੇਠ ਹਾੜ ਵਿੱਚ ਫ਼ਰਕ ਨਹੀਂ ਹੋਂਦਾ ਕੋਈ
ਏਥੇ ਚੇਤਰ ਚੜ੍ਹਿਆ ਨਾਂ ਚੜ੍ਹਿਆ ਕਿਸੇ ਤੌਕਿਆ ਨਹੀਂ
ਏਥੇ ਫੁੱਲ ਨਹੀਂ ਉੱਗਦੇ
ਜਾਂ ਬਕਸੇ ਵਿੱਚ ਬੰਦ ਬੰਦਿਆਂ ਨੂੰ
ਫੁੱਲਾਂ ਦੀ ਕੋਈ ਲੋੜ ਨਹੀਂ ਹੁੰਦੀ।
ਏਥੇ ਠੰਡੀ ਠਾਰ ਹਵਾ ਦੀ
ਸ਼ੂਕਦੀ ਏ ਤਲਵਾਰ ਜਹੀ।
ਏਥੇ ਡਰ ਵੱਸਦਾ
ਏਥੇ ਡਰ ਵੱਸਦਾ.......



Sri Satguru Jagjit Singh Ji eLibrary NamdhariElibrary@gmail.com

ਓਸ ਪਹਾੜੋਂ ਪਾਰ ਵਸੇਂਦੇ ਵੈਰੀ ਦਾ
ਜਿਹੜਾ ਸਾਥੋਂ ਡਰਿਆ ਬਹੁਤਾ ਡਰਿਆ ਸੋਚ ਰਿਹਾ ਏ
ਹਾੜ ਦੀ ਕਿਹੜੀ ਸ਼ਾਮੀਂ ਮੁੜਕਾ ਆਉਣਾ
ਪੋਹ ਦੀ ਕਿਹੜੀ ਰਾਤੀਂ ਜਾ ਖੜਕਾਣੀ ਕੁੰਡੀ
ਕਿਹੜੀ ਰੁੱਤ ਮੁੜ ਮੱਥਾ ਚੁੰਮਣਾ
ਚੰਨ ਵਰਗੀ ਧੀ ਰਾਣੀ ਦਾ
ਕਿਹੜੀ ਸਿਖਰ ਦੁਪਹਿਰੇ ਲੱਭਣੀ ਛਾਂ ਮਾਂ ਵਰਗੀ
ਟਾਹਲੀਆਂ ਦੀ
ਕਿਹੜੇ ਮੌਸਮ ਝੁੰਮਰ ਪਾਵਣੇ ਧੂੜ ਧੁਮਾਣੀ
ਸੰਗੀਆਂ ਨੇ
ਅਸਾਂ ਸੰਗ ਨੱਚਣਾ ਅਸਾਂ ਸੰਗ ਨੱਚਣਾ
ਅਸੀਂ ਕੈਦੀ ਬਰਫ਼ ਮਕਾਨਾਂ ਦੇ।

ਅਸੀਂ ਤੇ ਦੁਆ ਹੀ ਕਰ ਸਕਦੇ ਹਾਂ ਕਿ ਪੰਜਾਬਣ ਮਾਂ ਦੇ ਦੋਵੇਂ ਪੁੱਤਰ ਬਰਫ਼ ਮਕਾਨਾਂ ਦੀ ਕੈਦ ਵਿੱਚੋਂ ਛੇਤੀ ਰਿਹਾਅ ਹੋ ਜਾਣ ਅਤੇ ਆਪਣੀ ਸਾਂਝ ਦੀਆਂ ਤੰਦਾਂ ਨੂੰ ਪੀਡਿਆਂ ਕਰਨ ਦੀ ਖੇਡ ਖੇਡਣੀ ਸ਼ੁਰੂ ਕਰਨ।

ਰਾਜਾ ਸਾਦਕ ਉੱਲਾਹ ਦੀ ਨਗਰੀ ਵਜੀਰਾਬਾਦ ਹੀ ਜੁਝਾਰੂ ਹਿੰਦੀ ਕਵੀ ਕੁਮਾਰ ਵਿਕਲ ਦਾ ਜਨਮ ਸਥਾਨ ਸੀ। ਕੁਮਾਰ ਵਿਕਲ ਨੇ ਪੰਜਾਬੀ ਹੁੰਦਿਆਂ ਹਿੰਦੀ ਸਾਹਿਤ ਵਿੱਚ ਆਪਣੇ ਲਈ ਉਹੋ ਜਿਹਾ ਥਾਂ ਸੁਰੱਖਿਅਤ ਕਰ ਲਿਆ ਸੀ ਜਿਹੋ ਜਿਹਾ ਕ੍ਰਿਸ਼ਨਾ ਸੋਬਤੀ ਨੇ ਕੀਤਾ ਸੀ। ਕੁਮਾਰ ਵਿਕਲ ਦੇ ਕਾਟਵੇਂ ਵਿਚਾਰਾਂ ਦਾ ਨਮੂਨਾ ਵੇਖਣ ਲਈ ਉਨ੍ਹਾਂ ਦੀ ਕਵਿਤਾ "ਚੀਖ" ਪੜ੍ਹੋ:-

ਮੈਂ ਕਿਸੀ ਕਿਰਪਾਨ ਸੇ ਮਰੂੰ
ਕਿਸੀ ਤ੍ਰਿਸੂਲ ਸੇ
ਯਾ ਪੁਲਿਸ ਕੀ ਗੋਲੀ ਸੇ,
ਲੇਕਿਨ
ਮਰਨੇ ਸੇ ਪਹਿਲੇ
ਮੈਂ ਜ਼ਰੂਰ ਚਿੱਲਾਊਂਗਾ--
ਮਜ਼ਹਬ ਹੀ ਹੈ ਸਿਖਾਤਾ
ਆਪਸ ਮੇਂ ਬੈਰ ਰੱਖਨਾ
ਆਦਮੀ ਕੋ



Sri Satguru Jagjit Singh Ji eLibrary NamdhariElibrary@gmail.com

ਤ੍ਰਿਸ਼ੂਲ ਯਾ ਕਿਰਪਾਨ ਮੇਂ ਬਦਲਨਾ।
ਮੈਂ ਚਿਲਾਊਂਗਾ
ਮਜ਼ਹਬ ਅਫ਼ੀਮ ਕੀ ਐਸੀ ਗੋਲੀ ਹੈ
ਜੋ ਇਨ ਦਿਨੋਂ
ਏਕ ਦਮ ਬੰਦੂਕ ਕੀ ਗੋਲੀ ਬਨ ਜਾਤੀ ਹੈ
ਜੋ ਦਨਦਨਾਤੀ ਹੁਈ ਆਤੀ ਹੈ
ਪਾਰਕ ਮੇਂ ਖੇਲ ਰਹੇ ਬੱਚੋਂ
ਛੰਟਨੀ ਮਜ਼ਦੂਰੋਂ
ਰਿਕਸ਼ਾ ਚਾਲਕੋਂ
ਰਾਸ਼ਨ ਕੀ ਦੂਕਾਨ ਪਰ ਖੜ੍ਹੇ ਲੋਗੋਂ ਕੋ
ਲਹੂ ਲੁਹਾਨ ਕਰ ਜਾਤੀ ਹੈ।
ਮਜ਼ਹਬ ਏਕ ਭੱਦੀ ਗਾਲੀ ਹੈ
ਜੋ ਹਰ ਧਰਮ ਗ੍ਰੰਥ ਮੇਂ
ਪਾਕੀਜ਼ਗੀ ਕੇ ਨਕਾਬੋਂ ਮੇਂ ਛਿਪੀ ਰਹਿਤੀ ਹੈ।
ਔਰ, ਕਭੀ ਆਰਤੀ
ਕਭੀ ਕਲਮਾ
ਕਭੀ ਅਰਦਾਸ ਬਨ ਕਰ
ਆਮ ਆਦਮੀ ਕੀ ਪਵਿੱਤਰ ਪ੍ਰਤਿਗਿਆਊਂ ਮੇਂ
ਘੁਸਪੈਠ ਕਰ ਜਾਤੀ ਹੈ
ਤਾਂਕਿ ਵਹ ਉਸ ਦੁਨੀਆ ਕੋ ਬਦਲ ਨਾ ਪਾਏ
ਔਰ ਗਾਲੀਆਂ ਬਦਬੁਦਾਤੇ ਹੁਏ
ਏਕ ਨਰਕਨੁਮਾ ਜਿੰਦਗੀ ਮੇਂ ਗੀਤ ਜਾਏ।

ਰਾਜਾ ਸਾਦਿਕ ਉਲਾਹ ਹੋਰਾਂ ਨੇ ਆਪਣੀ ਕਾਵਿ ਪੁਸਤਕ "ਪਹਿਲਾ ਪੂਰ" ਇਲਿਆਸ ਘੁੰਮਣ ਹੋਰਾਂ ਕਹਾਣੀਆਂ ਦੀ ਕਿਤਾਬ "ਪਿੰਡ ਦੀ ਲੱਜ" ਸਾਨੂੰ ਭੇਟ ਕੀਤੀਆਂ। ਹੋਰ ਵੀ ਸਾਹਿਤਕ ਮਿੱਤਰਾਂ ਨੇ ਇਸ ਮਿਲਣੀ ਵਿੱਚ ਭਾਗ ਲਿਆ ਜਿਨ੍ਹਾਂ ਦੇ ਨਾਂ ਸਨ --ਪ੍ਰੋ. ਆਸ਼ਕ ਰਹੀਲ, ਫਿਦਾ ਨਿਜਾਮਾਬਾਦੀ, ਪਾਕਿਸਤਾਨੀ ਲੇਖਕਾਂ ਵਿੱਚੋਂ ਅਤੇ ਭਾਰਤ ਵਿੱਚੋਂ ਆਏ 'ਅਜੀਤ' ਨਾਲ ਜੁੜੇ ਮਹਿੰਦਰ ਸਿੰਘ ਸੰਧੂ, ਮਲਕੀਤ ਸਿੰਘ ਤੇ ਯੂ.ਐਨ.ਆਈ. ਦੇ ਪ੍ਰੋ. ਸੁਰਿੰਦਰ ਸਿੰਘ ਸੈਣੀ। ਘੁੰਮਣ ਹੋਰਾਂ ਨੇ ਪ੍ਰਿੰਸੀਪਲ ਸ਼ੇਰ ਨੂੰ ਆਪਣੀ ਬੈਠਕ ਵਿੱਚ ਸਜੀਆਂ ਪੁਸਤਕਾਂ ਰਸਾਲੇ ਖੁਲ੍ਹੇ ਮਨ ਨਾਲ ਚੁੱਕ ਲੈਣ ਦੀ ਦਾਅਵਤ ਦਿੱਤੀ ਅਤੇ ਉਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਦਰਜਨ ਕੁ ਵੱਡ ਅਕਾਰੀ ਕਿਤਾਬਾਂ ਵਸੂਲ ਪਾਈਆਂ।

ਗੁਰਦਾਸ ਸਿੰਘ 'ਘਾਰੂ' ਹੋਰਾਂ ਆਪਣੀਆਂ ਪੁਸਤਕਾਂ ਸਾਰੇ ਹਾਜ਼ਿਰ ਸਾਹਿਤਕਾਰਾਂ ਨੂੰ ਭੇਟ ਕੀਤੀਆਂ ਅਤੇ ਆਪਣੀ ਰਚਨਾ ਪ੍ਰਕਿਰਿਆ ਬਾਰੇ ਦੱਸਦਿਆਂ ਆਪਣੇ ਇਨਕਲਾਬੀ ਅੰਦੋਲਨ ਨਾਲ ਜੁੜੇ ਹੋਣ ਦਾ ਜ਼ਿਕਰ ਕੀਤਾ। ਕਵਿਤਾਵਾਂ ਦੇ ਦੌਰ ਸਮੇਂ ਮੈਂ ਵੀ ਇਹ ਦੋ ਬੰਦ ਸੁਣਾਏ:--

ਮੈਂ ਇਤਿਹਾਸ ਹਾਂ ਵਕਤ ਦੀ ਰੂਹ ਹਾਂ ਮੈਂ,
ਨਾ ਹੀ ਮੋਇਆ ਤੇ ਨਾ ਹੀ ਮਰਾਂਗਾ ਮੈਂ।
ਬੰਜਰ ਦਿਲਾਂ ਦੇ ਖੇਤ ਅਬਾਦ ਹੋਵਣ
ਬੱਦਲ ਰਹਿਮਤਾਂ ਦਾ ਬਣ ਕੇ ਵਰ੍ਹਾਂਗਾ ਮੈਂ।
ਬੁੱਲ੍ਹਾ ਬਣ ਰਿਹਾ ਕਦੇ ਨੱਚਦਾ ਮੈਂ
ਸੂਲੀ ਕਦੇ ਮਨਸੂਰ ਜਿਉਂ ਵਰਾਂਗਾ ਮੈਂ।
ਲੋਕ ਚੇਤਨਾ ਨਾ ਖੁੰਢੀ ਹੋ ਜਾਵੇ,
ਹੱਸ ਹੱਸ ਕੇ ਚਰਖੜੀ ਚੜ੍ਹਾਂਗਾ ਮੈਂ।
ਸਾਡੇ ਕਾਤਲੋ ! ਰਹਿਮ ਦੀ ਮੰਗ ਕਰਨੀ,
ਸਾਡੇ ਵਾਸਤੇ ਨਹੀਂ ਦਸਤੂਰ ਦੀ ਗੱਲ।
ਰੋਣਾ ਤੁਸਾਂ ਘਸੁੰਨ ਦੇ ਵਿੱਚ ਅੱਖਾਂ,
ਇਹ ਕੋਈ ਜਾਪਦੀ ਨਹੀਂ ਸਾਨੂੰ ਦੂਰ ਦੀ ਗੱਲ।
ਸਾਡਾ ਮਰਨਾ ਜਿਊਣ ਦਾ ਮੁੱਢ ਬੰਨ੍ਹੇ,
ਤੁਹਾਡਾ ਮਰਨਾ ਏ ਨਿਰੇ ਫਤੂਰ ਦੀ ਗੱਲ।
ਜ਼ਿੰਦਾਬਾਦ ਉਹ ਮਾਵਾਂ ਦੇ ਸੂਰਮੇ ਪੁੱਤ,
ਜਿਹੜੇ ਦੱਸ ਗਏ ਨਵੇਂ ਸ਼ਊਰ ਦੀ ਗੱਲ।

ਅੰਤ ਵਿੱਚ ਬੜੇ ਸੁਖਾਵੇਂ ਅਤੇ ਦਰਦ ਭਿੰਨੇ ਮਾਹੌਲ ਵਿੱਚ ਇਹ ਮੁਲਾਕਾਤ ਖਤਮ ਹੋਈ। ਘੁੰਮਣ ਹੋਰਾਂ ਸਾਰੇ ਭਾਰਤੀ ਪੰਜਾਬ ਦੇ ਮਹਿਮਾਨਾਂ ਨੂੰ ਆਪਣੇ ਵੱਲੋਂ ਵਧੀਆ ਕਲਮਾਂ ਭੇਟ ਕਰਕੇ, ਇਹ ਦੁਆ ਕੀਤੀ ਕਿ ਇਨ੍ਹਾਂ ਕਲਮਾਂ ਨਾਲ ਅਸੀਂ ਦੋਹਾਂ ਪੰਜਾਬਾਂ ਦੇ ਵਸਨੀਕਾਂ ਵਿੱਚੋਂ ਦੂਈ ਦਵੈਤ ਦੂਰ ਕਰਕੇ, ਤੁਅੱਸਬ ਦੀਆਂ ਕੰਧਾਂ ਨੂੰ ਤੋੜ ਕੇ, ਇਕ ਸਾਂਝੀ ਪੰਜਾਬੀਅਤ ਦਾ ਸਿੰਘ ਨਾਦ ਕਰੀਏ। ਦੁਨੀਆਂ ਦੇ ਸਾਰੇ ਇਨਸਾਫ ਪਸੰਦ ਲੋਕਾਂ ਅਤੇ ਹੱਕ ਸੱਚ ਅਤੇ ਨਿਆਂ ਲਈ ਜੂਝਣ ਵਾਲਿਆਂ ਦੇ ਘੋਲ ਵਿੱਚ ਇਹ ਕਲਮਾਂ ਸਹਾਈ ਹੋਣ।

ਜਦੋਂ ਬਾਹਰ ਆ ਕੇ ਸਾਂਝੀ ਫੋਟੋ ਕਰਵਾਈ ਜਾ ਰਹੀ ਸੀ ਤਾਂ ਕਰਨੈਲ ਸਿੰਘ ਅਸਪਾਲ, ਨਰਾਇਣ ਸਿੰਘ ਬਾਜਵਾ ਅਤੇ ਆਸ਼ਕ ਬੱਢਾ ਵੀ ਪਹੁੰਚ ਗਏ ਸਨ। ਬੱਢੇ ਨੇ



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਸਾਨੂੰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਲੱਭਿਆ ਤੇ ਫਿਰ ਉਪ੍ਰੋਕਤ ਮਿੱਤਰਾਂ ਨਾਲ ਏਥੇ ਪੁੱਜ ਗਏ। ਬੱਢੇ ਨੇ ਦੱਸਿਆ ਕਿ ਕਸ਼ਮੀਰ ਲਈ ਮੁਜ਼ਾਹਿਦਾਂ ਨੂੰ ਤਿਆਰ ਕਰਨ ਵਾਸਤੇ ਗੁਜਰਾਂਵਾਲਾ ਜ਼ਿਲ੍ਹੇ ਦੇ ਇਕ ਵੱਡੇ ਕਸਬੇ ਮੁਰੀਦ ਕੇ ਵਿੱਚ ਜੋ ਰੇਲਵੇ ਸਟੇਸ਼ਨ ਵੀ ਹੈ, ਇਕ ਤਿੰਨ ਰੋਜ਼ਾ ਕਾਨਫਰੰਸ ਹੋ ਰਹੀ ਹੈ। ਮੈਂ ਆਪਣੇ ਪਿੰਡੋਂ ਚਾਵਲ, ਕਣਕ ਅਤੇ ਹੋਰ ਰਸਦਾਂ ਉੱਥੇ ਭੇਜ ਕੇ ਆਇਆ ਹਾਂ ਅਤੇ ਆਪਣੇ ਪਿੰਡ ਦੇ ਇਕ ਮੋਚੀਆਂ ਦੇ ਮੁੰਡੇ ਨੂੰ, ਮੁਜਾਹਿਦ ਦੇ ਤੌਰ 'ਤੇ ਉਨ੍ਹਾਂ ਵਿੱਚ ਭਰਤੀ ਕਰਵਾ ਕੇ ਆਇਆ ਹਾਂ। ਬੱਢਾ ਗੱਲੀਂ ਬਾਤੀ ਮੈਨੂੰ ਇਹ ਵੀ ਸੁਣਾਏ ਕਿ ਜੇ 'ਨੀਲੇ ਤਾਰੇ' ਤੋਂ ਬਾਅਦ ਬੇਨਜ਼ੀਰ ਭੁੱਟੋ ਤੁਹਾਡੇ 'ਰੱਜੂ ਭਈਏ' (ਰਾਜੀਵ ਗਾਂਧੀ) ਦੇ ਬਹਿਕਾਵੇ ਵਿੱਚ ਨਾ ਆਉਂਦੀ ਤਾਂ ਲਾਜ਼ਮੀ ਪਾਕਿਸਤਾਨੀ ਫੌਜ ਨੇ ਕੌਮਾਂਤਰੀ ਸਰਹੱਦ ਟੱਪ ਕੇ ਤੁਹਾਡੇ ਵੱਲ ਟੁਰ ਪੈਣਾ ਸੀ। ਉਹ ਆਪਣੀਆਂ ਗੱਲਾਂ ਵਿੱਚ ਕਿਤੇ-ਕਿਤੇ ਹਿੰਦੂਆਂ ਵਿਰੁੱਧ ਥੋਹੜੀ ਨਫ਼ਰਤ ਵੀ ਪ੍ਰਗਟ ਕਰਦਾ ਸੀ, ਪਰ ਮੈਂ ਉਹਨੂੰ ਪ੍ਰੇਮ ਨਾਲ ਸਮਝਾਇਆ ਕਿ ਸਾਡੇ ਹਿੰਦੂ ਸਿੱਖਾਂ ਦਾ ਕੋਈ ਝਗੜਾ ਨਹੀਂ, ਗੁਰਦੁਆਰਾ ਡੇਹਰਾ ਸਾਹਿਬ ਵਿੱਚ ਵੀ ਖਾਲਿਸਤਾਨੀ ਸਮਰਥਕ, ਅੱਤਵਾਦੀ ਪ੍ਰਚਾਰ ਦੀਆਂ ਕੈਸਟਾਂ ਬਾਕੀ ਦੋਹਾਂ ਥਾਂਵਾਂ ਜਿਉਂ ਵੱਜਦੀਆਂ ਰਹੀਆਂ, ਪਰ ਸਿਰਫ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਫੋਟੋ ਕੈਲੰਡਰ ਲੈਣ ਤੋਂ ਬਿਨਾ ਹੋਰ ਸਿੱਖ ਸੰਗਤਾਂ ਕੋਈ ਹੁੰਗਾਰਾ ਉਨ੍ਹਾਂ ਨੂੰ ਨਹੀਂ ਸਨ ਭਰ ਰਹੀਆਂ। ਡੇਹਰਾ ਸਾਹਿਬ ਵਿਖੇ ਇਕ ਉੱਚੀ ਲੰਮੀ ਪੰਜਾਬਣ ਮੁਟਿਆਰ ਨੇ ਮਸੋਸੇ ਜਹੇ ਮੂੰਹ ਨਾਲ ਮੈਥੋਂ ਪੁੱਛਿਆ ਸੀ, "ਭਾਈ ਸਾਹਿਬ ਕੋਈ ਬੱਧਣੀ ਵੱਲ ਦਾ ਆਇਆ ਹੋਵੇ।" ਮੈਨੂੰ ਪ੍ਰੋ. ਸੁਖਦੇਵ ਸਿੰਘ ਸਿਰਸਾ ਦੇ ਪਿੰਡ ਦਾਉਧਰ, ਜੋ ਬੱਧਣੀ ਦੇ ਨੇੜੇ ਹੀ ਸੀ, ਦਾ ਇਕ ਸਿੰਘ ਪੰਜੇ ਸਾਹਿਬ ਮਿਲਿਆ ਸੀ। ਮੈਂ ਉਹਨੂੰ ਭਾਲਿਆ ਪਰ ਮਿਲਿਆ ਨਾ। ਮੈਂ ਫਿਰ ਉਸ ਬੀਬੀ ਨੂੰ ਦੱਸਿਆ ਕਿ 39 ਨੰਬਰ ਕਮਰੇ ਵਿੱਚ ਫਰੀਦਕੋਟ ਜ਼ਿਲ੍ਹਾ ਦੇ ਸਿੰਘ ਹਨ, ਉਨ੍ਹਾਂ ਨਾਲ ਸੰਪਰਕ ਕਰ ਲਵੋ।

ਕਈ ਵੇਰ ਜਦੋਂ ਕੋਈ ਪਾਕਿਸਤਾਨੀ ਮਿੱਤਰ ਮੈਨੂੰ ਇਹ ਸੁਆਲ ਕਰਦਾ ਕਿ ਤੁਹਾਨੂੰ ਇਹ ਮੁਲਕ ਕਿਵੇਂ ਲੱਗਦਾ ਹੈ ਤਾਂ ਮੈਂ ਜੁਆਬ ਦਿੰਦਾ ਕਿ ਇਹ ਮੁਲਕ ਤਾਂ ਸਾਡਾ ਹੀ ਸੀ, ਵਧੀਆ ਲੱਗਦਾ ਹੈ। ਪਰ ਜਿਥੋਂ ਤੱਕ ਆਪਣੀ ਪਸੰਦ ਦਾ ਸੁਆਲ ਹੈ, ਤੁਹਾਡੇ ਬਾਗ ਵਿੱਚ ਸਿਰਫ਼ ਇਕ ਰੰਗ ਦੇ ਫੁੱਲਾਂ ਦੀ ਬਹੁਤਾਤ ਹੈ ਜਦੋਂਕਿ ਸਾਡੇ ਹਰ ਰੰਗ ਦੇ ਫੁੱਲ ਖਿੜਦੇ ਹਨ। ਇਸੇ ਵਿੱਚ ਸਾਡੇ ਦੇਸ਼ ਦੀ ਸੁੰਦਰਤਾ ਦਾ ਰਾਜ ਹੈ ਤਾਂ ਉਹ ਸੱਜਣ ਵੰਡ 'ਤੇ ਥੋਹੜਾ ਜਿਹਾ ਅਫਸੋਸ ਕਰਨ ਤੋਂ ਬਾਅਦ ਕਹਿੰਦੇ "ਠੀਕ ਹੈ ਅਸੀਂ ਏਥੇ ਆਪਣਾ ਮਜ਼੍ਹਬ ਤੇ ਬਚਾ ਲਿਆ ਹੈ।" ਮੈਂ ਫਿਰ ਦੱਸਿਆ ਕਿ ਤੁਹਾਡੇ ਨਾਲੋਂ ਜਿਆਦਾ ਮੁਸਲਮਾਨ ਸਾਡੇ ਦੇਸ਼ ਵਿੱਚ ਹਨ ਅਤੇ ਮਜ਼੍ਹਬ ਉਹਨਾਂ ਦਾ ਵੀ ਮਹਿਫ਼ੂਜ਼ ਹੈ। ਹਾਂ ਜੇ ਕੋਈ ਕਾਲੀ ਤਾਕਤ ਕਦੇ ਕਦਾਈਂ ਕੋਈ ਬਾਬਰੀ ਮਸਜਿਦ ਗਿਰਾਉਣ ਵਰਗੀ ਘਟੀਆ ਕਾਂਰਵਾਈ ਕਰਦੀ ਹੈ ਤਾਂ ਸਾਡੇ ਦੇਸ਼



Sri Satguru Jagjit Singh Ji eLibrary NamdhariElibrary@gmail.com

ਦੇ ਕਰੋੜਾਂ ਮਿਹਨਤਕਸ਼ ਲੋਕ, ਬੁੱਧੀ-ਜੀਵੀ, ਕਲਮਾਂ ਵਾਲੇ, ਸਿਆਸੀ ਬੰਦੇ, ਇਸ ਅਣ ਮਨੁੱਖੀ ਕਾਰਵਾਈ ਲਈ ਉਨ੍ਹਾਂ ਨੂੰ ਫਿਟੇ ਲਾਅਨਤ ਪਾਉਂਦੇ ਹਨ। ਇਸ ਘਟਨਾ ਦੇ ਸੰਬੰਧ ਵਿੱਚ ਸਾਡੇ ਕਲਮਾਂ ਵਾਲਿਆਂ ਨੇ ਬਹੁਤ ਲਿਖਿਆ ਹੈ। ਪ੍ਰਸਿੱਧ ਤਰੱਕੀਪਸੰਦ ਉਰਦੂ ਸ਼ਾਇਰ ਜਨਾਬ ਕੈਫੀ ਆਜ਼ਮੀ ਦੀ ਕਵਿਤਾ "ਦੂਸਰਾ ਬਨਬਾਸ" ਇਕ ਇਤਿਹਾਸਕ ਦਸਤਾਵੇਜ਼ ਬਣ ਚੁੱਕੀ ਹੈ:-

ਰਾਮ ਬਨਬਾਸ ਸੇ ਜਬ ਲੌਟ ਕੇ, ਘਰ ਆਏ।
ਯਾਦ ਜੰਗਲ ਬਹੁਤ ਆਇਆ, ਜੋ ਡਗਰ ਮੇਂ ਆਏ।
ਰਕਸੇ ਦੀਵਾਨਗੀ ਆਂਗਨ ਮੇਂ, ਜੋ ਦੇਖਾ ਹੋਗਾ।
ਛੇਹ ਦਿਸੰਬਰ ਕੋ, ਸ੍ਰੀ ਰਾਮ ਨੇ ਸੋਚਾ ਹੋਗਾ।
ਇਤਨੇ ਦੀਵਾਨੇ ਕਹਾਂ ਸੇ, ਮੇਰੇ ਘਰ ਮੇਂ ਆਏ।
ਜਗਮਗਾਤੇ ਥੇ ਜਹਾਂ ਰਾਮ ਕੇ, ਕਦਮੋਂ ਕੇ ਨਿਸ਼ਾਂ।
ਪਿਆਰ ਕੀ ਕਹਿਕਸ਼ਾਂ, ਲੇਤੀ ਥੀ ਅੰਗੜਾਈ ਜਹਾਂ।
ਮੋੜ ਨਫ਼ਰਤ ਕੇ ਉਸੀ, ਰਾਹ ਗੁਜ਼ਰ ਮੇਂ ਆਏ।
ਧਰਮ ਕਿਆ ਉਨਕਾ ਹੈ ਕਿਆ ਜਾਤ ਹੈ, ਯੇਹ ਜਾਨਤਾ ਕੌਨ।
ਘਰ ਨ ਜਲਤਾ ਤੋਂ ਉਨ੍ਹੇਂ, ਰਾਤ ਕੋ ਪਹਿਚਾਨਤਾ ਕੌਨ।
ਘਰ ਜਲਾਨੇ ਕੋ ਮਿਰਾ ਲੋਗ ਜੋ ਘਰ ਮੇਂ ਆਏ।
ਸ਼ਾਕਾਹਾਰੀ ਹੈਂ ਮਿਰੇ ਦੋਸਤ, ਤੁਮਹਾਰੇ ਖੰਜਰ।
ਤੁਮਨੇ ਬਾਬਰ ਕੀ ਤਰਫ, ਫੈਂਕੇ ਥੇ ਸਾਰੇ ਪੱਥਰ।
ਹੈ ਮੇਰੇ ਸਰ ਕੀ ਖ਼ਤਾ, ਜ਼ਖ਼ਮ ਜੋ ਮੇਰੇ ਸਰ ਪੇ ਆਏ।
ਪਾਓਂ ਸਰਯੂ ਮੇਂ ਅਭੀ, ਰਾਮ ਨੇ ਧੋਏ ਭੀ ਨਾ ਥੇ।
ਕਿ ਨਜ਼ਰ ਆਏ ਵਹਾਂ, ਖ਼ੂਨ ਕੇ ਗਹਿਰੇ ਧੱਬੇ।
ਪਾਓਂ ਧੋਏ ਬਿਨਾਂ, ਸਰਯੂ ਕੇ ਕਿਨਾਰੇ ਸੇ ਉਠੇ।
ਰਾਮ ਯੇਹ ਕਹਿਤੇ ਹੂਏ, ਆਪਣੇ ਦੁਆਰੇ ਸੇ ਉਠੇ।
ਰਾਜਧਾਨੀ ਕੀ ਫਿਜ਼ਾ, ਆਈ ਨਹੀਂ ਰਾਸ ਮੁਝੇ।
ਛੇਹ ਦਿਸੰਬਰ ਕੋ ਮਿਲਾ ਦੂਸਰਾ ਬਨਬਾਸ ਮੁਝੇ।



Sri Satguru Jagjit Singh Ji eLibrary NamdhariElibrary@gmail.com

## ਸੂਝ ਦਾ ਚੌਮੁਖੀਆ ਦੀਵਾ ਬਾਲਣ ਵਾਲੇ

ਫਿਰ ਕੁਝ ਸੱਜਣ ਇਹ ਵੀ ਪੁੱਛਦੇ ਕਿ ਜੇ ਵੰਡ ਵੇਲੇ ਤੁਸੀਂ (ਭਾਵ ਸਿੱਖ ਲੋਕ) ਸਾਡੇ ਨਾਲ ਰਲ ਜਾਂਦੇ ਤਾਂ ਠੀਕ ਨਹੀਂ ਸੀ? ਮੈਂ ਜੁਆਬ ਦੇਂਦਾ ਕਿ ਠੀਕ ਤਾਂ ਵੰਡ ਦਾ ਨਾ ਹੋਣਾ ਸੀ। ਸੁਆਰਥੀ ਤੱਤਾਂ ਨੇ ਸਾਮਰਾਜੀ ਸ਼ਕਤੀਆਂ ਦੀ ਸ਼ਹਿ 'ਤੇ, ਦੁਪਾਸੀਂ ਨਫ਼ਰਤ ਫੈਲਾ ਕੇ ਜੋ ਪੈਸਾ ਤਰੱਕੀ ਦੇ ਕੰਮਾਂ ਲਈ ਖਰਚ ਹੋਣਾ ਸੀ ਉਹਨੂੰ ਤਬਾਹੀ ਵਾਸਤੇ ਵਰਤਿਆ। ਦੋਹਾਂ ਪਾਸੇ ਦੇ ਲੋਕਾਂ ਵਿੱਚ ਤਾਂ ਕੋਈ ਝਗੜਾ ਨਹੀਂ, ਪਰ ਵੱਡੇ ਘਰਾਂ ਵਾਲੇ ਆਪਣੇ ਮੁਨਾਫਿਆਂ ਦੇ ਲੋਭ ਵਿੱਚ ਭਰਾਵਾਂ ਵਿਚਾਲੇ ਫੁੱਟ ਪਾ ਕੇ ਆਪਣੀ ਲੁੱਟ ਕਾਇਮ ਰੱਖ ਰਹੇ ਹਨ। ਜਨਾਬ ਉਸਤਾਦ ਦਾਮਨ ਹੋਰਾਂ ਦੇ ਇਹ ਸ਼ੇਅਰ ਸਾਰੇ ਹਾਲਾਤ ਦੀ ਵਧੀਆ ਤਰਜਮਾਨੀ ਕਰਦੇ ਹਨ:--

ਵਾਘੇ ਨਾਲ ਅਟਾਰੀ ਦੀ ਨਹੀਂ ਟੱਕਰ,
ਨਾ ਹੀ ਗੀਤਾ ਦੇ ਨਾਲ ਕੁਰਾਨ ਦੀ ਏ।
ਨਹੀਂ ਕੁਫ਼ਰ ਇਸਲਾਮ ਦੀ ਇਹ ਟੱਕਰ,
ਸਾਰੀ ਗੱਲ ਤਾਂ ਨਫ਼ੇ ਨੁਕਸਾਨ ਦੀ ਏ।

ਇਹੋ ਉਸਤਾਦ ਦਾਮਨ ਜਦੋਂ ਸਾਂਝੇ ਹਿੰਦ ਪਾਕ ਮੁਸ਼ਾਇਰੇ ਲਈ ਲਾਹੌਰੋਂ ਆਏ ਸਨ ਉਚੇਚੇ ਤਾਂ ਦਿੱਲੀ ਵਿੱਚ ਉਹਨਾਂ ਸ਼ੇਅਰ ਆਖੇ ਸਨ:--

ਆਜ਼ਾਦੀਆਂ ਹੱਥੋਂ ਬਰਬਾਦ ਯਾਰੋ,
ਹੋਏ ਤੁਸੀਂ ਵੀ ਓ ਹੋਏ ਅਸੀਂ ਵੀ ਆਂ।

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ ! ਸੋਏ ਅਸੀਂ ਵੀ ਹਾਂ।

ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ ! ਰੋਏ ਅਸੀਂ ਵੀ ਹਾਂ।

ਸਟੇਜ ਉੱਤੇ ਬੈਠੇ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪੁਰਨਮ ਅੱਖਾਂ ਨਾਲ ਉੱਠ ਕੇ, ਦਾਮਨ ਨੂੰ ਜੱਫੀ ਪਾ ਲਈ ਸੀ। ਦੋਹਾਂ ਮੁਲਕਾਂ ਵਿਚਾਲੇ ਸਾਂਝੀਆਂ ਕੌਮੀ, ਇਤਿਹਾਸਕ ਤੇ ਸੱਭਿਆਚਾਰਕ ਤੰਦਾਂ ਨੂੰ ਘੁੱਟ ਕੇ ਫੜੀ ਰੱਖਣ ਵਾਲਿਆਂ ਵਿੱਚ ਕਦੀ ਨਾ ਕਦੀ ਕਾਰਗਿਲ ਵਰਗੀਆਂ ਅਣਸੁਖਾਵੀਆਂ ਘਟਨਾਵਾਂ ਆ ਜਾਂਦੀਆਂ ਹਨ। ਉਦੋਂ ਇਨ੍ਹਾਂ ਘਟਨਾਵਾਂ ਦਾ ਕੁਝ ਕੁਝ ਜ਼ਿਕਰ ਆਸ਼ਕ ਬੱਢੇ ਦੀਆਂ ਗੱਲਾਂ ਬਾਤਾਂ ਵਿੱਚੋਂ



Sri Satguru Jagjit Singh Ji eLibrary NamdhariElibrary@gmail.com

ਮਿਲਦਾ ਸੀ ਜੋ ਕਹਿੰਦਾ ਸੀ ਕਿ ਐਂਤਕੀ ਸਾਡੀ ਤਿਆਰੀ ਚੌਖੀ ਏ ਤੇ ਕੁਝ ਨਾ ਕੁਝ ਹੋਏਗਾ। ਪਰ ਅਸੀਂ ਸਮਝਦੇ ਸਾਂ ਕਿ ਆਮ ਪਾਕਿਸਤਾਨੀ ਕਸ਼ਮੀਰ ਦੇ ਮੁੱਦੇ ਉੱਤੇ ਉਪਭਾਵੁਕਤਾ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੀ ਸਖਸ਼ੀਅਤ ਦੀ ਸਾਰੀ ਉਸਾਰੀ ਅਜੇਹੇ ਮਾਹੌਲ ਵਿੱਚ ਹੀ ਹੁੰਦੀ ਹੈ ਜਿਸ ਵਿੱਚੋਂ ਕਸ਼ਮੀਰ ਨੂੰ ਗੈਰ ਹਾਜ਼ਿਰ ਕਰਨਾ ਸੌਖਾ ਕੰਮ ਨਹੀਂ। ਜਿਸ ਤਰ੍ਹਾਂ ਸਾਡੇ ਇੱਧਰ ਧਰਮ ਅਧਾਰਿਤ ਰਾਜਨੀਤੀ ਕਰਨ ਵਾਲਿਆਂ ਪਾਸ 'ਹਿੰਦੂ ਧਰਮ ਖਤਰ ਵਿੱਚ', 'ਪੰਥ ਖਤਰੇ ਵਿੱਚ' ਆਦਿ ਨਾਹਰੇ ਹਨ ਉਧਰ ਕਸ਼ਮੀਰ ਦੇ ਸੁਆਲ 'ਤੇ "ਇਸਲਾਮ ਖਤਰੇ ਵਿੱਚ" ਦਾ ਨਾਅਰਾ ਚੱਲਦਾ ਰਹਿੰਦਾ ਹੈ। ਉੱਧਰਲੇ ਤੇ ਇੱਧਰਲੇ ਫਿਰਕੂ ਫਿਤਨੇ ਇਹ ਭੁੱਲ ਜਾਂਦੇ ਹਨ ਕਿ 1947 ਈ.ਤੋਂ ਪਹਿਲਾਂ ਦੁਨੀਆਂ ਦਾ ਪ੍ਰਾਚੀਨ ਧਰਮ ਹਿੰਦੂ, ਉਸਤੋਂ ਕੁਝ ਨਵਾਂ ਈਸਾਈ, ਇਸਲਾਮ ਅਤੇ ਬਹੁਤ ਲਾਗੇ ਦਾ ਧਰਮ ਸਿੱਖ ਧਰਮ ਇਸ ਖਿੱਤੇ ਵਿੱਚ ਬਿਨਾਂ ਕਿਸੇ ਲੰਮੇ ਝਗੜੇ ਤੋਂ ਸੈਂਕੜੇ ਵਰ੍ਹੇ ਇੱਕਠੇ ਰਹੇ ਸਨ। ਇਹ ਫ਼ਰੀਦ ਜਿਹੇ ਸੂਫੀਆਂ ਅਤੇ ਕਬੀਰ ਜਿਹੇ ਭਗਤਾਂ, ਗੁਰੂਆਂ ਦੀ ਬਾਣੀ ਦਾ ਸਦਕਾ ਹੈ ਕਿ ਆਪੋ ਆਪਣੇ ਇਸ਼ਟ ਦੇਵਾਂ ਦੀ ਆਪਣੇ ਨਾਨਕ ਜਿਹੇ ਢੰਗ ਨਾਲ ਪੂਜਾ ਅਰਚਣਾ ਅਤੇ ਉਪਾਸ਼ਨਾ ਕਰਨ ਦੇ ਬਾਵਜੂਦ, ਭਾਈਚਾਰਕ ਸੰਬੰਧਾਂ ਵਿੱਚ ਤਰੇੜਾਂ ਨਹੀਂ ਆਈਆਂ। ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਉਦੋਂ ਮੱਸੇ ਰੰਘੜ ਨੂੰ ਮਾਰਨ ਵਾਲੇ ਸੂਰਮੇ, ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦੇ ਨਾਬਾਲਗ ਪੁੱਤਰ ਨੂੰ ਆਪਣੇ ਪਰਿਵਾਰ ਦੇ ਜੀਆਂ ਦੀ ਕੁਰਬਾਨੀ ਦੇ ਕੇ ਸ਼ਾਹੀ ਫੌਜਾਂ ਤੋਂ ਬਚਾਉਣ ਵਾਲਾ ਮੁਸਲਮਾਨ ਚੌਧਰੀ ਨੱਥਾ ਹੀ ਸੀ।

ਇੱਥੇ ਰਹਿੰਦੇ ਕੁਝ ਲੇਖਕਾਂ ਦੇ ਦਰਸ਼ਨ ਨਾ ਕਰ ਸਕਣ ਦਾ ਹੇਰਵਾ ਲੈ ਕੇ ਹੀ ਅਸੀਂ ਲਾਹੌਰੋਂ ਪਰਤੇ। ਇਨ੍ਹਾਂ ਵਿੱਚੋਂ "ਲਹਿਰਾਂ" ਪ੍ਰਸਿੱਧ ਪੰਜਾਬੀ ਮਾਸਿਕ ਜੋ ਲਾਹੌਰ ਤੋਂ ਛਪਦਾ ਹੈ, ਦੇ ਐਡੀਟਰ ਜਨਾਬ ਅਖਤਰ ਹੁਸੈਨ, ਪ੍ਰਸਿੱਧ ਦਾਨਸ਼ਵਰ ਸਿਬਤੁਲ ਹਸਨ ਜ਼ੈਗਮ ਅਤੇ ਉਸਤਾਦ ਦਾਮਨ ਦੀ ਜੀਵਨੀ 'ਤੇ ਅਧਾਰਿਤ ਇਕ ਬੜਾ ਸਫਲ ਨਾਵਲ ਲਿਖਣ ਵਾਲੇ ਜਨਾਬ ਫਰਜ਼ੰਦ ਅਲੀ ਸ਼ਾਮਲ ਸਨ। ਫਰਜ਼ੰਦ ਅਲੀ ਹੋਰਾਂ ਨਾਲ ਤਾਂ ਪੁਰਾਣੇ ਜ਼ਿਲ੍ਹੇ ਦੀ ਵੀ ਸਾਂਝ ਸੀ। 'ਭੁੱਬਲ' ਨਾਵਲ ਵਿੱਚ ਉਸਤਾਦ ਹੋਰੀਂ ਉਹਨੂੰ ਥਾਂ ਪੁਰ ਥਾਂ 'ਸ਼ੇਖੂਪੁਰੀਆ' ਆਖ ਕੇ ਹੀ ਮੁਖ਼ਾਤਿਬ ਹੁੰਦੇ ਹਨ। ਇਹ ਨਾਵਲ ਪਾਕਿਸਤਾਨ ਵਿਚਲੇ ਜਗੀਰਦਾਰਾਂ, ਮੁਜਾਰਿਆਂ, ਕਾਰਖਾਨੇਦਾਰਾਂ ਅਤੇ ਕਾਰਖਾਨੇ ਦਿਆਂ ਮਜ਼ਦੂਰਾਂ ਵਿਚਾਲੇ ਲੁਕਵੇਂ ਦਵੰਦ ਨੂੰ ਉਘਾੜਦਾ ਹੈ ਅਤੇ ਪੈਸੇ ਦੇ ਮੂਲ ਸਰੋਤ, ਇਨਸਾਨੀ ਕਿਰਤ ਦੀ ਲੁੱਟ ਖਸੁੱਟ ਵੱਲ ਇੰਗਤ ਕਰਦਾ ਹੈ। ਗੁਰੂ ਨਾਨਕ ਵੀ ਤਾਂ ਇਹੋ ਕਹਿੰਦਾ ਹੈ:-

ਪਾਪਾ ਬਾਝਹੁੰ ਹੋਵੈ ਨਾਹੀ
ਮੁਇਆ ਸਾਥ ਨਾ ਜਾਈ।"

ਜਿਵੇਂ ਸਾਰੇ ਪੈਸੇ ਦੇ ਪੀਰਾਂ ਦਾ ਅਣਮਨੁੱਖੀ ਸੁਭਾਉ ਹੋ ਜਾਂਦਾ ਹੈ ਉਹ ਵੀ ਇਸ



Sri Satguru Jagjit Singh Ji eLibrary NamdhariElibrary@gmail.com

ਨਾਵਲ ਵਿੱਚ ਉਸਤਾਦ ਦਾਮਨ ਦੀ ਸਿੱਖਿਆ ਦੀ ਮਾਰਫ਼ਤ ਦੱਸਿਆ ਗਿਆ ਹੈ।

ਸਾਡੇ ਭਾਰਤ ਪਰਤਣ ਬਾਅਦ ਫਰਜ਼ੰਦ ਅਲੀ ਹੋਰਾਂ ਦਾ ਇਕ ਬੜਾ ਪਿਆਰਾ ਖ਼ਤ ਮੈਨੂੰ ਮੇਰੇ ਪਿੰਡ ਕਰੀਵਾਲੇ ਦੇ ਪਤੇ 'ਤੇ ਆਇਆ ਸੀ ਜਿਸ ਵਿੱਚ ਉਨ੍ਹਾਂ ਲਿਖਿਆ ਸੀ ਕਿ ਜਨਾਬ ਗੁਰਦਾਸ ਸਿੰਘ ਘਾਰੂ ਅਤੇ ਸੁਵਰਨ ਸਿੰਘ ਵਿਰਕ ਹੋਰੀਂ ਇੱਥੇ ਆਏ ਸਨ, ਪਰ ਬਿਨਾਂ ਮਿਲਿਆਂ ਚਲੇ ਗਏ। ਅੱਗੇ ਤੋਂ ਇਸ ਤਰ੍ਹਾਂ ਨਾ ਕਰਨਾ। ਇਲਿਆਸ ਘੁੰਮਣ ਹੋਰਾਂ ਜਾਂ ਪ੍ਰਿੰਸੀਪਲ ਗੁਲਾਮ ਰਸੂਲ ਆਜ਼ਾਦ ਹੋਰਾਂ ਤੋਂ ਸਾਡੀ ਉਨ੍ਹਾਂ ਦੇ ਦਰਸ਼ਨਾਂ ਦੀ ਸਿੱਕ ਉਨ੍ਹਾਂ ਤੱਕ ਪੁੱਜ ਗਈ ਹੋਵੇਗੀ। ਕਲਮਾਂ ਵਾਲਿਆਂ ਦੇ ਇਹਨਾਂ ਕਾਫ਼ਲਿਆਂ ਦੀ ਸੁੱਖ ਮੰਗ ਕੇ ਹੀ ਇਸ ਖਿੱਤੇ ਵਿੱਚ ਸਦੀਵੀ ਅਮਨ ਦੇ ਬੂਟੇ ਲਾਏ ਜਾ ਸਕਦੇ ਹਨ। ਆਪਣੇ ਵੇਲੇ ਦੇ ਪਾਕਿਸਤਾਨੀ ਫੌਜੀ ਹਾਕਮਾਂ ਨੂੰ ਖ਼ਰੀਆਂ ਸੁਨਾਉਣ ਵਿੱਚ ਹਬੀਬ ਜਾਲਿਬ ਵਰਗੇ ਸ਼ਾਇਰ ਖਾਮੋਸ਼ ਨਹੀਂ ਰਹੇ:-

ਮੁਹੱਬਤ ਗੋਲੀਉਂ ਸੇ ਬੋ ਰਹੇ ਹੈਂ
ਵਤਨ ਕਾ ਚਿਹਰਾ ਖ਼ੂੰ ਸੇ ਧੋ ਰਹੇ ਹੈਂ,
ਗੁਮਾ ਤੁਮ ਕੋ ਕਿ ਰਸਤਾ ਕੱਟ ਰਹਾ ਹੈਂ-
ਯਕੀਂ ਮੁਝ ਕੋ ਕਿ ਮੰਜ਼ਿਲ ਖੋ ਰਹੇ ਹੈਂ।

ਅਗਲੀ ਪੀੜ੍ਹੀ ਦੇ ਕਲਾਕਾਰਾਂ ਨੂੰ ਫੌਜੀ ਜੁੰਡਲੀ ਵਿਰੁੱਧ ਬੇਕਿਰਕ ਲੜਾਈ ਵਾਲਾ ਇਹ ਸ਼ਾਇਰ, ਇਹ ਵਸੀਅਤ ਕਰ ਗਿਆ ਹੈ:--

ਦੇਨਾ ਪੜੇ ਕੁਝ ਭੀ ਹਰਜਾਨਾ
ਸੱਚ ਹੀ ਲਿਖਤੇ ਜਾਨਾ।
ਮੱਤ ਘਬਰਾਨਾ, ਮੱਤ ਡਰ ਜਾਨਾ,
ਸੱਚ ਹੀ ਲਿਖਤੇ ਜਾਨਾ।

ਕਿਉਂਕਿ ਬਕੌਲ ਜਾਲਿਬ:-

ਸੱਚ ਕਹਿਕੇ ਕਿਸੀ ਦੌਰ ਮੇਂ
ਪਛਤਾਏ ਨਹੀਂ ਹਮ।
ਕਿਰਦਾਰ ਪੇ ਅਪਨੇ ਕਭੀ
ਸ਼ਰਮਾਏ ਨਹੀਂ ਹਮ।

ਕਿਉਂਕਿ ਲਾਹੌਰ ਵਿੱਚ ਇਹ ਸਾਡੀ ਆਖਰੀ ਰਾਤ ਸੀ ਇਕ ਵਾਰ ਫਿਰ ਅਸੀਂ ਕੁਝ ਸੱਜਣ, ਸ਼ਾਹੀ ਕਿਲ੍ਹੇ ਦੇ ਅੱਗੋਂ ਦੀ ਹੁੰਦੇ ਹੋਏ ਬਾਹਰ ਸ਼ਾਹੀ ਮਸੀਤ ਵਾਲੇ ਪਾਸੇ ਵਾਲੇ ਬਾਜ਼ਾਰ ਵਿੱਚ ਚਾਹ ਦੀਆਂ ਦੁਕਾਨਾਂ 'ਤੇ ਜਾ ਬੈਠੇ। ਪ੍ਰਸ਼ਾਦੇ ਦੀ ਲੋੜ ਤਾਂ ਘੁੰਮਣ ਹੋਰਾਂ ਦੀ ਦਾਅਵਤ ਬਾਅਦ ਰਹਿ ਨਹੀਂ ਗਈ ਸੀ। ਚਾਹ ਪੀਣ ਦੇ ਬਹਾਨੇ ਅਸੀਂ ਚਾਹੁੰਦੇ ਸਾਂ ਪਈ ਕੁਝ



Sri Satguru Jagjit Singh Ji eLibrary NamdhariElibrary@gmail.com

ਚਿਰ ਹੋਰ ਪਾਕਿਸਤਾਨੀ ਪੰਜਾਬੀਆਂ ਨਾਲ ਗੱਲ ਬਾਤ ਕਰ ਲਈ ਜਾਵੇ। ਉਨ੍ਹਾਂ ਵਿੱਚੋਂ ਜ਼ਿਆਦਾ ਨੌਜੁਆਨ ਮੁੰਡੇ ਹੀ ਸਨ ਅਤੇ ਉਹ ਸਾਡੇ ਬਚਨ ਬਿਲਾਸ ਬੜੀ ਦਿਲਚਸਪੀ ਨਾਲ ਸੁਣਦੇ ਸਨ ਅਤੇ ਕਹਿੰਦੇ ਸਨ "ਸਾਨੂੰ ਤੁਹਾਡੀ ਬੋਲੀ ਬੜੀ ਮਿੱਠੀ ਲੱਗਦੀ ਏ।" ਅਸੀਂ ਜੁਆਬ ਵਿੱਚ ਦੱਸਿਆ ਕਿ ਜਿਸ ਬੋਲੀ ਨੂੰ ਸ਼ੇਖ ਫਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਬੁਲ੍ਹੇਸ਼ਾਹ, ਗੁਰੂ ਅਰਜਨ, ਹਾਸ਼ਿਮ ਅਤੇ ਵਾਰਿਸ ਸ਼ਾਹ ਜਹੀਆਂ ਅਜ਼ੀਮ ਸ਼ਖਸੀਅਤਾਂ ਦਾ ਕਲਾਮ ਆਪਣੀ ਹਿੱਕ ਵਿੱਚ ਸਮੋਈ ਰੱਖਣ ਦਾ ਸ਼ਰਫ ਹਾਸਿਲ ਹੋਇਆ ਹੈ, ਉਹ ਮਿੱਠੀ ਕਿਵੇਂ ਨਾ ਹੋਵੇ। ਮਿੰਟਗੁਮਰੀ ਵੱਲ ਦੇ ਕੁਝ ਕਿਸਾਨਾਂ ਤੋਂ ਪਤਾ ਲੱਗਿਆ ਕਿ ਨਰਮਾ, ਕਪਾਹ ਦੇ ਝਾੜ ਉਨ੍ਹਾਂ ਦੇ ਵੀ ਘਟੇ ਹਨ, ਪਰ ਸਾਡੇ ਜਿੰਨੀ ਮਾੜੀ ਹਾਲਤ ਉੱਧਰ ਨਹੀਂ ਹੋਈ। 10-15 ਮਣ ਕਿੱਲਾ ਝਾੜ ਹੈ। ਜਦੋਂ ਅਸੀਂ ਉਨ੍ਹਾਂ ਨੂੰ ਦੱਸਿਆ ਕਿ ਫ਼ਸਲ ਕੀੜਿਆਂ ਦੁਆਰਾ ਤਬਾਹ ਹੋ ਜਾਣ, ਭਾਰੀਆਂ ਵਿਆਜ ਦਰਾਂ 'ਤੇ ਚੁੱਕੇ ਕਰਜ਼ੇ ਨਾ ਮੋੜਣ ਦੀ ਮਜਬੂਰੀ ਵਿੱਚ ਸਾਡੇ ਦੇਸ਼ ਦੇ ਨਰਮਾ ਪੱਟੀ ਦੇ ਕਿਸਾਨਾਂ ਨੂੰ ਆਤਮ ਹੱਤਿਆਵਾਂ ਲਈ ਮਜਬੂਰ ਹੋਣਾ ਪੈ ਰਿਹਾ ਹੈ ਤਾਂ ਇਕ ਡੂੰਘੀ ਪੀੜ ਦੀ ਲੀਕ ਉਨ੍ਹਾਂ ਦੇ ਚਿਹਰਿਆਂ 'ਤੇ ਵੀ ਉਭਰ ਆਈ। ਖੇਤੀ ਬਾੜੀ ਦਾ ਸਾਡੇ ਦੇਸ਼ ਵਾਂਗੂੰ ਸਰਮਾਏਦਾਰੀਕਰਣ ਅਜੇ ਪਾਕਿਸਤਾਨ ਵਿੱਚ ਨਹੀਂ ਹੋਇਆ, ਇਸ ਲਈ ਉੱਥੋਂ ਦਾ ਕਿਸਾਨ ਅਜੇ ਸਾਡੇ ਨਾਲੋਂ ਕੁਝ ਰਾਹਤ ਮਹਿਸੂਸ ਕਰਦਾ ਹੈ।

ਸਾਮਾਨ ਵਗੈਰਾ ਰਾਤ ਹੀ ਬੰਨ੍ਹ ਕੇ ਤਿੰਨ ਚਾਰ ਨਗ ਬਣਾ ਲਏ ਸਨ। ਅੱਠ ਤਰੀਕ ਨੂੰ ਇਕ ਦੋ ਵਜੇ ਤੜਕੇ ਤੋਂ ਹੀ ਵਿਰਲੇ ਟਾਂਵੇਂ ਮੁਸਾਫ਼ਰ ਸਟੇਸ਼ਨ 'ਤੇ ਪੁੱਜਣ ਦੀ ਕਾਹਲ ਵਿੱਚ ਵੇਖੇ ਜਾ ਰਹੇ ਸਨ। ਅਸੀਂ ਚਾਰ ਕੁ ਵਜੇ ਤੱਕ ਤਿਆਰ ਹੋ, ਚਮਕਦੇ ਤਾਰਿਆਂ ਵਾਲੀ ਭਿੰਨੀ ਰੈਣ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਨੂੰ ਆਖਰੀ ਨਮਸਕਾਰ ਕੀਤੀ। ਅੰਦਰ ਸ਼ਾਇਦ ਭਾਈ ਗਾਮ ਕੀਰਤਨ ਕਰ ਰਿਹਾ ਸੀ ਭਾਈ ਲਾਲ ਵੀ ਬਾਹਰੋਂ ਡਿਊੜੀ ਵੱਲੋਂ ਚਰਨ ਧੋ ਕੇ ਉਧਰ ਨੂੰ ਹੀ ਵਧ ਰਿਹਾ ਸੀ। ਮੈਂ ਭਾਈ ਮਰਦਾਨੇ ਨੂੰ ਚੇਤੇ ਕਰਕੇ ਪੰਜਾਹ ਰੁਪੈ ਦਾ ਇਕ ਨੋਟ ਭਾਈ ਲਾਲ ਹੋਰਾਂ ਨੂੰ ਅਰਪਣ ਕੀਤਾ। ਮੇਰੇ ਪਾਸ ਕੁਝ ਪਾਕਿਸਤਾਨੀ ਕਰੰਸੀ ਵਧ ਗਈ ਸੀ। ਮੈਨੂੰ ਅਫ਼ਸੋਸ ਹੋਇਆ ਕਿ ਪਿਛਲੇ ਦਿਨੀਂ ਪੰਜਾਬ ਦੀ ਤਵਾਰੀਖ ਦੀਆਂ ਕੁਝ ਚੰਗੀਆਂ ਪੁਸਤਕਾਂ ਅੰਗਰੇਜ਼ੀ ਵਿੱਚ ਖਰੀਦ ਨਹੀਂ ਸਕਿਆ। ਉਰਦੂ ਮੇਰੇ ਵੱਸ ਦੀ ਭਾਸ਼ਾ ਨਹੀਂ।

ਪਹਿਲੀ ਗੱਡੀ ਇਥੇ ਨੌ ਕੁ ਵਜੇ ਬਾਦਾਮੀ ਬਾਗ ਤੋਂ ਚੱਲੀ। ਅਸੀਂ ਆਪਣੇ ਸੁਭਾਉ ਮੁਤਾਬਿਕ ਦੂਜੀ ਗੱਡੀ ਲਈ ਹੀ ਰੁਕ ਗਏ। ਸਾਡੇ ਜ਼ਿਲ੍ਹੇ ਦੇ ਬਹੁਤ ਸਾਰੇ ਸੱਜਣ ਪਹਿਲੀ ਗੱਡੀ ਵਿੱਚ ਚੜ੍ਹ ਚੁੱਕੇ ਸਨ। ਤੇ ਲਓ ਜੀ ਸਾਡਾ ਬੇਲੀ ਆਸ਼ਕ ਬੱਢਾ ਹੁਣ ਫਿਰ ਪਲੇਟਫਾਰਮ 'ਤੇ ਘੁੰਮਦਾ ਘੁੰਮਦਾ ਸਾਡੇ ਕੋਲ ਆਇਆ। ਉਸਨੇ ਭਾਰਤ ਵਿਚਲੇ ਖਾਸ ਕਰਕੇ ਮੇਰੇ ਪਿੰਡ ਕਰੀਵਾਲਾ ਵਿਚਲੇ ਆਪਣੇ ਮਿੱਤਰਾਂ ਬਲਦੇਵ ਸਿੰਘ ਸਰਪੰਚ, ਸੇਠ



Sri Satguru Jagjit Singh Ji eLibrary NamdhariElibrary@gmail.com

ਕੁੰਦਨ ਸਿੰਘ ਝੱਬਰ, ਸੇਵਾ ਸਿੰਘ ਵਕੀਲ, ਕਾ. ਬਲਰਾਜ ਸਿੰਘ ਬਣੀ, ਕਾ. ਚਨਣ ਸਿੰਘ ਵਿਰਕ, ਕਾ. ਚਰਨਜੀਤ ਸਿੰਘ ਚਾਨਣਾ, ਸਵਰਨ ਸਿੰਘ ਬਾਵਾ, ਸੇਵਾ ਸਿੰਘ ਵਰਨ ਆਦਿ ਲਈ ਪੱਤਰ ਤਾਂ ਸਾਨੂੰ ਨਨਕਾਣਾ ਸਾਹਿਬ ਵਿੱਚ ਹੀ ਦੇ ਦਿੱਤੇ ਸਨ। ਇੱਥੇ ਉਸਨੇ ਜ਼ੁਬਾਨੀ ਸਭਨਾਂ ਦਾ ਨਾਂ ਵਾਰੀ ਵਾਰੀ ਲੈ ਕੇ ਉਹਨਾਂ ਤੱਕ ਦੁਆ ਸਲਾਮ ਪੁਚਾਉਣ ਲਈ ਕਿਹਾ ਸੀ। ਕੁੱਲ ਦੋ ਦਿਨ ਲਾਹੌਰ ਵਰਗੇ ਵਿਸ਼ਾਲ ਸ਼ਹਿਰ ਵਿੱਚ ਕਿੰਨਾ ਘੁੰਮਿਆ ਜਾ ਸਕਦਾ ਸੀ। ਫਿਰ ਛੇਤੀ ਮੁੜਣ ਦੀ ਲਾਲਸਾ ਨਾਲ ਚੱਲਦੀ ਗੱਡੀ ਵਿੱਚੋਂ ਆਸ਼ਕ ਬੱਢੇ ਤੋਂ ਹੱਥ ਹਿਲਾ ਕੇ ਰੁਖ਼ਸਤ ਲਈ।

ਹੁਣ ਜਿਵੇਂ ਜਿਵੇਂ ਸਾਡੀ ਗੱਡੀ ਦੇਸ਼ ਵਾਪਸੀ ਦਾ ਸਫ਼ਰ ਮੁਕਾ ਰਹੀ ਸੀ, ਮੈਂ ਜ਼ਿਲ੍ਹੇ ਲਾਹੌਰ ਨਾਲ ਸੰਬੰਿਧਤ ਆਪਣੀਆਂ ਅਤੇ ਆਪਣੇ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਯਾਦਾਂ ਦੇ ਸਾਗਰ ਵਿੱਚ ਤਾਰੀਆਂ ਲਾਉਣ ਲੱਗ ਪਿਆ ਸਾਂ। ਇਹ ਸਾਡੀਆਂ ਭੂਤਕਾਲ ਦੀਆਂ ਯਾਦਾਂ ਹੀ ਹਨ ਜੋ ਵਰਤਮਾਨ ਦੀ ਮਿੱਟੀ 'ਤੇ ਖਲੋਤਿਆਂ ਭਵਿੱਖ ਨਾਲ ਸਾਡਾ ਗੂਹੜਾ ਰਿਸ਼ਤਾ ਘੜਦੀਆਂ ਹਨ। ਆਪਣੀਆਂ ਯਾਦਾਂ ਤੋਂ ਬੇਮੁਖ ਹੋਣਾਂ ਮਨ ਦੀ ਪੈਲੀ ਦਾ ਵੱਤਰ ਗੁਆਉਣ ਦਾ ਸਬੱਬ ਬਣਦਾ ਹੈ ਅਤੇ ਫਿਰ ਇੱਥੇ ਬੀਜੀ ਸੁਪਨਿਆਂ ਦੀ ਪਨੀਰੀ ਮੁਰਝਾ ਜਾਂਦੀ ਹੈ। ਉਰਦੂ ਸ਼ਾਇਰ ਦਾ ਇਹ ਕਥਨ ਕਈ ਵੇਰ ਯਾਦ ਆਉਂਦਾ ਹੈ:--

**ਉਜਾਲੇ ਆਪਨੀ ਯਾਦੋਂ ਕੇ ਹਮਾਰੇ ਪਾਸ ਰਹਿਨੇ ਦੋ,**
**ਨ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ।**

ਸਾਡਾ ਬਾਂਕਾ ਕਵੀ ਮੋਹਨ ਸਿੰਘ ਵੀ ਤਾਂ ਇਹੋ ਆਖਦਾ ਹੈ ਕਿ ਮਨੁੱਖ ਸਾਰੀ ਉਮਰ ਆਪਣੇ ਸਿਮਰਤੀਆਂ ਦੇ ਸੰਸਾਰ ਵਿੱਚ ਹੀ ਵਿਚਰਦਾ ਰਹਿੰਦਾ ਹੈ:-

**ਪਿਆਰ ਦੋ ਘੜੀਆਂ ਹੀ ਹੁੰਦਾ,**
**ਬਾਕੀ ਉਸਦਾ ਸੁਆਦ ਹੀ।**
**ਜ਼ਿੰਦਗੀ ਦੋ ਪਲ ਹੀ ਹੁੰਦੀ,**
**ਬਾਕੀ ਉਸਦੀ ਯਾਦ ਹੀ।**

ਮੇਰੇ ਗੁਜ਼ਰ ਚੁੱਕੇ ਮਿੱਤਰ ਲੋਕ ਕਵੀ ਕਾਮਰੇਡ ਬਲਵੰਤ ਸਿੰਘ ਸੰਧੂ ਦਾ ਜਨਮ ਇਸੇ ਜ਼ਿਲ੍ਹੇ ਦੇ ਡੱਫਰਕੇ ਪਿੰਡ ਵਿਖੇ ਹੋਇਆ ਸੀ। ਵੰਡ ਬਾਅਦ ਉਹ ਵੀ ਸਾਡੇ ਜਿਉਂ ਕਰੀਵਾਲੇ ਉਸੇ ਵਰ੍ਹੇ ਆ ਗਏ ਸਨ, ਜਦੋਂ ਅਸੀਂ ਭੈਣੀ ਸਾਹਿਬ 7-8 ਵਰ੍ਹੇ ਕੱਟ ਕੇ ਇੱਥੇ ਆਏ ਸਾਂ। ਸਮੇਂ ਨਾਲ ਉਹ ਸਾਡੀਆਂ ਸਟੇਜਾਂ ਦੇ ਬੜੇ ਮਕਬੂਲ ਸ਼ਾਇਰ ਬਣ ਗਏ। ਉਹ ਕਵੀ ਅਤੇ ਕਵਿਤਾ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਦਿਆ ਕਰਦੇ ਸਨ :-

**ਕਵਿਤਾ ਦੀ ਕੜੀ ਹੁੰਦੀ, ਮੋਤੀਆਂ ਦੀ ਲੜੀ ਵਾਂਙੂ**
**ਬੇਰੜਾ ਨਹੀਂ ਇਹ ਜਿਉਂ ਛਟਾਲੇ ਵਿੱਚ ਜਵੀ ਏ।**



Sri Satguru Jagjit Singh Ji eLibrary NamdhariElibrary@gmail.com

ਕਵੀ ਦੀ ਕਲਮ ਜਿੰਨਾ ਬਲਮ1 ਕੰਮ ਕਰੇ ਵੀ ਨਾਂ
ਕਵੀ ਦੂਜਾ ਜਨਤਾ ਲਈ ਹੁੰਦਾ ਪੂਰਾ ਰਵੀ2 ਏ।

ਉਸਦੇ ਵਡੇਰੇ ਡਫਰਕਿਆਂ ਦੇ ਚੇਤ ਸਿੰਘ ਅਤੇ ਸ਼ੇਰ ਸਿੰਘ ਨਾਮਧਾਰੀ ਮਸਤਾਨੇ ਸਨ ਜੋ ਮਸਤੀ ਵਿੱਚ ਬੜੇ ਅਗੰਮੀ ਬੋਲੇ ਛੌਡਿਆ ਕਰਦੇ ਸਨ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ 'ਸਤਿਗੁਰੂ ਬਿਲਾਸ' ਵਿੱਚ ਉਨ੍ਹਾਂ ਦਾ ਜ਼ਿਕਰ ਕਾਨੀਬੱਧ ਹੈ:-

ਤਾਂਹਿ ਖ਼ਬਰ ਅਰਦਾਸੇ ਗਏ।
ਡੱਫਰ ਕੇ ਇਕ ਨਗਰ ਅਹੇ।
ਆ ਪਹੁੰਚੇ ਉਸ ਗ੍ਰਾਮ ਮਝਾਰੇ।
ਸ਼ੇਰ ਸਿੰਘ ਜਹਾ ਗੁਰੂ ਕੇ ਪਿਆਰੇ।
ਝੰਡਾ ਗਾਡਿਓ ਮਿਲ ਕਰ ਤਾਹੀ।
ਦੂਰ ਨਿਕਟ ਬਹੁ ਸੰਗਤ ਆਹੀ।

ਡੱਫਰਕੇ ਪਿੰਡ ਵਿੱਚ ਨਾਮਧਾਰੀਆਂ ਦਾ ਬਹੁਤ ਅਸਰ ਸੀ। ਸ਼ਾਇਦ ਇਸੇ ਕਾਰਨ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਇਹ ਪਿੰਡ ਗੁਪਤ ਵਾਸ ਸਮੇਂ ਹੀ ਠਾਹਰ ਵੀ ਬਣਿਆ। ਕਿਉਂ ਜੁ ਕਾਮਰੇਡ ਉਜਾਗਰ ਸਿੰਘ 'ਬੀਰ' ਦਾ ਜਨਮ ਪਿੰਡ ਤਾਂ ਮੁੰਡੇਕੇ ਸੀ ਪਰ ਰਹਿੰਦੇ ਉਹ ਨਾਨਕੀ ਡੱਫਰਕੇ ਹੀ ਸਨ। ਇਥੋਂ ਦੇ ਸੂਬਾ ਫੂਲਾ ਸਿੰਘ ਦਾ ਫਰਜ਼ੰਦ ਪ੍ਰੀਤਮ ਸਿੰਘ ਕਵੀ ਹੋ ਨਿਬੜਿਆ ਹੈ ਜਿਸਦੀ ਕਲਮ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ। ਜਦੋਂ ਉਨ੍ਹਾਂ ਲੰਮੇ ਅਗਿਆਤਵਾਸ ਬਾਅਦ ਸ੍ਰੀ ਜੀਵਨ ਨਗਰ ਵਿਖੇ ਸਤਿਜੁਗ ਦੀ ਸੰਪਾਦਕੀ ਮੁੜ ਸੰਭਾਲੀ ਉਹ ਸਮਾਂ ਨਾਮਧਾਰੀ ਇਤਿਹਾਸ ਦਾ ਇਕ ਸੰਕਰਮਣ ਕਾਲ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਅੰਤਿਮ ਚੋਜ ਵਾਪਰ ਰਹੇ ਸਨ। ਯੁਵਾ ਸਤਿਗੁਰੂ ਜਗਜੀਤ ਸਿੰਘ ਨਵੇਂ ਮਾਰਗ ਦੇ ਪੂਰਨੇ ਪਾ ਰਹੇ ਸਨ। ਮੇਰੇ ਬਾਲ ਮਨ ਦੀ ਸਲੇਟ 'ਤੇ ਕਵੀ ਜੀ ਦੇ ਜੋ ਪ੍ਰਭਾਵ ਉਕਰੇ ਗਏ, ਕਾਲਾਂਤਰ ਨਾਲ ਉਹਨਾਂ ਨੇ ਗੂਹੜਾ ਲਾਲ ਰੰਗ ਫੜ ਲਿਆ। ਸੂਝ ਦਾ ਚੌਮੁਖੀਆ ਦੀਵਾ ਬਾਲਣ ਲਈ ਅਤੇ ਕਾਗਜ ਕਲਮ ਨਾਲ ਮਾੜਾ ਮੋਟਾ ਰਿਸ਼ਤਾ ਗੰਢਣ ਲਈ, ਮੈਂ ਪ੍ਰੀਤਮ ਸਿੰਘ ਕਵੀ ਜੀ ਮਹਾਨ ਸ਼ਖਸੀਅਤ ਤੋਂ ਸਦਾ-ਸਦਾ ਲਈ ਵਾਰਨੇ ਜਾਂਦਾ ਰਹਾਂਗਾ। "ਸਤਿਜੁਗ" ਉਨ੍ਹਾਂ ਦੀ ਸੰਪਾਦਕੀ ਵਿੱਚ ਬੜਾ ਚਮਕਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧਤ ਅੰਕ ਯਾਦਗਾਰੀ ਹੋ ਨਿਬੜੇ। ਸ਼ਾਇਰ ਵੀ ਉਹ ਵਧੀਆ ਹਨ ਪਰ ਉਨ੍ਹਾਂ ਦਾ ਭਗੀਰਥ ਕਾਰਾ ਹੈ, ਗ੍ਰੰਥ "ਬੀਤੇ ਦੀਆਂ ਪੈੜਾਂ," ਜਿਸ ਦੀਆਂ 10-12 ਜਿਲਦਾਂ ਛਪ ਚੁੱਕੀਆਂ ਹਨ ਅਤੇ ਏਨੀਆਂ ਹੀ ਛਪਣ ਵਾਲੀਆਂ ਹਨ। ਅਸੀਂ ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਦੀ ਜਨਮ ਸ਼ਤਾਬਦੀ ਮਨਾਉਣ ਦੀ ਕਾਮਨਾ ਕਰਦੇ ਹਾਂ।

* 1. ਬਲਮ-ਬਰਛੀ, 2. ਰਵੀ-ਸੂਰਜ



Sri Satguru Jagjit Singh Ji eLibrary NamdhariElibrary@gmail.com

ਡੱਫਰਕੇ ਪਿੰਡ ਦੀ ਪ੍ਰਸਿੱਧ ਨਾਮਧਾਰੀ ਹਸਤੀ ਸੂਬਾ ਲਾਭ ਸਿੰਘ ਅਤੇ ਉਨ੍ਹਾਂ ਦਾ ਅੰਤਰੰਗ ਮਿੱਤਰ ਬਾਵਾ ਨਿਰੰਜਨ ਸਿੰਘ ਵੀ ਸਾਡੇ ਪਿੰਡ ਹੀ ਨਿਵਾਸ ਰੱਖਦੇ ਸਨ। ਬਾਵਾ ਜੀ ਗੁਰਬਾਣੀ ਦੇ ਬੜੇ ਵਿਦਵਾਨ ਪਾਠੀ, ਖਾਨਦਾਨੀ ਵੈਦ, ਸਿਆਣਿਆਂ ਵਿੱਚ ਸਿਆਣੇ ਅਤੇ ਮੁੰਡਿਆਂ ਵਿੱਚ ਮੁੰਡੇ ਬਣ ਕੇ ਵਿਚਰ ਲੈਂਦੇ ਸਨ। ਲੋਕ ਕਵੀ ਦੇ ਵੱਡੇ ਭਾਈ ਜਥੇਦਾਰ ਠਾਕੁਰ ਸਿੰਘ, ਨਿਹੰਗ ਸਿੰਘ ਵੀ ਹੁਣ ਆਪਣੀ ਵਿਲੱਖਣ ਸ਼ਖਸੀਅਤ ਕਰਕੇ ਸਾਡੇ ਚੇਤਿਆਂ ਵਿੱਚ ਜੁਗਨੂੰਆਂ ਜਿਉਂ ਵੱਸ ਰਹੇ ਹਨ।

ਲਾਹੌਰ ਦੇ ਥਾਣੇ ਚੂੰਘ ਦਾ ਇਕ ਹੋਰ ਪਿੰਡ ਮਾਂਗਾ, ਕੂਕਾ ਕਾਰ ਜਿਨ੍ਹਾਂ ਵਿੱਚ ਆਉਂਦੀ ਸੀ, ਉਨ੍ਹਾਂ ਕੂਕਿਆਂ ਦਾ ਪਿੰਡ ਮਾਂਗਾ। ਤੰਬੋਲੀ ਦੇ ਖੂਹ ਵਾਲਾ ਸੰਮਾ ਸਿੰਘ ਨਾਮਧਾਰੀ। ਤੇੜ ਕਛਿਹਰਾ ਪਾਟਾ ਜਿਹਾ ਸਿਰ 'ਤੇ ਪਰਨਾ ਗਲੋਂ ਨੰਗਾ। ਪੁੱਜ ਗਿਆ ਵਰ੍ਹੇ ਬਾਅਦ ਹੋਣ ਵਾਲਾ ਨਾਮਧਾਰੀਆਂ ਦਾ ਵੱਡਾ ਇਕੱਠ ਹੋਲਾ ਮੰਗਣ, ਸਤਿਗੁਰੂ ਪ੍ਰਤਾਪ ਸਿੰਘ ਪਾਸ। ਮੰਗਲ ਸਿੰਘ ਅਰਸ਼ੀ ਫਰਿਸ਼ਤੇ ਨੇ ਕਿਹਾ "ਉਇ ਸੰਤਾ! ਹੋਲਾ ਲੈਣਾ ਈ ਕੋਈ ਬਖਤਾਵਰ ਨਾਲ ਲੈ ਕੇ ਆ। ਹੋਲੇ ਦਾ ਖਰਚਾ ਤੇਰੇ ਵੱਸ ਦਾ ਰੋਗ ਨਹੀਂ" ਬਹਿ ਗਿਆ। ਫਿਰ ਗੇੜੇ ਦੇ ਕੇ ਆ ਗਿਆ ਹੋਲਾ ਮੰਗਣ। "ਬਈ ਤੈਨੂੰ ਰੋਕਿਆ ਏ ਕਿਉਂ ਆਉਂਨਾ ਏ ਘੜੀ ਮੁੜੀ?" ਸੰਤਾਂ ਘੋਖਵੀਂ ਨਜ਼ਰ ਸੁੱਟੀ। ਸੰਮਾ ਸਿੰਘ ਦਾ ਜੁਆਬ ਸੀ "ਜਿਹੜਾ ਮੇਰਾ ਬੇਲੀ ਏ ਉਹ ਮੈਨੂੰ ਬਹਿਣ ਨਹੀਂ ਦਿੰਦਾ। ਉਹ ਆਂਹਦਾ ਏ ਪਈ ਹੋਲਾ ਤੈਥੋਂ ਹੀ ਕਰਵਾਉਣਾ ਏ।" ਸਤਿਗੁਰੂ ਪ੍ਰਤਾਪ ਸਿੰਘ ਉਸ ਦੀ ਮਸਤ ਬਿਰਤੀ 'ਤੇ ਪਸੀਜ ਗਏ ਅਤੇ ਮਾਂਗੇ ਦੀ ਜੂਹ ਵਿੱਚ ਤੰਬੋਲੀ ਵਾਲੇ ਖੂਹਾਂ 'ਤੇ ਹੋਏ ਇਸ ਹੋਲੇ ਦੀ ਨਾਮਧਾਰੀ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਏ। ਇਹ ਹੋਲਾ ਮਸਤਾਂ ਦਾ ਹੋਲਾ ਸੀ, ਫੱਕਰਾਂ ਦਾ ਹੋਲਾ ਸੀ ਤੇ ਆਂਹਦੇ ਨੇ ਪਈ ਇਹ ਹੋਲਾ ਹੋਇਆ ਵੀ ਬੜਾ ਗੱਜ ਵੱਜ ਕੇ। ਕਿਸੇ ਸ਼ੈ ਦੀ ਤੋਟ ਨਹੀਂ ਸੀ ਆਈ। ਮਾਂਗੇ ਦੇ ਉਨ੍ਹਾਂ ਪ੍ਰਸਿੱਧ ਨਾਮਧਾਰੀਆਂ ਦੇ ਵੰਸ਼ਜ ਵੀ ਮੇਰੇ ਪਿੰਡ ਵਿੱਚ ਹੀ ਨਿਵਾਸ ਰੱਖਦੇ ਹਨ। ਬਾਬਾ ਫੌਜਾ ਸਿੰਘ ਨੂੰ ਉਸੇ ਕੂਕਾ ਕਾਰ ਵਿੱਚ ਆਇਆਂ ਮੈਂ ਕਈ ਵੇਰ ਤੱਕਿਆ ਏ। ਸੰਤ ਹਰਨਾਮ ਸਿੰਘ ਮਾਂਗਾ ਵੀ ਸਾਡੇ ਪਿੰਡ ਦੀ ਉੱਘੀ ਸ਼ਖਸੀਅਤ ਸਨ, ਜਿਨ੍ਹਾਂ ਦਾ ਬਾਪੂ ਜੀ ਨਾਲ ਕਾਫੀ ਸਨੇਹ ਸੀ।

ਪਿੰਡ ਮਾਂਗੇ ਨੂੰ ਪ੍ਰਸਿੱਧ ਕਰਨ ਵਾਲੇ ਦੋ ਸਿੰਘ ਚਾਚਾ ਭਤੀਜਾ ਸਨ, ਲਾਲ ਸਿੰਘ ਗਿੱਲ ਅਤੇ ਸੰਤ ਫਤਹਿ ਸਿੰਘ ਮਾਂਗਾ। ਪਹਿਲੋਂ ਚਾਚੇ ਦੀ ਚਰਚਾ ਕਰ ਲਈਏ। ਲਾਲ ਸਿੰਘ ਗਿੱਲ, ਪੰਜਾਬ ਦੀ, ਹਾਕਮਾਂ ਤੋਂ ਨਾਬਰ ਪੀੜ੍ਹੀ ਦਾ ਤਰਜਮਾਨ ਸੀ। ਡਾਕੇ ਕਤਲਾਂ ਵਿੱਚ ਉਹਦਾ ਨਾਂ ਬੋਲਦਾ। ਪੁਲਿਸ ਕਪਤਾਨ ਅੰਗਰੇਜ਼ ਪਿੰਡ ਆਇਆ। ਲਾਲ ਸਿੰਘ ਨੂੰ ਕਹਿੰਦਾ "ਇਹ ਕੰਮ ਛੱਡ ਦੇ"। ਲਾਲ ਸਿੰਘ ਨੇ ਸਾਹਿਬ ਨੂੰ ਆਪਣੇ ਕੋਠੇ ਦੀ ਛੱਤ 'ਤੇ ਚੜ੍ਹਾ ਲਿਆ ਤੇ ਕਹਿੰਦਾ, "ਸਾਹਿਬ! ਨਿਗਾਹ ਮਾਰ! ਆਹ ਦੂਰ ਦੂਰ ਤੱਕ ਜੋ ਵੀਰਾਨ ਖੇਤ ਪਏ ਹਨ ਉਹ



Sri Satguru Jagjit Singh Ji eLibrary NamdhariElibrary@gmail.com

ਆਪਣੇ ਹੀ ਹਨ। ਹੈ ਕੋਈ ਫ਼ਸਲ ਦਾ ਤੀਲਾ। ਤੇ ਰੋਟੀ ਤੇ ਆਪਣਾ ਢਿੱਡ ਵੀ ਮੰਗਦਾ ਈ ਹੈ।" ਉਸ ਢੰਗ ਨਾਲ ਵਿਦੇਸ਼ੀ ਹਾਕਮ ਨੂੰ ਸਮਝਾ ਦਿੱਤਾ ਸੀ ਕਿ ਤੁਹਾਡੀ ਲੁੱਟ ਖਸੁੱਟ ਦੀ ਨੀਤੀ ਕਾਰਨ ਜੇ ਅਸੀਂ ਵਾਹੀ ਜੋਤੀ ਕਰ ਹੀ ਨਾ ਸਕੇ ਤਾਂ ਲੁਟਣੋਂ ਖੋਹਣੋਂ ਸਾਨੂੰ ਕੌਣ ਵਰਜੇਗਾ। ਬਾਗੀ ਇਸ ਤਰ੍ਹਾਂ ਹੀ ਬਣਦੇ ਹਨ। ਉਹ ਸੱਤ ਕੁ ਸਾਲ ਕਿਸੇ ਕੇਸ ਵਿੱਚ ਬੱਝ ਕੇ ਜੇਲ੍ਹ ਵਿੱਚ ਗਿਆ ਸੀ ਤੇ ਫਿਰ ਅੰਦਰਲੇ ਕਰਤੱਬਾਂ ਸਦਕਾ 20-25 ਵਰ੍ਹੇ ਜੇਲ੍ਹ ਵਿੱਚ ਹੀ ਰਿਹਾ। ਕਹਿੰਦੇ ਹਨ ਕਿ ਉਸ ਦੀ ਮੰਗੇਤਰ ਵੀ ਵੀਹ ਵਰ੍ਹੇ ਪੇਕਿਆਂ ਦੇ ਘਰ ਹੀ ਬੈਠੀ ਰਹੀ ਸੀ। ਜੇਲ੍ਹ ਵਿੱਚ ਸਿੱਖ ਕੈਦੀਆਂ ਨੂੰ ਪੱਗਾਂ ਦੁਆਏ ਜਾਣ ਦੇ ਜੇਤੂ ਮੋਰਚੇ ਵਿੱਚ ਲਾਲ ਸਿੰਘ ਗਿੱਲ ਦਾ ਜ਼ਿਕਰ ਆਉਂਦਾ ਹੈ। ਉਸਦਾ ਇਕ ਹੋਰ ਪ੍ਰਸਿੱਧੀ ਵਾਲਾ ਕਾਰਾ ਸੀ, ਪਠਾਣ ਕੈਦੀਆਂ ਨੂੰ ਅਟਕ ਤੋਂ ਪਿਛਾਂਹ ਦੀਆਂ ਜੇਲ੍ਹਾਂ ਵਿੱਚ ਹੀ ਰੱਖਣ ਦਾ ਕਾਇਦਾ ਬਣਵਾਉਣਾ। ਇਹ ਪਠਾਣ ਕੈਦੀ ਮੁੰਡੇਬਾਜ਼ੀ ਲਈ ਬਦਨਾਮ ਸਨ। ਡਰਦਾ ਕੋਈ ਉਨ੍ਹਾਂ ਅੱਗੇ ਕੁਸਕਦਾ ਨਹੀਂ ਸੀ। ਗਿੱਲ ਨੇ ਇਕ ਦਿਨ ਲਾਹੌਰ ਜੇਲ੍ਹ ਵਿੱਚ ਬਾਲਣ ਲੈਣ ਗਏ ਕੈਦੀਆਂ ਨੂੰ ਸਵਾ ਸਵਾ ਹੱਥ ਦੇ ਮੁਤਿਹਰੇ, ਰੁੱਖਾਂ ਨਾਲੋਂ ਵੱਢ ਕੇ ਬਾਲਣ ਵਿੱਚ ਲੁਕਾ ਕੇ ਲਿਆਉਣ ਲਈ ਕਹਿ ਦਿੱਤਾ। ਜਦੋਂ ਹਾਜ਼ਰੀ ਲਈ ਕੈਦੀ ਇਕੱਠੇ ਹੁੰਦੇ ਸੀ, ਇਕੋ ਵਢਿਉਂ ਪਠਾਣ ਕੈਦੀਆਂ 'ਤੇ ਹੱਲਾ ਬੋਲ ਦਿੱਤਾ ਅਤੇ ਪੂਰੀ ਗਿੱਦੜ ਕੁੱਟ ਕੀਤੀ। ਤਾਰਾਂ ਖੜਕ ਗਈਆਂ। ਲਾਲ ਸਿੰਘ ਚੱਕੀ ਬੰਦ ਪਰ ਪਠਾਣ ਸਭ ਇਧਰਲੀਆਂ ਜੇਲ੍ਹਾਂ ਖਾਲੀ ਕਰ ਗਏ। ਜੇਲ੍ਹ ਦਰੋਗਾ ਬੜਾ ਤੰਗ ਕਿ ਲਾਲ ਸਿੰਘ ਕੋਈ ਵੀ ਕੰਮ ਨਹੀਂ ਕਰਦਾ। ਸਜਾ ਪੂਰੀ ਨਹੀਂ ਕਰਦਾ। ਸਿਆਲ ਵਿੱਚ ਵੀ ਕਛਿਹਰੇ ਪਰਨੇ ਵਿੱਚ ਹੀ ਨੰਗੇ ਪਿੰਡੇ ਬਹਿ ਕੇ ਸਾਰਾ ਦਿਨ ਸਾਰੀ ਰਾਤ ਬਾਣੀ ਪੜ੍ਹਦਾ ਰਹਿੰਦਾ ਹੈ। ਇਕ ਉੱਚ ਅਧਿਕਾਰੀ ਦੀ ਮੇਮ ਨੇ ਕਿਹਾ, "ਮੈ ਲਾਲ ਸਿੰਘ ਨੂੰ ਕੰਮੇ ਲਾਵਾਂਗੀ।"

ਟੋਕਰੇ ਲੱਡੂਆਂ ਵਰਗੇ ਗੁੜ ਦੇ ਭਰ ਲਏ। ਹਾਜ਼ਰੀ ਵੇਲੇ ਮੇਮ ਪਹੁੰਚ ਗਈ ਤੇ ਕਹਿਣ ਲੱਗੀ, "ਵੈੱਲ ਜੁਆਨ! ਲਾਲ ਸਿੰਘ ਯੇਹ ਗੁੜ ਕੈਦੀਉਂ ਕੋ ਬਾਂਟ ਦੇ।" ਲਾਲ ਸਿੰਘ ਉੱਠਿਆ ਦੋ ਪੇਸੀਆਂ ਗੁੜ ਦੀਆਂ ਟੋਕਰੇ ਵਿੱਚੋਂ ਚੁੱਕੀਆਂ ਤੇ ਕਹਿੰਦਾ ਕਿ ਮੈਂ ਤਾਂ ਆਪਣੀ ਲੋੜ ਜੋਗਾ ਲੈ ਲਿਆ ਏ ਹੁਣ ਤੇਰਾ ਜਿਹਨੂੰ ਜੀ ਕਰਦਾ ਏ ਵੰਡ ਦੇ। ਲਾਲ ਸਿੰਘ ਗਿੱਲ ਵਿੱਚ ਵੀ ਦੁੱਲੇ ਭੱਟੀ ਤੇ ਅਹਿਮਦ ਖਰਲ ਦੀ ਰੂਹ ਦਾ ਵਾਸ ਸੀ। ਸਥਾਪਤੀ ਨਾਲ ਆਢਾ ਲਾਉਣ ਵਾਲਾ ਅਲਬੇਲਾ ਪੰਜਾਬੀ।

ਹੁਣ ਭਤੀਜੇ ਦੀ ਸੁਣੋ, ਸੰਤ ਫਤਹਿ ਸਿੰਘ ਮਾਂਗਾ ਨਾਮਧਾਰੀਆਂ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਪ੍ਰਸਿੱਧ ਪ੍ਰਚਾਰਕ। ਇਹ ਸਮਾਂ ਸੀ ਸ਼ਬਦ ਗੁਰੂ ਅਤੇ ਦੇਹਧਾਰੀ ਗੁਰੂ ਦੇ ਕੇਂਦਰੀ ਬਿੰਦੂ 'ਤੇ ਕੂਕਿਆਂ ਅਤੇ ਉਹਨਾਂ ਦੇ ਵਿਰੋਧੀਆਂ ਵਿਚਾਲੇ ਤਿੱਖੀਆਂ ਬਹਿਸਾਂ ਦਾ ਸਮਾਂ। ਆਪਣੇ ਪੱਖ ਨੂੰ ਫਤਹਿ ਸਿੰਘ ਇਸ ਸੁਚੱਜੇ ਢੰਗ ਨਾਲ ਜਟਕੇ ਟੋਟਕਿਆਂ ਦੀ ਮਦਦ ਨਾਲ ਸਿੱਧ ਕਰੇ ਕਿ ਸੁਣਨ ਵਾਲੇ ਸਿਰ ਧੁਣਦੇ ਰਹਿ ਜਾਣ। ਮਿਸਾਲ ਦੇ ਤੌਰ 'ਤੇ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸਿੰਘ ਕੜਾਹ ਪ੍ਰਸ਼ਾਦ ਆਉਣ 'ਤੇ ਦੀਵਾਨ ਵਿੱਚ ਖੜ੍ਹੇ ਕਿਉਂ ਹੋ ਜਾਂਦੇ ਹਨ? ਸ਼ੰਕਾਵਾਦੀ ਨੂੰ ਫਤਹਿ ਸਿੰਘ ਇਕੋ ਗੱਲ ਨਾਲ ਹੀ ਚੁੱਪ ਕਰਾ ਦਿੰਦਾ, "ਓ ਭਾਈਆ! ਜਦੋਂ ਮਾਲਕ ਖੁਰਲੀ ਵਿੱਚ ਪਾਉਣ ਲਈ ਪੱਠੇ ਲੈ ਕੇ ਆਉਂਦਾ ਹੈ ਡੰਗਰ ਵੀ ਉੱਠ ਕੇ ਖਲੋ ਜਾਂਦੇ ਹਨ। ਤੂੰ ਤਾਂ ਫਿਰ ਬੰਦਾ ਏ।" ਵਹਿਮ ਪ੍ਰਸਤੀ ਦਾ ਖੰਡਨ ਕਰਨ ਵਿੱਚ ਵੀ ਕਦੇ ਨਾ ਉਕਦੇ। ਦੀਵਾਨਾਂ ਵਿੱਚ ਸੁਣਾਉਂਦੇ "ਮੈਨੂੰ ਮੇਰੀ ਚਾਚੀ ਆਂਹਦੀ, ਫਤੇਹ ਸਿੰਹਾ ਮੇਰੇ ਬਾਲ ਕੋਈ ਨਹੀਂ ਹੁੰਦਾ ਜੇ ਫਲਾਣੇ ਪੀਰ ਤੋਂ ਮੈਨੂੰ ਧਾਗਾ ਲਿਆ ਦੇਵੇ ਤਾਂ ਖਵਰੇ ਕੰਮ ਬਣ ਜਾਵੇ।" ਮੈਂ ਚਾਚੀ ਨੂੰ ਫੜਿਆ ਗੁੱਤੋਂ ਤੇ ਲੈ ਗਿਆ ਤੂੜੀ ਵਾਲੇ ਕੋਠੇ 'ਚ। ਮੈਂ ਆਖਿਆ "ਚਾਚੀ ਗਿਣ ਲੈ ਇਸ ਕੁੱਤੀ ਦੇ ਕਤੂਰੇ। ਪੂਰੇ ਛੀ ਨੇ। ਦੱਸ ਇਹਨੇ ਕਿਹੜੇ ਪੀਰ ਤੋਂ ਧਾਗਾ ਕਰਾਇਆ ਏ?" ਉਹਨਾਂ ਦੇ ਜਥੇ ਵਿੱਚ ਜ਼ਿਲ੍ਹੇ ਲਾਹੌਰ ਦੇ ਪਿੰਡਾਂ ਦੇ ਵੀਹ ਪੰਝੀ ਸਿੰਘ ਹੁੰਦੇ ਸਨ। ਜੋ ਢੋਲਕੀ ਛੈਣਿਆਂ ਤੋਂ ਬਿਨਾਂ ਲੋੜ ਪੈਣ 'ਤੇ ਸੋਟੇ ਵੀ ਚੰਗੇ ਵਾਹ ਲੈਂਦੇ ਸਨ। ਸੋਹਣ ਸਿੰਘ 'ਸੀਤਲ' ਆਪਣੀ ਆਤਮ ਕਥਾ ਵਿੱਚ ਸੰਤ ਫਤਹਿ ਸਿੰਘ ਦੀ ਸ਼ਖਸੀਅਤ ਦਾ ਬੜਾ ਉੱਚ ਮੁਲੰਕਣ ਕਰਦੇ ਹਨ। ਮੈਂ ਉਦੋਂ ਸਤਵੀਂ ਜਮਾਤ ਵਿੱਚ ਪੜ੍ਹਦਾ ਸਾਂ ਜਦੋਂ ਸਾਡੇ ਪਿੰਡ ਕਰੀਵਾਲੇ ਆਏ ਤਾਂ ਇਕ ਦਿਨ ਸਾਡੇ ਘਰ ਵੀ ਬਾਪੂ ਜੀ ਉਨ੍ਹਾਂ ਨੂੰ ਪ੍ਰਸ਼ਾਦਾ ਵਰਜ ਕੇ ਲਿਆਏ। ਭਾਈ ਬਾਲੇ ਦੀ ਜਨਮਸਾਖੀ ਦੀ ਚਰਚਾ ਚੱਲੀ। ਕਹਿਣ ਲੱਗੇ ਜਨਮ ਸਾਖੀ ਦਾ ਕਰਤਾ ਕਉਡੇ ਰਾਖਸ਼ ਵਾਲੀ ਸਾਖੀ ਵਿੱਚ "ਤਪੜ ਕੜਾਹਾ ਠਾਰਿਆ" ਵਾਲਾ ਸ਼ਬਦ ਗੁਰੂ ਨਾਨਕ ਦਾ ਉਚਾਰਿਆ ਦੱਸਦਾ ਹੈ ਜਦੋਂਕਿ ਆਦਿ ਗ੍ਰੰਥ ਵਿੱਚ ਇਹ ਪੰਜਵੇਂ ਮਹੱਲੇ ਦਾ ਸ਼ਬਦ ਹੈ। ਇਉਂ ਉਹ ਤਰਕ ਬੁੱਧੀ ਦੀ ਜਾਗ ਲਾਇਆ ਕਰਦੇ ਸਨ। ਇਸੇ ਮਾਂਗੇ ਪਿੰਡ ਦਾ ਇਕ ਧਾਰਾ ਸਿੰਘ ਅਮਲੀ ਕੁਝ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਜ਼ੂਰੀ ਜੀਪ ਡਰਾਇਵਰ ਵੀ ਰਿਹਾ ਸੀ। ਉਹ ਲੋਹੇ ਦੇ ਇਕ ਗਲੋਟ ਜਹੇ ਨਾਲ ਸੰਗਲੀ ਬੰਨ੍ਹ ਕੇ ਲੱਕ ਨਾਲ ਬੰਨ੍ਹਦਾ ਹੁੰਦਾ ਸੀ। ਟਕਸਾਲੀ ਡਰਾਇਵਰਾਂ ਵਾਲਾ ਸੁਭਾਅ ਸੀ।

ਬੁੱਲ੍ਹੇ ਸ਼ਾਹ ਦੇ ਕਸੂਰ ਦੇ ਲਾਗੇ ਹੀ ਨਾਮਧਾਰੀਆਂ ਦਾ ਪ੍ਰਸਿੱਧ ਪਿੰਡ ਸਹਾਰੀ ਸੀ। ਇਨ੍ਹਾਂ ਦੇ ਵੱਡੇ ਮਿਸਲਾਂ ਵੇਲੇ ਕਾਲੋਕਿਆਂ ਤੋਂ ਉੱਠ ਕੇ ਆਏ ਵਿਰਕ ਹੀ ਸਨ। ਇਸ ਪਿੰਡ ਵਿੱਚ ਭਾਵੇਂ ਲਾਭ ਸਿੰਘ ਫੱਕਰ, ਵੱਸਣ ਸਿੰਘ, ਹਾਕਮ ਸਿੰਘ ਆਦਿ ਨਾਮਧਾਰੀ ਸਨ ਪਰ ਸਭ ਤੋਂ ਪ੍ਰਸਿੱਧ ਭਾਈ ਦਲੀਪ ਸਿੰਘ ਸੀ ਜੋ ਆਪਣੇ ਸਾਊ ਸੁਭਾਅ ਅਤੇ ਪੰਚਾਇਤੀ ਦਿੱਖ ਕਾਰਨ ਇਲਾਕੇ ਭਰ ਵਿੱਚ ਮਾਨਤਾ ਰੱਖਦਾ ਸੀ। ਸਤਿਗੁਰੂ ਜੀ ਦੇ ਘੋੜੇ ਜਦੋਂ ਲਾਹੌਰ ਹੁੰਦੇ ਤਾਂ ਉਹਨਾਂ ਵਾਸਤੇ ਕੋਠਿਆਂ ਦੇ ਕੋਠੇ ਸੁੱਕੇ ਘਾਹ ਦੇ ਭਰ ਛੱਡਦਾ ਸੀ। ਆਇਆ ਸਿੱਖ ਸਾਧ ਵੀ ਉਸ ਵੱਲ ਉਤਾਰਾ ਕਰਦਾ। 1929 ਦੇ ਕਾਂਗਰਸ ਇਜਲਾਸ ਵਿੱਚ ਲਾਹੌਰ ਜਲੂਸ ਲਈ ਭੇਜਣ ਵਾਲੇ ਜ਼ਿਆਦਾ ਘੋੜੇ, ਘੋੜੀਆਂ ਭਾਈ ਦਲੀਪ ਸਿੰਘ ਨੇ ਹੀ ਇਲਾਕੇ ਵਿੱਚੋਂ ਭੇਜੇ ਸਨ। ਮੇਰੇ ਬਾਪੂ ਜੀ ਨਾਲ ਚੰਗਾ ਪ੍ਰੇਮ ਸੀ। ਇਸੇ ਲਈ ਸਹਾਰੀ ਦਾ ਮਫ਼ਰੂਰ ਵਿਸਾਖਾ



Sri Satguru Jagjit Singh Ji eLibrary NamdhariElibrary@gmail.com

ਸਿੰਘ ਕਾਫੀ ਸਮਾਂ ਭੈਣੀ ਸਾਹਿਬ ਡੇਰੇ ਵਿੱਚ ਰਹਿੰਦਾ ਰਿਹਾ ਸੀ। ਕੁਝ ਕੇਸਾਂ ਵਿੱਚ ਜਦੋਂ ਉਸ ਦੇ ਨਾਲ ਦੇ ਫੜ੍ਹੇ ਗਏ ਤਾਂ ਉਸ ਕਿਹਾ ਕਿ ਹੁਣ ਜਦੋਂ ਉਹਨਾਂ ਦੇ ਗੱਸੇ ਪੈੜੇ ਵੱਟੇ ਜਾ ਚੁੱਕੇ ਹਨ, ਮੈਂ ਬਾਹਰ ਰਹਵ੍ਹਾਂ ਇਹ ਚੰਗਾ ਨਹੀਂ। "ਹਮੂੰ ਯਾਰਾ ਦੋਜ਼ਖ ਹਮੂੰ ਯਾਰਾ ਬਹਿਸ਼ਤ।" ਤੇ ਉਹ ਵੀ ਫਾਹੇ ਲੱਗ ਗਿਆ ਪੇਸ਼ ਹੋਣ ਬਾਅਦ। ਭਾਈ ਦਲੀਪ ਸਿੰਘ ਹੋਰਾਂ ਦਾ ਜਿਆਦਾ ਪਰਿਵਾਰ ਹੁਣ ਮੇਰੇ ਪਿੰਡ ਹੀ ਰਹਿੰਦਾ ਹੈ। ਉਨ੍ਹਾਂ ਦੇ ਇਕ ਪੁੱਤਰ ਚੰਨਣ ਸਿੰਘ ਉਰਫ ਅੜਬੰਗਾ ਸਿੰਘ ਸਾਡੇ ਪਿੰਡ ਦੇ ਚਰਚਿਤ ਵਿਅਕਤੀ ਹਨ ਅਤੇ ਦੋ ਪੋਤਰੇ ਕਾ. ਬਲਰਾਜ ਸਿੰਘ ਤੇ ਮੋਤਾ ਸਿੰਘ* ਵੀ ਉੱਘੇ ਪਾਰਟੀ ਵਰਕਰ ਹਨ ਅਤੇ ਲੋਕ ਸੇਵਾ ਦੀ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਸਹਾਰੀ ਦਾ ਹੀ ਧਾਰਾ ਸਿੰਘ ਉਰਫ ਫੂਲਾ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਕੁੰਦਨ ਸਿੰਘ ਨੱਕਈ ਅਤੇ ਖ਼ਤਾਂ, ਪੱਤਰਾਂ, ਰਿਸਾਲਿਆਂ ਤੇ ਪੋਥੀਆਂ ਦੇ ਤਬਾਦਲੇ ਦੁਆਰਾ ਪੂਰਬੀ ਤੇ ਪੱਛਮੀ ਪੰਜਾਬ ਵਿੱਚ ਪੁਲ ਬਣਨ ਵਾਲੇ ਕਾਮਰੇਡ ਚੰਨਣ ਸਿੰਘ ਵਿਰਕ ਦਾ ਪਿਤਾ ਸੀ। ਸਹਾਰੀ ਦਾ ਬਾਵਾ ਤੇਜ ਭਾਨ ਸ਼ਾਇਰ ਵੀ ਸੀ ਜਿਸਨੇ ਆਪਣੇ ਭਰਾ ਹਰਿਭਾਨ ਦੀ ਅਕਾਲ ਮਿਰਤੂ 'ਤੇ ਜੋ ਮਾਝਾਂ ਲਿਖੀਆਂ ਉਹ ਬਹੁਤ ਉੱਚ ਕੋਟੀ ਦਾ ਸਾਹਿਤ ਹੈ :-

ਖੁਲ੍ਹੀ ਬਾਰੀ ਵਿੱਚ ਚਾਮਟ ਪਈਆ,
ਮੇਰੇ ਸੱਜਣ ਦਿਸਦੇ ਨਾਹੀਂ।
ਆਹ ਸੱਜਣਾਂ ਦੀਆਂ ਲੇਫ਼ ਨਿਹਾਲੀਆਂ,
ਆਹ ਸੱਜਣਾਂ ਦੀਆਂ ਥਾਈਂ।
ਅੱਗੇ ਤਾਂ ਸੱਜਣ ਪਲਕੀਂ ਮਿਲਦੇ,
ਹੁਣ ਸੁਪਨੇ ਵਿੱਚ ਵੀ ਨਾਹੀਂ।
'ਤੇਜ ਭਾਨ' ਉਹਨਾਂ ਵੱਤ ਨਹੀਂ ਆਉਣਾ
ਨਿੱਤ ਨਹੀਂ ਜਣਦੀਆਂ ਮਾਈਂ।

ਜਮਸ਼ੇਰ, ਜੀਆ ਬੱਗਾ, ਨੱਥੋ ਕੇ ਨਥੇਹ, ਤਲਵੰਡੀ, ਵਡਾਣਾ, ਧੰਦਾ, ਰੰਗੀਲ ਪੁਰ, ਜਨਜਾਤਾ, ਢਿੱਗ, ਪਾਜੀ ਅਤੇ ਵਡਾਣਾ, ਕਾਹਨਾ ਆਦਿ ਪਿੰਡਾਂ ਦੇ ਨਾਮਧਾਰੀ ਸਿੱਖ ਵੀ ਵੰਡ ਤੋਂ ਬਾਅਦ ਮੇਰੇ ਪਿੰਡ ਦੀ ਰੌਣਕ ਹਨ। ਜੀਏ ਬੱਗੇ ਦਾ ਪ੍ਰਸਿੱਧ ਕਵੀ ਤਾਂ ਗੋਧਾ ਸਿੰਘ 'ਜੱਟ'ਹੋਇਆ ਹੈ। ਜੋ ਪੰਜਾਬੀ ਕੁੰਡਲੀਏ ਦਾ ਸਿਰਤਾਜ ਹੋ ਨਿਬੜਿਆ ਹੈ ਅਤੇ ਕਿਸਾਨ ਅੰਦੋਲਨ ਵਿੱਚ ਬਹੁਤ ਸਰਗਰਮ ਸੀ। ਇਕ ਹੋਰ ਕਵੀ ਸੰਤੋਖ ਸਿੰਘ ਨੇ ਲਾਹੌਰ ਦੇ ਪਿੰਡਾਂ ਦੇ ਨਾਂ ਪ੍ਰਮਾਰਥ ਦੇ ਰੰਗ ਵਿੱਚ ਵਰਤ ਕੇ ਕਬਿੱਤ ਰਚੇ ਸਨ :-

ਵੇਖਿਆ ਜਾਂ 'ਜੀਆ ਬੱਗਾ' 'ਖੁਦ ਪੁਰੇ' ਨੂੰ ਹੌਲ ਪਿਆ,
ਅੱਛੀ ਸੀ ਜ਼ਮੀਨ ਦਰਿਆਉ ਭਾਵੇਂ ਢਾਈ ਆ।



Sri Satguru Jagjit Singh Ji eLibrary NamdhariElibrary@gmail.com

'ਸੁੰਦਰ' 'ਰੰਗੀਲ ਪੁਰ' 'ਨੂਰ ਪੁਰ' ਰਹੇ ਨਾਂਹੀ,
ਡਿੱਗੇ 'ਨਵਾਂ ਕੋਟ' ਤਾਹੀਉਂ ਪੂਰੀ ਜਾਏ--'ਖਾਈ' ਆ।

---

"ਗੱਗੇ ਨੂੰ ਚਿਤਾਰ ਰੋਜ਼ ਰਹਿਣਾ ਨਹੀਂ ਹਮੇਸ਼ 'ਗੋਹੜ'
ਕਹਿਤ ਸੰਤੋਖ ਸਿੰਘ ਸਮਝ ਖ਼ੁਦਾਈ ਆ।

ਇਸੇ ਜ਼ਿਲ੍ਹੇ ਦਾ ਪਿੰਡ 'ਕਾਹਨਾ ਕਾਛਾ' ਜਿੱਥੇ ਭਾਈ ਜਮੀਅਤ ਸਿੰਘ ਨਿਵਾਸ ਰੱਖਦੇ ਸਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿੱਚੋਂ ਮਿਲੇ ਢਾਈ ਸਿੱਖਾਂ ਵਿੱਚੋਂ ਪੂਰੇ ਇਕ ਸਿੱਖ, ਸਤਿਗੁਰੂ ਰਾਮ ਸਿੰਘ ਜੀ ਨੇ ਗਿਣਿਆ ਸੀ। ਇਸੇ ਪਿੰਡ ਦਾ ਜੰਮਪਲ ਇੰਦਰਜੀਤ ਸਿੰਘ 'ਤੁਲਸੀ' ਮਾਝੇ ਦੇ ਇਨ੍ਹਾਂ ਪਿੰਡਾਂ ਦਾ ਜ਼ਿਕਰ ਆਪਣੇ ਦਸਮ ਗੁਰੂ ਜੀ ਬਾਰੇ ਮਹਾਂਕਾਵਿ ਵਿੱਚ ਇਉਂ ਕਰਦਾ ਹੈ :-

ਧਰਤੀ ਦੇ ਨੇ ਖੁੱਲ੍ਹਦੇ ਮਾਝੇ ਵਿੱਚ ਮੁਸਾਮ।
ਸੁਬਹਾ ਸੰਧੂਰੀ ਜਿਸ ਜਗ੍ਹਾ ਸ਼ਿੰਗਰਫ ਵਰਗੀ ਸ਼ਾਮ।

'ਰਾਜੇ ਜੰਗ' ਵੀ ਇਥੇ ਰੇਲਵੇ ਸਟੇਸ਼ਨ 'ਤੇ ਵੱਡਾ ਪਿੰਡ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇੱਥੋਂ ਦਾ ਕੇਸਰ ਸਿੰਘ ਸੂਬਾ ਥਾਪਿਆ ਸੀ। ਇਸੇ ਕੇਸਰ ਸਿੰਘ ਤੋਂ ਸਤਿਗੁਰੂ ਜੀ ਦੇ 1928 ਬਿਕ੍ਰਮੀ ਦੇ ਆਨੰਦਪੁਰ ਹੋਲੇ 'ਤੇ ਜਾਣ ਦਾ ਪ੍ਰਸੰਗ ਭਾਈ ਧਿਆਨ ਸਿੰਘ ਕਾਦਰਾਬਾਦੀ ਨੇ ਸੁਣਿਆ ਸੀ। ਇੱਥੋਂ ਦੇ ਥਾਣੇਦਾਰ ਹਰਸਾ ਸਿੰਘ ਦਾ ਪੁੱਤਰ ਸ੍ਰ. ਅਨੂਪ ਸਿੰਘ ਸੰਧੂ ਕੂਕਾ ਬਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਸ਼ਵਾਸ ਪਾਤਰਾਂ ਵਿੱਚੋਂ ਸੀ ਅਤੇ ਪੁਲੀਸ ਕਪਤਾਨ ਹੁੰਦਿਆਂ ਆਪਣੇ ਚਿੱਟੇ ਕਪੜਿਆਂ 'ਤੇ ਕੋਈ ਦਾਗ ਨਹੀਂ ਲੱਗਣ ਦਿੱਤਾ।

ਲਾਹੌਰ ਜ਼ਿਲ੍ਹੇ ਦੀਆਂ ਯਾਦਾਂ ਦਾ ਜ਼ਿਕਰ ਅਧੂਰਾ ਰਹਿ ਜਾਏਗਾ ਜੇ ਮੈ ਆਪਣੇ ਗੁਆਂਢੀ ਭਗਵਾਨ ਸਿੰਘ ਚੱਠੇ ਦੇ ਪਿੰਡ "ਚੱਠਿਆਂ ਵਾਲੇ" ਦਾ ਜ਼ਿਕਰ ਨਾ ਕਰਾਂ। ਉਸ ਪਿੰਡ ਵਿੱਚ ਜਥੇਦਾਰ ਹਜ਼ਾਰਾ ਸਿੰਘ ਚੱਠਾ ਹੋਏ ਹਨ ਜੋ ਭਗਵਾਨ ਸਿੰਘ ਹੋਰਾਂ ਦੇ ਪਿਤਾ ਸਨ ਅਤੇ 1955 ਈ.ਵਿੱਚ ਬਾਪੂ ਜੀ ਵੱਲੋਂ ਭੈਣੀ ਸਾਹਿਬ ਡੇਰੇ ਦੀ ਮੁਖਤਿਆਰੀ ਛੱਡਣ ਬਾਅਦ ਉਹ ਉੱਥੇ ਮੁਖਤਿਆਰ ਬਣੇ ਸਨ। ਭਗਵਾਨ ਸਿੰਘ ਨੂੰ ਛੋਟੀ ਉਮਰ ਵਿੱਚ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦੀ ਸੇਵਾ ਵਿੱਚ ਲਾਇਆ ਗਿਆ। ਉਹ ਕਹਿੰਦਾ ਹੈ ਕਿ ਮੈਂ ਸੰਤ ਜੀ ਤੋਂ ਬਹੁਤ ਕੁਝ ਸਿੱਖਿਆ ਹੈ। ਭਗਵਾਨ ਸਿੰਘ ਵਿੱਚ ਵਾਕਪਟੁਤਾ ਦਾ ਗੁਣ ਹੈ। ਜਿਸਨੂੰ ਹਾਜ਼ਰ ਜੁਆਬੀ ਕਹਿੰਦੇ ਹਨ। ਇਹ ਗੁਣ ਤੇ ਵਾਕਿਆ ਈ ਅਰਸ਼ੀ ਫਰਿਸ਼ਤਿਆਂ ਦੀ ਸੰਗਤ ਵਿੱਚੋਂ ਮਿਲ ਸਕਦਾ ਸੀ "ਚੱਠਿਆਂ ਵਾਲੀ" ਦਾ ਇਕ ਗੁਲਾਬ ਦਾਸ ਨਾਂ ਦਾ ਸਾਧ ਵੀ ਹੋਇਆ ਹੈ। ਜਿਸਨੇ ਗੁਲਾਬ ਦਾਸੀ ਸੰਪ੍ਰਦਾਇ ਤੋਰੀ ਹੈ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਹਾਰਕ



Sri Satguru Jagjit Singh Ji eLibrary NamdhariElibrary@gmail.com

ਹੈ। ਉਨ੍ਹਾਂ ਦੀ ਬਾਣੀ ਦਾ ਨਮੂਨਾ ਇਹ ਹੈ :-

**ਪੁੱਤ ਪਤੇਲੇ ਦੇਣ ਧਕੇਲੇ,**
**ਇਹ ਭੜੂਆ ਨਾ ਮੂਆ ਰੇ**
**ਦਾਸ ਗੁਲਾਬ ਠੱਗਾਂ ਦੀ ਯਾਰੀ,**
**ਊਤ ਗਿਆ ਸਭ ਸੂਆ ਰੇ।**

ਲਾਹੌਰ ਦੇ ਵੱਡੇ ਸਟੇਸ਼ਨ 'ਤੇ ਗੱਡੀ ਪੌਣਾ ਕੁ ਘੰਟਾ ਰੁਕੀ ਅਤੇ ਫਿਰ ਵਾਘੇ ਤੋਂ ਪਹਿਲੀ ਗੱਡੀ ਦੇ ਕਲੀਅਰ ਹੋਣ ਦੀ ਉਡੀਕ ਵਿੱਚ ਸਾਡੀ ਗੱਡੀ ਜੱਲੋ ਦੇ ਸਟੇਸ਼ਨ 'ਤੇ ਕੋਈ ਦੋ ਘੰਟੇ ਰੁਕੀ ਰਹੀ। ਇਹ ਸੰਧੂ ਜੱਟਾਂ ਦਾ ਪਿੰਡ ਸੀ। ਇਕ ਮੁਸਲਮਾਨ ਚੌਧਰੀ ਨਾਲ ਸਟੇਸ਼ਨ ਮਾਸਟਰ ਦੇ ਦਫ਼ਤਰ ਵਿੱਚ ਮੁਲਾਕਾਤ ਹੋਈ। ਉਸ ਦੱਸਿਆ ਕਿ ਪਾਕਿਸਤਾਨ ਵਿੱਚ ਅਸੀਂ ਜਿੰਨੇ ਵੀ ਮੁਸਲਮਾਨ ਜੱਟ ਹਾਂ ਉਨ੍ਹਾਂ ਦੇ ਵੱਡੇ ਵਡੇਰੇ ਸਿੱਖ ਹੀ ਸਨ। ਸ਼ਾਇਦ ਲਾਹੌਰ ਅਤੇ ਲਾਗੇ-ਚਾਗੇ ਦੇ ਇਲਾਕੇ ਦੇ ਭਾਈਚਾਰੇ 'ਤੇ ਇਹ ਗੱਲ ਲਾਗੂ ਹੁੰਦੀ ਹੋਵੇ ਸਾਰਿਆਂ 'ਤੇ ਸ਼ਾਇਦ ਨਹੀਂ। ਕਿਉਂ ਜੁ ਰੋਜ਼-ਰੋਜ਼ ਦੀਆਂ ਅਠਾਰਵੀਂ ਸਦੀ ਦੀਆਂ ਸਖ਼ਤਾਈਆਂ ਝੱਲਣ ਤੋਂ ਅਸਮਰੱਥ ਕੁਝ ਲੋਕ ਇਸਲਾਮ ਵਿੱਚ ਆ ਗਏ ਹੋਣ ਜਾਂ ਮਿਸਲਾਂ ਵੇਲੇ ਜ਼ਮੀਨਾਂ ਮੱਲਣ ਲਈ ਸਿੱਖ ਬਣ ਗਏ ਹੋਣ। ਜਿਵੇਂ 1947 ਈ. ਵਿੱਚ ਵੀ ਕਈ ਵੱਡੀਆਂ ਮਿਸਲਾਂ ਵਾਲੇ ਦੀਨ ਕਬੂਲ ਕੇ ਉਧਰ ਰਹਿ ਗਏ ਸਨ। ਜੱਟ ਦੀ ਭੋਇੰ ਪ੍ਰਤੀ ਖਿੱਚ ਕਿਸੇ ਤੋਂ ਛੁਪੀ ਨਹੀਂ ਹੁੰਦੀ। ਕੁਝ ਸਮੇਂ ਪਹਿਲਾਂ ਪੱਛਮੀ ਪੰਜਾਬ ਦਾ ਇਕ ਮੁੱਖ ਮੰਤਰੀ ਬਣਿਆ ਸੀ ਜਿਸਦੇ ਵਡੇਰੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੀ ਸਿੱਖੀ ਨੂੰ ਅਲਵਿਦਾ ਕਹਿ ਕੇ ਇਸਲਾਮ ਦੀ ਸ਼ਰਨ ਵਿੱਚ ਆਏ ਸਨ।

ਸਰਹੱਦ ਵਾਲੇ ਖੇਤਾਂ ਵਿੱਚ ਪਾਕਿਸਤਾਨੀ ਬੀਬੀਆਂ ਦੇਸੀ ਕਪਾਹ ਦੀ ਚੁਗਾਈ ਕਰ ਰਹੀਆਂ ਸਨ। ਵਾਘੇ ਤੋਂ ਚੱਲ ਕੇ ਸਾਡੀ ਗੱਡੀ ਨੋ ਮੈਨਜ਼ ਲੈਂਡ ਦੇ ਪਾਸ ਤਕਰੀਬਨ ਇਕ ਘੰਟਾ ਖਲੋਤੀ ਰਹੀ। ਇਸ ਸਮੇਂ ਦੀ ਵਰਤੋਂ ਬੀ.ਐਸ.ਐਫ. ਵਾਲਿਆਂ ਦੇ ਕਹਿਣ 'ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਚਿੱਤਰਾਂ ਵਾਲੇ ਕੈਲੰਡਰ ਅਤੇ ਹੋਰ ਖ਼ਾਲਿਸਤਾਨੀ ਸਾਹਿਤ ਗੱਡੀ ਦੀਆਂ ਬਾਰੀਆਂ ਵਿੱਚੋਂ ਬਾਹਰ ਸੁੱਟਣ ਲਈ ਕੀਤੀ ਗਈ, ਕਿਉਂ ਜੁ ਉਨ੍ਹਾਂ ਦੇ ਮੁਤਾਬਿਕ ਅਜਿਹੇ ਸਾਹਿਤ ਦੇ ਫੜੇ ਜਾਣ 'ਤੇ ਅਟਾਰੀ ਵਿਖੇ ਤੁਹਾਡੇ 'ਤੇ ਮੁਕਦਮਾ ਬਣਾਇਆ ਜਾ ਸਕਦਾ ਹੈ।

ਚਾਰ ਕੁ ਵਜੇ ਸ਼ਾਮ ਅਸੀਂ ਅਟਾਰੀ ਸਟੇਸ਼ਨ 'ਤੇ ਪੁੱਜ ਗਏ। ਹੁਣ ਕਸਟਮ ਵਾਲਿਆਂ ਤੋਂ ਨਿਪਟਣ ਦੀ ਕਾਹਲ ਸੀ। ਹੁਣ ਗੁੱਸਾ ਆ ਰਿਹਾ ਸੀ, ਆਪਣੇ ਆਪ 'ਤੇ- ਲੋੜ ਤੋਂ ਵਧ ਸ਼ੈਆਂ ਆਪਣੀਆਂ ਤੇ ਮਿੱਤਰਾਂ ਦੀਆਂ ਚੁੱਕਣ ਕਰਕੇ। ਪਰ ਇਕ ਇੰਸਪੈਕਟਰ ਕਾ. ਸਤਪਾਲ ਡਾਂਗ ਦੇ ਲਾਗੇ ਰਹਿੰਦਾ ਸੀ। ਜਿਵੇਂ ਸੰਤ ਸਿੰਘ ਸੇਖੋਂ ਆਪਣੀ ਕਹਾਣੀ 'ਪੇਮੀ ਦੇ ਨਿਆਣੇ'



Sri Satguru Jagjit Singh Ji eLibrary NamdhariElibrary@gmail.com

ਵਿੱਚ ਆਪਣੀ ਮਾਤਾ ਪੇਮੀ ਦਾ ਨਾਂ ਲੈ ਕੇ ਰਾਸ਼ਿਆ ਤੋਂ ਬਚ ਕੇ ਲੰਘ ਜਾਂਦੇ ਹਨ, ਇਵੇਂ ਹੀ ਸਾਡੇ ਲਈ ਕਾ. ਕਾਮਰੇਡ ਡਾਂਗ ਹੋਰਾਂ ਦੇ ਨਾਂ ਨੇ ਇਸ ਕਸਟਮ ਰੂਪੀ ਵੈਤਰਨੀ ਨੂੰ ਪਾਰ ਕਰਨ ਵਿੱਚ ਮਦਦ ਕੀਤੀ। ਜਦੋਂ ਅਸੀਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਪੁੱਜੇ ਤਾਂ ਰਾਤ ਦੇ ਅੱਠ ਵਜ ਚੁੱਕੇ ਸਨ। ਬਾਬਾ ਕਰਤਾਰ ਸਿੰਘ ਦੇਊ ਅਤੇ ਅਸਪਾਲ ਇਥੋਂ ਹੀ ਨਿੱਖੜ ਗਏ। ਬਾਕੀ ਸੱਤ ਪੁਰਾਣੇ ਜਣੇ ਤੇ ਕੁਝ ਹੋਰ ਸਾਥੀਆਂ ਨੇ ਇਕ ਵੈਨ ਲਈ ਅਤੇ 9 ਅਕਤੂਬਰ ਦੀ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਹੀ ਅਸੀਂ ਆਪੋ ਆਪਣੇ ਪਿੰਡਾਂ ਵਿੱਚ ਪੁੱਜ ਗਏ।

ਹੁਣ ਮੈਂ ਇਹ ਸੋਚ ਰਿਹਾਂ ਕਿ ਪਾਕਿਸਤਾਨ ਯਾਤਰਾ ਦਾ ਜਦੋਂ ਵੀ ਮੌਕਾ ਮਿਲੇ, ਖੁੰਝਾਉਣਾ ਨਹੀਂ ਚਾਹੀਦਾ, ਇਸ ਲਈ ਮੈਂ ਆਪਣੇ ਮਨ ਵਿੱਚ ਹੀ ਮੌਜੀ ਸਾਹਿਬ ਦਾ, ਮੈਨੂੰ ਉੱਦਮ ਦੇਣ ਲਈ ਧੰਨਵਾਦ ਕੀਤਾ। ਦੋਹਾਂ ਮੁਲਕਾਂ ਵਿੱਚ ਆਪਸੀ ਸਾਂਝ ਦੀਆਂ ਕੜੀਆਂ ਏਨੀਆਂ ਮਜ਼ਬੂਤ ਹਨ ਕਿ ਪ੍ਰਮਾਣੂ ਧਮਾਕਿਆਂ ਦੀ ਧਮਕ ਨਾਲ ਵੀ ਨਹੀਂ ਤੋੜੀਆਂ ਜਾ ਸਕਦੀਆਂ। ਦੋਹਾਂ ਮੁਲਕਾਂ ਦੇ ਲੋਕਾਂ ਨੂੰ ਆਪਣੇ ਸਾਂਝੇ ਦੁਸ਼ਮਣ ਭੁੱਖ ਨੰਗ ਵਿਰੁੱਧ ਹੀ ਲੜਨਾ ਬਣਦਾ ਹੈ। ਹਬੀਬ 'ਜਾਲਿਬ' ਦੀਆਂ ਦੋਸਤੀ ਨੂੰ ਸਮਰਪਿਤ ਸਤਰਾਂ ਨਾਲ ਮੈਂ ਆਪਣਾ ਯਾਤਰਾ ਬਿਰਤਾਂਤ ਮੁਕਾਉਂਦਾ ਹਾਂ :-

ਆਖਰੀ ਰਾਤ ਹੈ ਸਰ ਨਾ ਝੁਕਾਨਾ ਲੋਗੋ।
ਹੁਸਨੇ ਅਦਰਾਕ ਕੀ ਸ਼ਮ੍ਹੇਂ ਨਾ ਬੁਝਾਨਾ ਲੋਗੋ।
ਇੰਤਹਾ ਜ਼ੁਲਮ ਕੀ ਹੋ ਜਾਏ, ਵਫਾ ਵਾਲੋਂ ਪਰ,
ਗੈਰ-ਮੁਮਕਿਨ ਹੈ ਮੁਹੱਬਤ ਕੋ ਮਿਟਾਨਾ ਲੋਗੋ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਫ਼ੋਨ (Phone) 0172 - 679920

ਸੰਤੋਖ ਸਿੰਘ ਧੀਰ

689, ਫ਼ੇਜ਼ - 10,
ਮੋਹਾਲੀ (ਚੰਡੀਗੜ੍ਹ) - 160 061

15-10-99

SANTOKH SINGH DHIR 689, PHASE-X, MOHALI (CHANDIGARH) - 160 061

ਪਿਆਰੇ ਸੁਵਰਨ ਸਿੰਘ ਵਿਰਕ ਜੀ,

ਬਹੁਤ [illegible] ਸਤਿਕਾਰ।

"ਵਰਿਆਮ" ਵਿਚ ਛਪਦੇ ਤੁਹਾਡੇ ਪੱਛਮੀ ਪੰਜਾਬ ਦੀ ਯਾਤਰਾ ਬਾਰੇ ਲੇਖ [illegible] ਮੇਰੇ ਵੱਲੋਂ ਮੁਬਾਰਕਬਾਦ ਕਬੂਲ ਕਰਨੀ।

ਮੈਂ ਤਾਂ ਤੁਹਾਨੂੰ [illegible]

ਇਕ ਵਾਰੀ ਫੇਰ ਮੁਬਾਰਕਬਾਦ।

ਤੁਹਾਡਾ :
ਸੰ. ਧੀਰ

**ਮਰਹੂਮ ਪੰਜਾਬੀ ਸਾਹਿਤਕਾਰ ਸੰਤੋਖ ਸਿੰਘ ਧੀਰ ਵੱਲੋਂ ਸੁਵਰਨ ਸਿੰਘ ਵਿਰਕ ਨੂੰ ਪਾਕਿਸਤਾਨੀ ਸਫਰਨਾਮੇ ਬਾਰੇ ਲਿਖਿਆ ਖ਼ਤ।**

**ਤਸਵੀਰ ਪ੍ਰਕਾਸ਼ਨ, ਸਿਰਸਾ**

Sri Satguru Jagjit Singh Ji eLibrary NamdhariElibrary@gmail.com